PAIGAM-E-JAGAT

# ਪੈਗ਼ਾਮ-ਏ-ਜਗਤ

Title code : CHAMUL00914 | E-mail : Info@paigamejagat.com | 20 ਤੋਂ 26 ਅਗਸਤ, 2026, ਸਾਲ-4, ਅੰਕ-3, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਉਡੀਕ ਕਰਨ ਵਾਲਿਆਂ ਨੂੰ ਉਹੀ ਮਿਲਦਾ ਹੈ ਜੋ ਕੋਸ਼ਿਸ਼ ਕਰਨ ਵਾਲੇ ਹਾਰ ਮੰਨ ਲੈਂਦੇ ਹਨ।

-ਡਾ. ਏ.ਪੀ.ਜੇ. ਅਬਦੁਲ ਕਲਾਮ

# ਅਮੇਜ਼ਨ ਨੇ ਰਾਮ ਮੰਦਰ ਦਾ ਪ੍ਰਸਾਦ ਦੱਸ ਕੇ ਵੇਚੀ ਮਿਠਾਈ !

- ਸੀਸੀਪੀਏ ਬੋਲਿਆ- ਇਹ ਠੱਗੀ, 1 ਲੱਖ ਜੁਰਮਾਨਾ ਲਗਾਇਆ; ਨੋਟਿਸ ਤੋਂ ਬਾਅਦ ਪਲੇਟਫਾਰਮ ਤੋਂ ਪ੍ਰੋਡਕਟ ਹਟਾਏ

ਅਯੋਧਿਆ, 19 ਅਗਸਤ (ਪੈਗ਼ਾਮ-ਏ-ਜਗਤ)

ਈ-ਕਾਮਰਸ ਪਲੇਟਫਾਰਮ ਅਮੇਜ਼ਨ 'ਤੇ ਅਯੋਧਿਆ ਦੇ ਰਾਮ ਮੰਦਰ ਦਾ ਪ੍ਰਸਾਦ ਦੱਸ ਕੇ 4 ਤਰ੍ਹਾਂ ਦੀਆਂ ਮਿਠਾਈਆਂ ਵੇਚੀਆਂ ਜਾ ਰਹੀਆਂ ਸਨ। ਕੇਂਦਰੀ ਉਪਭੋਗਤਾ ਸੁਰੱਖਿਆ ਅਥਾਰਟੀ ਨੇ ਅਮੇਜ਼ਨ 'ਤੇ 1 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਹ ਰਕਮ 15 ਦਿਨਾਂ ਦੇ ਅੰਦਰ ਅਥਾਰਟੀ ਕੋਲ ਜਮ੍ਹਾਂ ਕਰਵਾਉਣੀ ਪਵੇਗੀ।

ਨੋਟਿਸ ਮਿਲਦਿਆਂ ਹੀ ਅਮੇਜ਼ਨ ਨੇ ਇਹ ਪ੍ਰੋਡਕਟ ਆਪਣੇ ਪਲੇਟਫਾਰਮ ਤੋਂ ਹਟਾ ਦਿੱਤੇ ਹਨ।

ਅਥਾਰਟੀ ਨੇ ਇਹ ਵੀ ਕਿਹਾ ਕਿ ਕਿਸੇ ਆਮ ਮਿਠਾਈ ਨੂੰ ਰਾਮ ਮੰਦਰ ਦੇ ਪ੍ਰਸਾਦ ਵਜੋਂ ਵੇਚਣ ਨਾਲ ਕਰੋੜਾਂ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ।

ਪ੍ਰਸਾਦ ਦੱਸ ਕੇ ਘਿਓ ਦੇ ਲੱਡੂ, ਖੋਏ ਦੇ ਲੱਡੂ,



ਬੂੰਦੀ ਦੇ ਲੱਡੂ ਅਤੇ ਗਾਂ ਦੇ ਦੁੱਧ ਤੋਂ ਬਣੇ ਪੇੜੇ ਵੇਚੇ ਜਾ ਰਹੇ ਸਨ। ਇਨ੍ਹਾਂ ਦੀ ਲਿਸਟਿੰਗ ਵਿੱਚ ਇਨ੍ਹਾਂ ਨੂੰ ਰਾਮ ਮੰਦਰ ਦਾ ਪ੍ਰਸਾਦ ਦੱਸਿਆ ਗਿਆ ਸੀ। ਇਸ ਦੇ ਲਈ ਅਮੇਜ਼ਨ ਨੇ ਸ਼੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟਰੱਸਟ ਤੋਂ ਕੋਈ ਇਜਾਜ਼ਤ ਨਹੀਂ ਲਈ ਸੀ।

'ਬਾਰ ਐਂਡ ਬੈਂਚ' ਮੁਤਾਬਕ, ਸੀਸੀਪੀਏ ਦੀ ਚੀਫ਼ ਕਮਿਸ਼ਨਰ ਨਿਧੀ ਖਰੇ ਅਤੇ ਕਮਿਸ਼ਨਰ ਅਨੁਪਮ ਮਿਸ਼ਰਾ ਨੇ 4 ਅਗਸਤ ਨੂੰ ਇਸ ਨੂੰ ਠੱਗੀ ਮੰਨਦਿਆਂ ਕਾਰਵਾਈ (ਬਾਕੀ ਸਫ਼ਾ 4 'ਤੇ)

## ਪ੍ਰੋਡਕਟ ਦੀ ਲਿਸਟਿੰਗ ਵਿੱਚ ਧਾਰਮਿਕ ਨਿਸ਼ਾਨਾਂ ਦੀ ਵਰਤੋਂ ਕੀਤੀ

ਇਹ ਮਾਮਲਾ ਪਹਿਲੀ ਵਾਰ ਜਨਵਰੀ 2024 ਵਿੱਚ ਸਾਹਮਣੇ ਆਇਆ ਸੀ। ਖੱਦੂ ਟ੍ਰੇਡਿੰਗ ਕੰਪਨੀ ਨੇ 'ਦਿਹਾਰ ਫੂਡਜ਼' ਬ੍ਰਾਂਡ ਦੇ ਨਾਂ ਹੇਠ ਅਮੇਜ਼ਨ 'ਤੇ 4 ਤਰ੍ਹਾਂ ਦੀਆਂ ਮਿਠਾਈਆਂ ਲਿਸਟ ਕੀਤੀਆਂ ਸਨ। ਇਨ੍ਹਾਂ ਵਿੱਚ ਘਿਓ ਦੇ ਲੱਡੂ, ਖੋਆ ਲੱਡੂ, ਬੂੰਦੀ ਲੱਡੂ ਅਤੇ ਗਾਂ ਦੇ ਦੁੱਧ ਤੋਂ ਬਣੇ ਪੇੜੇ ਸ਼ਾਮਲ ਸਨ। ਇਨ੍ਹਾਂ ਪ੍ਰੋਡਕਟਾਂ ਦੀ ਲਿਸਟਿੰਗ ਵਿੱਚ ਧਾਰਮਿਕ ਤਸਵੀਰਾਂ ਦੀ ਵਰਤੋਂ ਕੀਤੀ ਗਈ ਸੀ। ਨਾਲ ਹੀ ਦਾਅਵਾ ਕੀਤਾ ਗਿਆ ਸੀ ਕਿ ਇਨ੍ਹਾਂ ਮਿਠਾਈਆਂ 'ਤੇ 'ਸ੍ਰੀ ਰਾਮ ਜਨਮਭੂਮੀ ਮੰਦਰ, ਅਯੋਧਿਆ ਦਾ ਆਸ਼ੀਰਵਾਦ' ਹੈ। ਸਮੱਗਰੀ ਵਾਲੇ ਕਾਲਮ ਵਿੱਚ ਇਨ੍ਹਾਂ ਨੂੰ 'ਰਾਮ ਮੰਦਰ ਪ੍ਰਸਾਦ' ਦੱਸਿਆ ਗਿਆ ਸੀ।

## ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਤੋਂ ਠੀਕ ਪਹਿਲਾਂ ਹੋਈ ਸੀ ਲਿਸਟਿੰਗ

ਸੀਸੀਪੀਏ ਮੁਤਾਬਕ, ਇਹ ਪ੍ਰੋਡਕਟ 22 ਜਨਵਰੀ 2024 ਦੀ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਤੋਂ ਕੁਝ ਸਮਾਂ ਪਹਿਲਾਂ ਲਿਸਟ ਕੀਤੇ ਗਏ ਸਨ। ਮਾਮਲੇ ਵਿੱਚ 19 ਜਨਵਰੀ ਨੂੰ ਸੈਂਸ-ਕਾਜ਼ ਨੋਟਿਸ ਮਿਲਣ ਤੋਂ ਬਾਅਦ ਅਮੇਜ਼ਨ ਨੇ ਇਹ ਲਿਸਟਿੰਗਜ਼ ਹਟਾ ਦਿੱਤੀਆਂ ਸਨ। ਇਹ ਸ਼ਿਕਾਇਤ 'ਕਨਫੈਡਰੇਸ਼ਨ ਆਫ਼ ਆਲ ਇੰਡੀਆ ਟਰੇਡਰਜ਼' ਨੇ ਜਨਵਰੀ 2024 ਵਿੱਚ ਕੀਤੀ ਸੀ।

## ਜੰਮੂ-ਕਸ਼ਮੀਰ ਭਾਰਤ ਦਾ ਅਹਿਮ ਹਿੱਸਾ : ਰਾਜਦੂਤ ਸਰਜੀਓ ਗੋਰ

- ਕਿਹਾ-ਕਸ਼ਮੀਰ ਇੱਕ ਬਹੁਤ ਹੀ ਸੁੰਦਰ ਜਗ੍ਹਾ, ਅਮਰੀਕੀ ਸੈਲਾਨੀਆਂ ਲਈ ਖੁੱਲ੍ਹ ਸਕਦਾ ਹੈ ਰਸਤਾ



- ਅਮਰੀਕੀ ਰਾਜਦੂਤ ਨੇ ਮੁੱਖ ਮੰਤਰੀ ਅਬਦੁੱਲਾ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਕੀਤੀ ਮੁਲਾਕਾਤ

ਸ੍ਰੀਨਗਰ, 19 ਅਗਸਤ (ਪੈਗ਼ਾਮ-ਏ-ਜਗਤ)

ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਬੁੱਧਵਾਰ ਨੂੰ ਕਿਹਾ ਕਿ ਅਮਰੀਕਾ ਜੰਮੂ-ਕਸ਼ਮੀਰ ਲਈ ਜਾਰੀ ਟਰੈਵਲ ਐਡਵਾਈਜ਼ਰੀ ਦੀ ਸਮੀਖਿਆ ਕਰੇਗਾ, ਕਿਉਂਕਿ ਕੇਂਦਰ ਸਰਕਾਰ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਸ ਖੇਤਰ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਕਦਮ ਚੁੱਕੇ ਹਨ।

ਰਾਜਦੂਤ ਗੋਰ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਦੋ ਦਿਨਾਂ ਦੌਰੇ 'ਤੇ ਬੁੱਧਵਾਰ ਨੂੰ ਸ੍ਰੀਨਗਰ ਪਹੁੰਚੇ। ਉਨ੍ਹਾਂ ਨੇ ਉਮਰ ਅਬਦੁੱਲਾ ਨਾਲ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਜੰਮੂ-ਕਸ਼ਮੀਰ ਭਾਰਤ ਦਾ ਅਹਿਮ ਹਿੱਸਾ ਅਤੇ ਇੱਕ ਬੇਹੱਦ ਖੂਬਸੂਰਤ ਜਗ੍ਹਾ ਹੈ।

ਗੋਰ ਨੇ ਕਿਹਾ, 'ਅਮਰੀਕਾ ਯਾਤਰਾ ਨਾਲ ਜੁੜੀਆਂ ਚਿਤਾਵਨੀਆਂ ਜਾਰੀ ਕਰਦਾ ਹੈ ਅਤੇ ਅਸੀਂ ਸਮੇਂ-ਸਮੇਂ 'ਤੇ ਇਨ੍ਹਾਂ ਦੀ ਸਮੀਖਿਆ ਵੀ ਕਰਦੇ ਹਾਂ। ਮੈਂ ਅੱਜ ਇੱਥੇ ਕੋਈ ਵੱਡਾ ਐਲਾਨ ਤਾਂ ਨਹੀਂ ਕਰ ਸਕਦਾ, ਪਰ ਅਸੀਂ ਇਸ ਮੁੱਦੇ 'ਤੇ ਵਿਚਾਰ ਜ਼ਰੂਰ ਕਰਾਂਗੇ। ਉਨ੍ਹਾਂ ਕਿਹਾ, ਸਾਡਾ ਮੰਨਣਾ ਹੈ ਕਿ ਨਵੀਂ ਦਿੱਲੀ, ਇੱਥੋਂ ਦੇ ਮੁੱਖ ਮੰਤਰੀ ਅਤੇ ਇੱਥੋਂ ਦੇ ਪ੍ਰਸ਼ਾਸਨ ਨੇ ਇਸ ਖੇਤਰ ਨੂੰ ਹੋਰ ਜ਼ਿਆਦਾ ਸੁਰੱਖਿਅਤ ਬਣਾਉਣ ਲਈ ਕੁਝ ਬਿਹਤਰੀਨ ਕਦਮ ਚੁੱਕੇ ਹਨ। ਗੋਰ ਨੇ ਕਿਹਾ, ਇਸ ਲਈ ਅਸੀਂ ਇਸ ਗੱਲ 'ਤੇ ਵਿਚਾਰ ਕਰਾਂਗੇ (ਬਾਕੀ ਸਫ਼ਾ 4 'ਤੇ)

### ਮੁੱਖ ਮੰਤਰੀ ਮਾਨ ਨੇ ਸਤਿੰਦਰ ਜੈਨ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੇਂਦਰ ਨੂੰ ਘੇਰਿਆ

# ਭਾਜਪਾ ਦਾ ਪੰਜਾਬ ਵਿੱਚ ਕੋਈ ਆਧਾਰ ਨਹੀਂ : ਸੀਐਮ ਮਾਨ

- ਭਾਜਪਾ ਐਂਟੀ-ਲੋਕਤਾਂਤਰਿਕ ਢੰਗ ਨਾਲ ਵਿਰੋਧੀਆਂ ਉੱਤੇ ਕਾਰਵਾਈ ਕਰ ਰਹੀ: ਭਗਵੰਤ ਮਾਨ

ਚੰਡੀਗੜ੍ਹ, 19 ਅਗਸਤ (ਪੈਗ਼ਾਮ-ਏ-ਜਗਤ)

ਆਪ ਦੇ ਸੀਨੀਅਰ ਆਗੂ ਅਤੇ ਪੰਜਾਬ ਸਹਿ-ਪ੍ਰਭਾਰੀ ਸਤੇਂਦਰ ਜੈਨ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ 'ਈ.ਡੀ. ਪਾਰਟੀ' (ਭਾਜਪਾ) ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਲਈ ਇਕ ਵਾਰ ਫਿਰ ਆਪਣੇ ਪੁਰਾਣੇ ਜਮਹੂਰੀਅਤ ਵਿਰੋਧੀ ਹਥਕੰਡੇ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਜਿਸ ਭਾਜਪਾ ਦਾ ਪੰਜਾਬ ਵਿੱਚ ਕੋਈ ਸਿਆਸੀ ਆਧਾਰ ਨਹੀਂ ਹੈ, ਉਹ ਆਪਣੇ ਸਿਆਸੀ ਵਿਰੋਧੀਆਂ ਨੂੰ ਬਦਨਾਮ ਕਰਨ, ਧਮਕਾਉਣ ਤੇ ਦਬਾਉਣ ਲਈ ਈ.ਡੀ. ਅਤੇ ਸੀ.ਬੀ.ਆਈ. ਵਰਗੀਆਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ ਪਰ ਅਜਿਹੀ ਸਿਆਸੀ ਬਦਲਾਖੋਰੀ 'ਆਪ' ਸਰਕਾਰ ਨੂੰ ਆਮ ਲੋਕਾਂ ਲਈ ਕੰਮ ਕਰਨ ਤੋਂ ਨਹੀਂ ਰੋਕ ਸਕੇਗੀ। ਭਾਜਪਾ ਵੱਲੋਂ ਆਪਣੀ ਸਰਕਾਰ 'ਤੇ ਕੀਤੇ ਜਾ ਰਹੇ ਹਮਲਿਆਂ 'ਤੇ ਤਨਜ਼ ਕੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਨੂੰ ਉਨ੍ਹਾਂ ਲੋਕਾਂ ਤੋਂ ਇਮਾਨਦਾਰੀ, ਦੇਸ਼ ਭਗਤੀ ਜਾਂ ਰਾਸ਼ਟਰਵਾਦ ਦਾ ਕੋਈ ਸਰਟੀਫਿਕੇਟ ਨਹੀਂ ਚਾਹੀਦਾ, ਜਿਨ੍ਹਾਂ ਨੇ ਪੰਜਾਬ ਅਤੇ ਇਸ ਦੇ ਲੋਕਾਂ ਨੂੰ ਬੇਰਹਿਮੀ ਨਾਲ ਲੁੱਟਿਆ ਹੈ।

ਐਕਸ 'ਤੇ ਪੋਸਟ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਤੇਂਦਰ ਜੈਨ



ਜੀ ਦੀ ਗ੍ਰਿਫ਼ਤਾਰੀ ਸਿਆਸੀ ਬਦਲਾਖੋਰੀ ਦੀ ਪ੍ਰਤੱਖ ਮਿਸਾਲ ਹੈ। ਕੇਂਦਰ ਸਰਕਾਰ ਵਿਰੋਧੀ ਧਿਰ ਦੇ ਆਗੂਆਂ ਨੂੰ ਡਰਾਉਣ ਅਤੇ ਦਬਾਉਣ ਲਈ ਈ.ਡੀ. ਵਰਗੀਆਂ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਜਿਨ੍ਹਾਂ ਨੇ ਖੁਦ ਪੰਜਾਬ ਨੂੰ ਵੇਚਿਆ ਹੈ, ਉਹ ਅੱਜ ਸਾਡੇ ਤੋਂ ਸਵਾਲ ਪੁੱਛ ਰਹੇ ਹਨ। ਇਹ ਤਰੀਕਾ ਲੋਕਤੰਤਰ ਲਈ ਬਿਲਕੁਲ ਸਹੀ ਨਹੀਂ ਹੈ।

ਪ੍ਰੈੱਸ ਕਾਨਫਰੰਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਆਪਣੇ ਸਿਆਸੀ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਲਈ ਈ.ਡੀ., ਸੀ.ਬੀ.ਆਈ. ਅਤੇ ਹੋਰ ਕੇਂਦਰੀ ਏਜੰਸੀਆਂ ਦੀ ਵਰਤੋਂ ਕਰਨਾ ਭਾਜਪਾ ਦੀ ਪੁਰਾਣੀ ਰਣਨੀਤੀ ਹੈ। ਅਜਿਹਾ ਹੀ ਕੰਮ ਦਿੱਲੀ ਵਿੱਚ ਵੀ ਕੀਤਾ ਗਿਆ ਸੀ, ਜਿੱਥੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਦੀ ਪੂਰੀ ਚੋਟੀ ਦੀ ਲੀਡਰਸ਼ਿਪ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਗਿਆ ਸੀ। 'ਆਪ' ਦੇ ਸੀਨੀਅਰ ਆਗੂ ਸਤੇਂਦਰ ਜੈਨ ਵਿਰੁੱਧ ਕਾਰਵਾਈ ਵੀ ਇਸੇ ਰਣਨੀਤੀ ਦਾ ਹਿੱਸਾ ਹੈ (ਬਾਕੀ ਸਫ਼ਾ 4 'ਤੇ)

## ਪੰਜਾਬ ਵਿੱਚ 5 ਸਤੰਬਰ ਤੋਂ ਸ਼ੁਰੂ ਹੋਣਗੀਆਂ 'ਖੇਡਾਂ ਵਤਨ ਪੰਜਾਬ ਦੀਆਂ': ਭਗਵੰਤ ਮਾਨ

ਚੰਡੀਗੜ੍ਹ, 19 ਅਗਸਤ (ਪੈਗ਼ਾਮ-ਏ-ਜਗਤ)

ਪੰਜਾਬ ਵਿੱਚ 5 ਸਤੰਬਰ 2026 ਤੋਂ 'ਖੇਡਾਂ ਵਤਨ ਪੰਜਾਬ ਦੀਆਂ' ਸ਼ੁਰੂ ਹੋਣਗੀਆਂ। ਇਹ ਐਲਾਨ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਵਿੱਚ ਕੀਤਾ। ਉਨ੍ਹਾਂ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ 5 ਸਤੰਬਰ ਨੂੰ ਬਠਿੰਡਾ ਤੋਂ ਹੋਵੇਗੀ ਅਤੇ 29 ਨਵੰਬਰ ਨੂੰ ਪਟਿਆਲਾ ਵਿਖੇ ਇਸ ਦਾ ਸਮਾਪਨ ਹੋਵੇਗਾ। ਉਨ੍ਹਾਂ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ 9 ਉਮਰ ਵਰਗਾਂ ਦੇ ਅਧੀਨ 28 ਖੇਡਾਂ ਕਰਵਾਈਆਂ ਜਾਣਗੀਆਂ। ਇਸ ਵਾਰ 10 ਲੱਖ ਤੋਂ ਵੱਧ ਖਿਡਾਰੀ ਹਿੱਸਾ ਲੈਣਗੇ। ਭਗਵੰਤ ਮਾਨ ਨੇ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲਿਆਂ ਨੂੰ ਕ੍ਰਮਵਾਰ 10 ਹਜ਼ਾਰ, 7 ਹਜ਼ਾਰ ਅਤੇ 5 ਹਜ਼ਾਰ ਰੁਪਏ ਨਕਦ ਇਨਾਮ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 3 ਤੋਂ 15 ਸਤੰਬਰ ਤੱਕ ਬਲਾਕ ਪੱਧਰੀ ਅਤੇ 20 ਤੋਂ 30 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ, ਜਦੋਂ ਕਿ 10 ਅਕਤੂਬਰ ਤੋਂ 23 ਨਵੰਬਰ ਤੱਕ ਸੂਬਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਵਾਰ 25 ਤੋਂ 28 ਨਵੰਬਰ ਤੱਕ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਪੈਰਾ ਖੇਡਾਂ ਵੀ ਕਰਵਾਈਆਂ ਜਾਣਗੀਆਂ।

## ਸਤਿਕਾਰ ਯੋਜਨਾ: ਰੱਖੜੀ 'ਤੇ ਜਾਰੀ ਹੋਵੇਗਾ 3 ਮਹੀਨਿਆਂ ਦਾ ਭੱਤਾ

### 9 ਲੱਖ ਤੋਂ ਵੱਧ ਔਰਤਾਂ ਨੂੰ ਮਿਲੇਗਾ ਲਾਭ



ਚੰਡੀਗੜ੍ਹ, 19 ਅਗਸਤ (ਪੈਗ਼ਾਮ-ਏ-ਜਗਤ)

ਮੁੱਖ ਮੰਤਰੀ ਭਗਵੰਤ ਮਾਨ ਮਾਵਾਂ ਧੀਆਂ ਸਤਿਕਾਰ ਯੋਜਨਾ ਦੇ ਤੀਜੇ ਪੜਾਅ ਦਾ ਆਗਾਜ਼ ਰੱਖੜੀ ਦੇ ਤਿਉਹਾਰ ਮੌਕੇ ਕਰਨਗੇ। ਪੰਜਾਬ ਸਰਕਾਰ ਵੱਲੋਂ ਰੱਖੜੀ ਦੇ ਤਿਉਹਾਰ 'ਤੇ ਸੂਬਾਈ ਸਮਾਗਮ ਕੀਤਾ ਜਾਵੇਗਾ ਜਿਸ 'ਚ ਤਿੰਨ ਮਹੀਨੇ ਦਾ ਸਤਿਕਾਰ ਭੱਤਾ ਉਨ੍ਹਾਂ ਔਰਤਾਂ ਨੂੰ ਜਾਰੀ ਕੀਤਾ ਜਾਵੇਗਾ ਜਿਨ੍ਹਾਂ ਦੇ ਖਾਤਿਆਂ 'ਚ ਹਾਲੇ ਤੱਕ ਰਕਮ ਨਹੀਂ ਪੁੱਜੀ।

ਪਹਿਲੀ ਜੁਲਾਈ ਤੋਂ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਦਾ ਮਾਣ ਭੱਤਾ ਦੇਣਾ ਸ਼ੁਰੂ ਕੀਤਾ ਗਿਆ ਹੈ। ਹੁਣ ਤੱਕ ਇਸ ਯੋਜਨਾ ਦਾ ਲਾਭ ਲੈਣ ਲਈ 75.50 ਲੱਖ ਔਰਤਾਂ ਰਜਿਸਟਰਡ ਹੋਈਆਂ ਹਨ ਜਿਨ੍ਹਾਂ 'ਚੋਂ 51.62 ਲੱਖ ਜਨਰਲ ਵਰਗ ਅਤੇ 23.88 ਲੱਖ ਔਰਤਾਂ ਦਲਿਤ ਵਰਗ ਦੀਆਂ ਹਨ। ਭਗਵੰਤ ਮਾਨ ਨੇ ਪਹਿਲੀ ਜੁਲਾਈ ਤੋਂ ਸਮਾਗਮ ਕਰ ਕੇ ਇਹ ਸਤਿਕਾਰ ਭੱਤਾ ਦੇਣਾ ਸ਼ੁਰੂ ਕੀਤਾ ਅਤੇ ਹੁਣ ਤੱਕ 65.62 ਲੱਖ ਔਰਤਾਂ ਦੇ ਖਾਤਿਆਂ 'ਚ ਪੈਸੇ ਟਰਾਂਸਫਰ ਹੋ ਚੁੱਕੇ ਹਨ ਜਦੋਂ ਕਿ 9.88 ਲੱਖ ਔਰਤਾਂ ਨੂੰ ਇਹ ਰਾਸ਼ੀ ਮਿਲਣੀ ਬਾਕੀ ਹੈ ਜਿਨ੍ਹਾਂ ਨੂੰ ਰੱਖੜੀ ਦੇ ਤਿਉਹਾਰ ਮੌਕੇ ਰਾਸ਼ੀ ਟਰਾਂਸਫਰ ਕੀਤੀ ਜਾਵੇਗੀ। ਮੁੱਢਲੇ ਪੜਾਅ 'ਤੇ ਔਰਤਾਂ ਨੂੰ ਤਿੰਨ ਮਹੀਨੇ (ਜੁਲਾਈ ਤੋਂ ਸਤੰਬਰ ਤੱਕ) ਦਾ ਸਤਿਕਾਰ ਭੱਤਾ ਇਕੱਠਾ (ਬਾਕੀ ਸਫ਼ਾ 4 'ਤੇ)

## ਪੰਜਾਬ ਅਤੇ ਹਰਿਆਣਾ ਸਰਹੱਦ 'ਤੇ ਕਿਸਾਨਾਂ ਨੇ ਪ੍ਰਦਰਸ਼ਨ ਮੁਅੱਤਲ ਕੀਤਾ

- 4 ਸਤੰਬਰ ਨੂੰ ਕੇਂਦਰੀ ਮੰਤਰੀ ਮਨੋਹਰ ਲਾਲ ਨਾਲ ਮੀਟਿੰਗ ਤੈਅ
- ਹਰਿਆਣਾ ਪੁਲੀਸ ਨੇ ਬੈਰੀਕੇਡ ਹਟਾਉਣੇ ਸ਼ੁਰੂ ਕੀਤੇ

ਖਨੌਰੀ, 19 ਅਗਸਤ (ਪੈਗ਼ਾਮ-ਏ-ਜਗਤ)

ਪੰਜਾਬ-ਹਰਿਆਣਾ ਸਰਹੱਦ 'ਤੇ ਪ੍ਰਦਰਸ਼ਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਬੁੱਧਵਾਰ ਨੂੰ ਆਪਣੇ ਅੰਦੋਲਨ ਨੂੰ ਮੁਅੱਤਲ ਕਰਨ ਦਾ ਐਲਾਨ ਕਰ ਦਿੱਤਾ ਹੈ। ਇਹ ਫੈਸਲਾ ਹਰਿਆਣਾ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਦੀਆਂ ਮੰਗਾਂ 'ਤੇ ਚਰਚਾ ਲਈ 4 ਸਤੰਬਰ ਨੂੰ ਕੇਂਦਰੀ ਮੰਤਰੀ ਮਨੋਹਰ ਲਾਲ ਨਾਲ ਮੀਟਿੰਗ ਦਾ ਪ੍ਰਸਤਾਵ ਦਿੱਤੇ ਜਾਣ ਤੋਂ ਬਾਅਦ ਲਿਆ ਗਿਆ।



ਇਹ ਘਟਨਾਕ੍ਰਮ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) (ਜੋ ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਰ ਰਿਹਾ ਹੈ) ਦੇ ਨੁਮਾਇੰਦਿਆਂ ਅਤੇ ਹਰਿਆਣਾ ਸਰਕਾਰ ਦੇ ਅਧਿਕਾਰੀਆਂ ਵਿਚਕਾਰ ਹੋਈ ਮੀਟਿੰਗ ਤੋਂ ਬਾਅਦ ਸਾਹਮਣੇ ਆਇਆ। ਪ੍ਰਦਰਸ਼ਨਕਾਰੀ ਖਨੌਰੀ-ਦਾਤਾ ਸਿੰਘ ਵਾਲਾ ਬਾਰਡਰ ਪੁਆਇੰਟ 'ਤੇ ਬੈਠੇ ਸਨ। ਹਰਿਆਣਾ ਪੁਲੀਸ ਨੇ 16 ਅਗਸਤ ਨੂੰ 51 ਕਿਸਾਨਾਂ ਦੇ ਇੱਕ ਸਮੂਹ ਨੂੰ ਦਿੱਲੀ ਜਾਣ ਤੋਂ ਰੋਕ ਦਿੱਤਾ ਸੀ। ਇਹ ਕਿਸਾਨ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਵਿਰੋਧ ਵਿੱਚ ਅਤੇ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ 228 ਕਿਲੋਮੀਟਰ ਲੰਮੀ ÷ਕਿਸਾਨ ਬਚਾਓ ਪੈਦਲ ਯਾਤਰਾ÷ ਕਰ ਰਹੇ ਸਨ।

ਬੁੱਧਵਾਰ ਨੂੰ ਹੋਈ ਮੀਟਿੰਗ ਦੌਰਾਨ, ਅਧਿਕਾਰੀਆਂ ਨੇ ਦਿੱਲੀ ਵਿੱਚ ਕਿਸਾਨਾਂ ਦੇ ਇੱਕ ਵਫ਼ਦ ਅਤੇ ਕੇਂਦਰੀ ਬਿਜਲੀ ਮੰਤਰੀ ਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਵਿਚਕਾਰ ਮੀਟਿੰਗ ਦਾ ਪ੍ਰਸਤਾਵ ਰੱਖਿਆ।

ਉੱਥੇ ਹੀ ਪੱਤਰਕਾਰਾਂ ਨਾਲ ਗੱਲ ਕਰਦਿਆਂ, ਐੱਸ ਕੇ ਐੱਮ (ਗੈਰ-ਰਾਜਨੀਤਿਕ) ਦੇ ਆਗੂ ਅਭਿਮਨਿਊ ਕੋਹਾੜ ਨੇ ਕਿਹਾ ਕਿ ਕੇਂਦਰੀ ਮੰਤਰੀ ਮਨੋਹਰ ਲਾਲ 4 ਸਤੰਬਰ ਨੂੰ ਕਿਸਾਨਾਂ ਦੇ ਵਫ਼ਦ ਨੂੰ ਮਿਲਣਗੇ ਅਤੇ ਉਨ੍ਹਾਂ ਦੇ ਮੁੱਦਿਆਂ 'ਤੇ ਚਰਚਾ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨਾਂ ਦੀ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਮੀਟਿੰਗ ਤੈਅ ਕਰਨ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਇਸ ਭਰੋਸੇ ਤੋਂ ਬਾਅਦ, ਕਿਸਾਨ ਆਗੂ ਜਗਜੀਤ ਸਿੰਘ (ਬਾਕੀ ਸਫ਼ਾ 4 'ਤੇ)

## ਮਾਪੇ ਬੱਚਿਆਂ ਨੂੰ ਜਾਇਦਾਦ ਤੋਂ ਬੇਦਖ਼ਲ ਕਰ ਸਕਦੇ ਹਨ: ਸੁਪਰੀਮ ਕੋਰਟ

- ਕਿਹਾ-ਵਧਦੀ ਉਮਰ ਦਾ ਮਤਲਬ ਅਪਮਾਨ ਜਾਂ ਅਸੁਰੱਖਿਆ ਨਾਲ ਰਹਿਣਾ ਨਹੀਂ ਹੈ

ਨਵੀਂ ਦਿੱਲੀ, 19 ਅਗਸਤ (ਪੈਗ਼ਾਮ-ਏ-ਜਗਤ)

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਕਿਹਾ ਕਿ ਬਜ਼ੁਰਗ ਮਾਪਿਆਂ ਨੂੰ ਆਪਣੇ ਘਰਾਂ ਵਿੱਚ ਸਨਮਾਨ ਅਤੇ ਸੁਰੱਖਿਆ ਨਾਲ ਰਹਿਣ ਦਾ ਅਧਿਕਾਰ ਹੈ। ਜੇਕਰ ਘਰ ਵਿੱਚ ਪੁੱਤਰ ਜਾਂ ਨੂੰਹ ਦੀ ਮੌਜੂਦਗੀ ਬਜ਼ੁਰਗਾਂ ਦੀ ਦੇਖਭਾਲ ਜਾਂ ਸੁਰੱਖਿਆ ਵਿੱਚ ਰੁਕਾਵਟ ਪਾਉਂਦੀ ਹੈ, ਤਾਂ ਮਾਪੇ ਉਨ੍ਹਾਂ ਨੂੰ ਜਾਇਦਾਦ ਤੋਂ ਬੇਦਖ਼ਲ ਕਰ ਸਕਦੇ ਹਨ। ਜਸਟਿਸ ਪੀਐੱਸ ਨਰਸਿਮਹਾ ਅਤੇ ਜਸਟਿਸ ਆਲੋਕ ਅਰਾਧੇ ਦੀ ਬੈਂਚ ਨੇ ਕਿਹਾ ਕਿ ਵਧਦੀ ਉਮਰ ਦਾ ਅਰਥ ਅਪਮਾਨ ਜਾਂ ਅਸੁਰੱਖਿਆ ਨਾਲ ਰਹਿਣਾ ਨਹੀਂ ਹੈ। ਇੱਕ ਸੱਭਿਅਕ ਸਮਾਜ ਨੂੰ ਉਸ ਸਤਿਕਾਰ ਅਤੇ ਸੁਰੱਖਿਆ ਦੁਆਰਾ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਇਹ ਆਪਣੇ ਬਜ਼ੁਰਗਾਂ ਨੂੰ ਦਿੰਦਾ ਹੈ। ਸੁਪਰੀਮ ਕੋਰਟ ਨੇ ਇਹ ਹੁਕਮ ਲਖਨਊ ਤੋਂ ਰਵੀਕਾਂਤ ਗੁਪਤਾ ਨਾਲ ਸਬੰਧਤ ਇੱਕ ਮਾਮਲੇ ਵਿੱਚ ਜਾਰੀ ਕੀਤਾ। ਉਸਨੇ ਹਾਈ ਕੋਰਟ ਦੇ ਉਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਸੀ ਜਿਸ ਵਿੱਚ ਐਸਡੀਐਮ ਅਤੇ ਜ਼ਿਲ੍ਹਾ ਮੈਜਿਸਟਰੇਟ ਦੇ ਉਸਦੇ ਪੁੱਤਰ ਅਤੇ ਨੂੰਹ ਨੂੰ ਘਰੋਂ ਬੇਦਖ਼ਲ ਕਰਨ ਦੇ ਨਿਰਦੇਸ਼ਾਂ ਨੂੰ ਰੱਦ ਕਰ ਦਿੱਤਾ ਗਿਆ ਸੀ।

## ਕੋਲਕਾਤਾ: ਹੋਟਲ ਵਿੱਚ ਅੱਗ ਲੱਗਣ ਨਾਲ 9 ਲੋਕਾਂ ਮੌਤਾਂ

- ਮੰਤਰੀ ਦਾ ਦਾਅਵਾ, ਤੁਰੰਤ ਕਾਰਵਾਈ ਨਾਲ 80 ਜਾਨਾਂ ਬਚਾਈਆਂ

ਕੋਲਕਾਤਾ, 19 ਅਗਸਤ (ਪੈਗ਼ਾਮ-ਏ-ਜਗਤ)

ਮੱਧ ਕੋਲਕਾਤਾ ਦੇ ਮਿਰਜ਼ਾ ਗਾਲਿਬ ਸਟਰੀਟ 'ਤੇ ਇੱਕ ਖੰਡਰ ਹੋਈ ਪੰਜ ਮੰਜ਼ਿਲਾ ਇਮਾਰਤ ਵਿੱਚ ਮੰਗਲਵਾਰ ਦੇਰ ਰਾਤ ਭਿਆਨਕ ਅੱਗ ਲੱਗਣ ਤੋਂ ਬਾਅਦ ਇੱਕ ਚਾਰ ਸਾਲ ਦੇ ਬੱਚੇ ਸਮੇਤ ਘੱਟੋ-ਘੱਟ ਨੌਂ ਲੋਕਾਂ ਦੀ ਮੌਤ ਹੋ ਗਈ ਅਤੇ ਛੇ ਹੋਰ ਝੁਲਸ ਗਏ। ਪੁਲਿਸ ਨੇ ਇਹ ਜਾਣਕਾਰੀ ਦਿੱਤੀ।

ਪੁਲਿਸ ਦੇ ਅਨੁਸਾਰ, ਅੱਗ ਲਗਭਗ 1:45 ਵਜੇ ਲੱਗੀ। ਅੱਗ ਬੁਝਾਉਣ ਲਈ ਪੰਜ ਫਾਇਰ ਟੈਂਡਰ ਮੌਕੇ 'ਤੇ ਭੇਜੇ ਗਏ। ਪੁਲਿਸ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੇ ਕਰਮਚਾਰੀ ਵੀ ਬਚਾਅ ਕਾਰਜਾਂ ਲਈ ਮੌਕੇ 'ਤੇ ਪਹੁੰਚੇ।

ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜ ਮੰਜ਼ਿਲਾ ਇਮਾਰਤ ਵਿੱਚੋਂ 80 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਫਾਇਰ ਸਰਵਿਸਿਜ਼ ਮੰਤਰੀ ਕੌਸ਼ਿਕ ਚੌਧਰੀ ਨੇ ਪੀਟੀਆਈ ਨੂੰ ਦੱਸਿਆ ਕਿ ਮ੍ਰਿਤਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਮੌਕੇ ਦਾ ਦੌਰਾ ਕਰਨ ਤੋਂ ਬਾਅਦ, ਉਨ੍ਹਾਂ ਦੱਸਿਆ ਕਿ ਪੀੜਤਾਂ ਵਿੱਚ ਭਾਰਤੀ ਅਤੇ ਬੰਗਲਾਦੇਸ਼ੀ ਦੋਵੇਂ ਨਾਗਰਿਕ ਸ਼ਾਮਲ ਹਨ। ਚੌਧਰੀ ਨੇ ਕਿਹਾ, 'ਅਸੀਂ ਮ੍ਰਿਤਕਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਮਾਰਤ ਦੇ ਅੰਦਰ ਹਾਲਤ ਬਹੁਤ ਖਰਾਬ ਹੈ। ਇਸ ਇਮਾਰਤ ਵਿੱਚ ਕਈ ਹੋਟਲ ਹਨ। ਇੱਥੇ ਕੀ



ਹੋ ਰਿਹਾ ਸੀ ਇਹ ਦੇਖ ਕੇ ਮੈਂ ਹੈਰਾਨ ਹਾਂ।'

ਅੱਗ ਲੱਗਣ ਦੇ ਕਾਰਨਾਂ ਬਾਰੇ ਪੁੱਛੇ ਜਾਣ 'ਤੇ ਮੰਤਰੀ ਨੇ ਕਿਹਾ ਕਿ ਇਹ ਸ਼ਾਰਟ ਸਰਕਟ ਕਾਰਨ ਲੱਗ ਸਕਦਾ ਹੈ, ਪਰ ਸਹੀ ਕਾਰਨ ਫੋਰੈਂਸਿਕ ਜਾਂਚ ਰਾਹੀਂ ਹੀ ਪਤਾ ਲਗਾਇਆ ਜਾਵੇਗਾ। ਮੰਤਰੀ ਨੇ ਅੱਗੇ ਕਿਹਾ, ਇਮਾਰਤ ਪ੍ਰਬੰਧਨ ਨੇ ਬੁਨਿਆਦੀ ਸੁਰੱਖਿਆ ਅਤੇ ਨਿਰਮਾਣ ਨਿਯਮਾਂ ਦੀ ਪਾਲਣਾ ਨਹੀਂ ਕੀਤੀ। ਹੋਟਲਾਂ ਦੇ ਸੰਚਾਲਨ ਵਿੱਚ ਕਈ ਬੇਨਿਯਮੀਆਂ ਦੇ ਦੋਸ਼ ਹਨ। ਉਨ੍ਹਾਂ ਦੱਸਿਆ ਕਿ ਜ਼ਖਮੀਆਂ ਨੂੰ ਨੇੜਲੇ (ਬਾਕੀ ਸਫ਼ਾ 4 'ਤੇ)

## ਗੈਰਕਾਨੂੰਨੀ ਹਥਿਆਰਾਂ ਅਤੇ 8.5 ਕਿਲੋ ਹੈਰੋਇਨ ਸਮੇਤ 9 ਗ੍ਰਿਫ਼ਤਾਰ

- 12.95 ਲੱਖ ਰੁਪਏ ਸ਼ੱਕੀ ਨਸ਼ੇ ਦੀ ਰਕਮ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ

ਅੰਮ੍ਰਿਤਸਰ, 19 ਅਗਸਤ (ਪੈਗ਼ਾਮ-ਏ-ਜਗਤ)

ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਤਿੰਨ ਕਥਿਤ ਨਸ਼ਾ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਨੈੱਟਵਰਕਾਂ ਨੂੰ ਤੋੜ ਦਿੱਤਾ ਹੈ, ਜਿਸ ਵਿੱਚ ਨੌਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਕੋਲੋਂ ਅੱਠ ਗੈਰ-ਕਾਨੂੰਨੀ ਪਿਸਤੌਲ, 8.536 ਕਿਲੋ ਹੈਰੋਇਨ, 12.95 ਲੱਖ ਰੁਪਏ ਸ਼ੱਕੀ ਨਸ਼ੇ ਦੀ ਰਕਮ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ।

ਡੀ.ਜੀ.ਪੀ. ਗੌਰਵ ਯਾਦਵ ਨੇ ਐਕਸ 'ਤੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਹ ਸਫਲਤਾਵਾਂ ਕਮਿਸ਼ਨਰੇਟ ਪੁਲੀਸ ਦੀਆਂ ਟੀਮਾਂ ਵੱਲੋਂ ਕੀਤੀਆਂ ਗਈਆਂ ਵੱਖ-ਵੱਖ ਜਾਂਚਾਂ ਦੌਰਾਨ ਹਾਸਲ ਕੀਤੀਆਂ ਗਈਆਂ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਕਥਿਤ ਤੌਰ 'ਤੇ ਵਿਦੇਸ਼ੀ ਹੈਂਡਲਰਾਂ ਦੇ ਸੰਪਰਕ ਵਿੱਚ ਰਹੇ ਸਨ ਅਤੇ ਹੋਰ ਅਪਰਾਧਿਕ ਤੱਤਾਂ ਨੂੰ ਸਪਲਾਈ ਕਰਨ ਤੋਂ ਪਹਿਲਾਂ ਗੈਰ-ਕਾਨੂੰਨੀ ਹਥਿਆਰਾਂ ਅਤੇ ਹੈਰੋਇਨ ਦੀਆਂ ਖੇਪਾਂ ਪ੍ਰਾਪਤ ਕਰ ਰਹੇ ਸਨ।

ਬਰਾਮਦਗੀਆਂ ਨੇ ਜਾਂਚਕਰਤਾਵਾਂ ਨੂੰ ਨਸ਼ਾਂ ਅਤੇ ਹਥਿਆਰਾਂ ਦੀ ਤਸਕਰੀ ਅਤੇ ਵੰਡ ਵਿੱਚ ਸ਼ਾਮਲ ਵਿਸ਼ਾਲ ਨੈੱਟਵਰਕ ਦਾ ਪਤਾ ਲਗਾਉਣ ਲਈ ਲੀਡ ਪ੍ਰਦਾਨ ਕੀਤੀ ਹੈ। ਯਾਦਵ ਨੇ ਕਿਹਾ ਕਿ ਇਸ ਸਬੰਧ ਵਿੱਚ ਛਾਉਣੀ (ਕੈਂਟ) ਅਤੇ ਛੇਹਰਟਾ (ਬਾਕੀ ਸਫ਼ਾ 4 'ਤੇ)

## ਲੁਧਿਆਣਾ ਦੇ ਪੀਜ਼ਾ ਆਊਟਲੈੱਟ 'ਤੇ ਦੋ ਵਿਅਕਤੀਆਂ ਵੱਲੋਂ ਗੋਲੀਬਾਰੀ



ਲੁਧਿਆਣਾ, 19 ਅਗਸਤ (ਪੈਗ਼ਾਮ-ਏ-ਜਗਤ)

ਲੁਧਿਆਣਾ ਵਿੱਚ ਇੱਕ ਪੀਜ਼ਾ ਆਊਟਲੈੱਟ 'ਤੇ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀ ਚਲਾਉਣ ਦੀ ਘਟਨਾ ਵਾਪਰੀ ਹੈ। ਪੁਲੀਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਘਟਨਾ ਮੰਗਲਵਾਰ ਰਾਤ ਨੂੰ ਭਾਈ ਰਣਧੀਰ ਸਿੰਘ ਨਗਰ ਖੇਤਰ ਵਿੱਚ ਵਾਪਰੀ।

ਗੋਲੀਬਾਰੀ ਦੀ ਇਸ ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ, ਜੋ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ, ਵਿੱਚ ਦੋ ਵਿਅਕਤੀ ਦੁਕਾਨ 'ਤੇ ਗੋਲੀ ਚਲਾਉਂਦੇ ਹੋਏ ਦਿਖਾਈ ਦੇ ਰਹੇ ਹਨ। ਵੀਡੀਓ ਕਲਿੱਪ ਵਿੱਚ, ਆਊਟਲੈੱਟ ਵਿੱਚ ਇੱਕ ਕੁਰਸੀ 'ਤੇ ਬੈਠਾ ਵਿਅਕਤੀ ਗੋਲੀ ਦੀ ਆਵਾਜ਼ ਸੁਣ ਕੇ ਖੜ੍ਹਾ ਹੁੰਦਾ ਅਤੇ ਸੁਰੱਖਿਅਤ ਜਗ੍ਹਾ ਵੱਲ ਜਾਂਦਾ ਦੇਖਿਆ ਜਾ ਸਕਦਾ ਹੈ। ਪੁਲੀਸ ਨੇ ਕਿਹਾ ਕਿ ਇਸ ਮਾਮਲੇ

### ਨਫ਼ਰਤੀ ਭਾਸ਼ਣ ਦੇ ਮਾਮਲੇ

## ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ

- ਗ੍ਰਿਫ਼ਤਾਰੀ ਵਾਰੰਟ ਦੀ ਪਾਲਣਾ ਰਿਪੋਰਟ 28 ਅਗਸਤ ਨੂੰ ਪੇਸ਼ ਕਰਨ ਦੇ ਹੁਕਮ

ਕਲਿਆਣੀ (ਪੱਛਮੀ ਬੰਗਾਲ), 19 ਅਗਸਤ (ਪੈਗ਼ਾਮ-ਏ-ਜਗਤ)

ਪੱਛਮੀ ਬੰਗਾਲ ਦੇ ਨਾਦੀਆ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਬੁੱਧਵਾਰ ਨੂੰ ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਵੱਲੋਂ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮਾਂ ਦੀ ਪਾਲਣਾ ਨਾ ਕਰਨ 'ਤੇ ਉਨ੍ਹਾਂ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦੇ ਹੁਕਮ ਦਿੱਤੇ ਹਨ।

ਕ੍ਰਿਸ਼ਨਾਨਗਰ ਅਦਾਲਤ ਨੇ ਇਹ ਵੀ ਹੁਕਮ ਦਿੱਤਾ ਕਿ ਮੋਇਤਰਾ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਦੀ ਪਾਲਣਾ ਰਿਪੋਰਟ 28 ਅਗਸਤ ਨੂੰ ਉਸ ਦੇ ਸਾਹਮਣੇ ਪੇਸ਼ ਕੀਤੀ ਜਾਵੇ।



ਮੋਇਤਰਾ ਵਿਰੁੱਧ ਇੱਕ ਕੇਸ ਦਰਜ ਕੀਤਾ ਗਿਆ ਸੀ ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਉਨ੍ਹਾਂ ਨੇ ਔਰਤਾਂ ਦਾ ਅਪਮਾਨ ਕੀਤਾ ਹੈ ਅਤੇ ਨਫ਼ਰਤੀ ਭਾਸ਼ਣ ਦਿੱਤਾ ਹੈ, ਜਿਸ ਲਈ ਅਦਾਲਤ ਵੱਲੋਂ ਉਨ੍ਹਾਂ ਨੂੰ ਪਹਿਲਾਂ ਸੰਮਨ ਜਾਰੀ

ਹੁਕਮ ਦਿੱਤਾ ਕਿ ਮੋਇਤਰਾ ਵਿਰੁੱਧ ਤੁਰੰਤ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਜਾਵੇ। ਜੱਜ ਨੇ ਮੰਗਲਵਾਰ ਨੂੰ ਟੀ ਐੱਮ ਸੀ ਸੰਸਦ ਮੈਂਬਰ ਨੂੰ ਅਗਲੇ ਦਿਨ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ, ਪਰ ਇਹ ਨੋਟ ਕੀਤਾ ਕਿ ਉਹ ਮੌਜੂਦ ਨਹੀਂ ਸੀ। ਅਦਾਲਤ ਨੇ ਕਿਹਾ, ÷ਇਸ ਅਦਾਲਤ ਦੇ ਹੁਕਮ ਨੂੰ ਲਗਾਤਾਰ ਨਾ ਮੰਨਣਾ... ਇਹ ਦਰਸਾਉਂਦਾ ਹੈ ਕਿ ਮੁਲਜ਼ਮ ਦਾ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ ਪ੍ਰਤੀ ਲਾਪਰਵਾਹੀ ਵਾਲਾ ਰਵੱਈਆ ਹੈ ਅਤੇ ਇਸ ਲਈ ਇਸ ਅਦਾਲਤ ਕੋਲ ਉਸ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਤੋਂ ਇਲਾਵਾ ਕੋਈ ਹੋਰ ਬਦਲ ਨਹੀਂ ਬਚਿਆ ਹੈ।

### ਦਿੱਲੀ ਦੇ ਸੀਐਨਜੀ ਸਟੇਸ਼ਨ 'ਤੇ ਹਾਦਸਾ

## ਰੀਫਿਲਿੰਗ ਦੌਰਾਨ ਟਰੱਕ ਦੇ ਗੈਸ ਸਿਲੰਡਰ ਵਿੱਚ ਜ਼ੋਰਦਾਰ ਧਮਾਕਾ; 3 ਲੋਕਾਂ ਦੀ ਮੌਤ



ਨਵੀਂ ਦਿੱਲੀ, 19 ਅਗਸਤ (ਪੈਗ਼ਾਮ-ਏ-ਜਗਤ)

ਬਾਹਰੀ ਦਿੱਲੀ ਦੇ ਟਿਕਰੀ ਕਲਾਂ ਖੇਤਰ ਵਿੱਚ ਇੱਕ ਸੀਐਨਜੀ ਸਟੇਸ਼ਨ 'ਤੇ ਰਿਫਿਲਿੰਗ ਦੌਰਾਨ ਇੱਕ ਟਰੱਕ ਦਾ ਗੈਸ ਸਿਲੰਡਰ ਫਟਣ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਗੰਭੀਰ ਰੂਪ ਵਿੱਚ ਝੁਲਸ ਗਏ। ਪੁਲਿਸ ਨੇ ਦੱਸਿਆ ਕਿ ਤਿੰਨ ਮ੍ਰਿਤਕ ਸੀਐਨਜੀ ਸਟੇਸ਼ਨ ਦੇ ਕਰਮਚਾਰੀ ਸਨ। ਦਿੱਲੀ ਫਾਇਰ ਸਰਵਿਸ (ਡੀਐਫਐਸ) ਦੇ ਇੱਕ ਅਧਿਕਾਰੀ ਨੇ

ਗਏ। ਅਧਿਕਾਰੀ ਨੇ ਅੱਗੇ ਕਿਹਾ ਕਿ ਟਰੱਕ ਦੇ ਨੇੜੇ ਖੜ੍ਹੇ ਛੇ ਲੋਕ ਧਮਾਕੇ ਵਿੱਚ ਫਸ ਗਏ। ਪੁਲਿਸ ਦੇ ਅਨੁਸਾਰ, ਮਨੀਸ਼ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਸੰਨੀ ਅਤੇ ਚਾਰ ਹੋਰਾਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ; ਸੰਨੀ ਦੀ ਇਲਾਜ ਦੌਰਾਨ ਮੌਤ ਹੋ ਗਈ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਤੀਜੇ ਮ੍ਰਿਤਕ ਵਿਅਕਤੀ ਦੀ ਪਛਾਣ ਕੀਤੀ ਜਾ ਰਹੀ ਹੈ। ਅਧਿਕਾਰੀ ਨੇ ਅੱਗੇ ਕਿਹਾ ਕਿ ਤਿੰਨ ਜ਼ਖਮੀ ਵਿਅਕਤੀਆਂ



## ਸੰਪਾਦਕ ਦੀ ਕਲਮ ਤੋਂ

# ਪੇਂਡੂ ਭਾਰਤ ਦੀ ਬਦਲਦੀ ਤਸਵੀਰ ਅਤੇ ਵਿਕਾਸ ਦੀਆਂ ਨਵੀਆਂ ਲੋੜਾਂ



ਭਾਰਤ ਦੀ ਤਰੱਕੀ ਦੀ ਤਸਵੀਰ ਅਕਸਰ ਵੱਡੇ ਸ਼ਹਿਰਾਂ, ਨਵੀਆਂ ਸੜਕਾਂ, ਉਦਯੋਗਿਕ ਕੇਂਦਰਾਂ, ਉੱਚੀਆਂ ਇਮਾਰਤਾਂ ਅਤੇ ਡਿਜ਼ੀਟਲ ਸਹੂਲਤਾਂ ਨਾਲ ਜੋੜ ਕੇ ਦੇਖੀ ਜਾਂਦੀ ਹੈ। ਪਰ ਭਾਰਤ ਦੀ ਇੱਕ ਵੱਡੀ ਹਕੀਕਤ ਅਜੇ ਵੀ ਪਿੰਡਾਂ ਵਿੱਚ ਵੱਸਦੀ ਹੈ। ਇੱਥੇ ਰਹਿਣ ਵਾਲੇ ਲੋਕ ਵੀ ਉਹੀ ਸੁਵਿਧਾਵਾਂ, ਮੌਕੇ ਅਤੇ ਜੀਵਨ ਦੀ ਗੁਣਵੱਤਾ ਚਾਹੁੰਦੇ ਹਨ ਜੋ ਸ਼ਹਿਰਾਂ ਵਿੱਚ ਆਮ ਹੁੰਦੇ ਜਾ ਰਹੇ ਹਨ। ਇਸ ਲਈ ਪੇਂਡੂ ਵਿਕਾਸ ਦਾ ਅਰਥ ਹੁਣ ਸਿਰਫ਼ ਖੇਤੀਬਾੜੀ ਜਾਂ ਇੱਕ ਪਿੰਡ ਨੂੰ ਦੂਜੇ ਪਿੰਡ ਨਾਲ ਜੋੜਨ ਵਾਲੀ ਸੜਕ ਨਹੀਂ ਰਹਿ ਗਿਆ। ਇਹ ਸਿੱਖਿਆ, ਸਿਹਤ, ਰੋਜ਼ਗਾਰ, ਆਵਾਜਾਈ, ਇੰਟਰਨੈੱਟ, ਬਾਜ਼ਾਰ ਅਤੇ ਬਿਹਤਰ ਜੀਵਨ ਨਾਲ ਜੁੜਿਆ ਵੱਡਾ ਸਵਾਲ ਬਣ ਚੁੱਕਾ ਹੈ। ਪੇਂਡੂ ਸੜਕਾਂ ਵਿੱਚ ਪਿਛਲੇ ਦਹਾਕਿਆਂ ਦੌਰਾਨ ਵੱਡਾ ਵਿਸਥਾਰ ਹੋਇਆ ਹੈ, ਪਰ ਨਵੀਂ ਸੜਕ ਬਣਾਉਣ ਨਾਲੋਂ ਉਸ ਦੀ ਲੰਬੇ ਸਮੇਂ ਤੱਕ ਸੰਭਾਲ ਕਈ ਵਾਰ ਵੱਡੀ ਚੁਣੌਤੀ ਬਣ ਜਾਂਦੀ ਹੈ। ਸਰਕਾਰੀ ਦਸਤਾਵੇਜ਼ ਵੀ ਮੰਨਦੇ ਹਨ ਕਿ ਪੇਂਡੂ ਸੜਕਾਂ ਦੀ ਨਿਯਮਤ ਦੇਖਭਾਲ ਲਈ ਲਗਾਤਾਰ ਵਿੱਤੀ ਸਰੋਤ ਅਤੇ ਪ੍ਰਬੰਧਕੀ ਪ੍ਰਣਾਲੀ ਜ਼ਰੂਰੀ ਹੈ। ਮੀਂਹ, ਪਾਣੀ ਦੀ ਨਿਕਾਸੀ ਦੀ ਕਮੀ, ਭਾਰੀ ਖੇਤੀਬਾੜੀ ਵਾਹਨਾਂ ਅਤੇ ਲਗਾਤਾਰ ਆਵਾਜਾਈ ਨਾਲ ਸੜਕਾਂ ਖ਼ਰਾਬ ਹੁੰਦੀਆਂ ਹਨ। ਛੋਟੇ ਟੁੱਟੇ ਹਿੱਸੇ ਸਮੇਂ ਸਿਰ ਠੀਕ ਨਾ ਹੋਣ ਤਾਂ ਉਹ ਵੱਡੀਆਂ ਸਮੱਸਿਆਵਾਂ ਬਣ ਜਾਂਦੇ ਹਨ। ਇਸ ਤਰ੍ਹਾਂ ਸੜਕ ਮੌਜੂਦ ਹੋਣ ਦੇ ਬਾਵਜੂਦ ਸੰਪਰਕ ਪੂਰਾ ਨਹੀਂ ਹੁੰਦਾ।



ਦਵਿੰਦਰ ਕੁਮਾਰ
ਸੰਪਾਦਕ, ਪੈਗ਼ਾਮ-ਏ-ਜਗਤ


ਸੰਪਰਕ ਵਿੱਚ ਆਵਾਜਾਈ ਦੀ ਭੂਮਿਕਾ ਵੀ ਬਦਲ ਰਹੀ ਹੈ। ਇੱਕ ਨਿਯਮਤ ਬੱਸ ਸੇਵਾ ਕਿਸੇ ਵਿਦਿਆਰਥੀ ਲਈ ਕਾਲਜ, ਕਿਸੇ ਮਰੀਜ਼ ਲਈ ਹਸਪਤਾਲ, ਕਿਸੇ ਨੌਜਵਾਨ ਲਈ ਨੌਕਰੀ ਅਤੇ ਕਿਸੇ ਛੋਟੇ ਵਪਾਰੀ ਲਈ ਬਾਜ਼ਾਰ ਤੱਕ ਪਹੁੰਚ ਬਣ ਸਕਦੀ ਹੈ। ਇਸੇ ਤਰ੍ਹਾਂ ਮੋਬਾਈਲ ਇੰਟਰਨੈੱਟ ਅਤੇ ਡਿਜ਼ੀਟਲ ਸੇਵਾਵਾਂ ਨੇ ਪਿੰਡਾਂ ਨੂੰ ਬਾਹਰੀ ਦੁਨੀਆ ਨਾਲ ਜੋੜਨ ਦੇ ਨਵੇਂ ਰਸਤੇ ਖੋਲ੍ਹੇ ਹਨ। ਫਿਰ ਵੀ ਡਿਜ਼ੀਟਲ ਸੰਪਰਕ ਸੜਕ, ਆਵਾਜਾਈ ਅਤੇ ਸਿਹਤ ਕੇਂਦਰ ਦੀ ਭੌਤਿਕ ਲੋੜ ਨੂੰ ਖ਼ਤਮ ਨਹੀਂ ਕਰਦਾ। ਪਿੰਡ ਦੇ ਬੱਚਿਆਂ ਲਈ ਆਨਲਾਈਨ ਪੜ੍ਹਾਈ ਦੀ ਸਹੂਲਤ ਹੋਣਾ ਮਹੱਤਵਪੂਰਨ ਹੈ, ਪਰ ਉਸ ਤੱਕ ਪਹੁੰਚਣ ਲਈ ਭਰੋਸੇਯੋਗ ਬਿਜਲੀ, ਇੰਟਰਨੈੱਟ ਅਤੇ ਉਪਕਰਨ ਵੀ ਲੋੜੀਂਦੇ ਹਨ। ਖੇਤੀਬਾੜੀ ਤੋਂ ਹੋਣ ਵਾਲੀ ਆਮਦਨ, ਵਧਦੇ ਖ਼ਰਚੇ ਅਤੇ ਜ਼ਮੀਨ ਦੀਆਂ ਵਧਦੀਆਂ ਕੀਮਤਾਂ ਨੇ ਕਈ ਪਰਿਵਾਰਾਂ ਲਈ ਜ਼ਮੀਨ ਨੂੰ ਸਿਰਫ਼ ਖੇਤੀ ਦਾ ਸਾਧਨ ਨਹੀਂ, ਸਗੋਂ ਇੱਕ ਵੱਡੀ ਆਰਥਿਕ ਸੰਪਤੀ ਬਣਾ ਦਿੱਤਾ ਹੈ। ਜਦੋਂ ਇੱਕ ਪਰਿਵਾਰ ਨੂੰ ਲੱਗਦਾ ਹੈ ਕਿ ਜ਼ਮੀਨ ਵੇਚਣ ਨਾਲ ਮਿਲਣ ਵਾਲੀ ਰਕਮ ਕਈ ਸਾਲਾਂ ਦੀ ਖੇਤੀ ਆਮਦਨ ਨਾਲੋਂ ਵੱਧ ਹੋ ਸਕਦੀ ਹੈ, ਤਾਂ ਜ਼ਮੀਨ ਵੇਚਣ ਦਾ ਫ਼ੈਸਲਾ ਲਿਆ ਜਾਂਦਾ ਹੈ। ਪਰ ਇਸ ਦਾ ਇੱਕ ਹੋਰ ਪੱਖ ਵੀ ਹੈ। ਖੇਤੀਬਾੜੀ ਵਾਲੀ ਜ਼ਮੀਨ 'ਤੇ ਬਣ ਰਹੀਆਂ ਕਈ ਨਵੀਆਂ ਰਿਹਾਇਸ਼ੀ ਬਸਤੀਆਂ ਵਿੱਚ ਘਰ ਤਾਂ ਬਣ ਜਾਂਦੇ ਹਨ, ਪਰ ਸੜਕਾਂ, ਸੀਵਰੇਜ, ਪਾਣੀ, ਡਰੇਨੇਜ, ਪਾਰਕ, ਸਕੂਲ ਅਤੇ ਜਨਤਕ ਆਵਾਜਾਈ ਵਰਗੀਆਂ ਸਹੂਲਤਾਂ ਉਸੇ ਗਤੀ ਨਾਲ ਨਹੀਂ ਬਣਦੀਆਂ। ਤੁਰੰਤ ਜ਼ਮੀਨੀ ਮੁਨਾਫ਼ਾ ਆਪਣੀ ਥਾਂ ਹੈ, ਪਰ ਲੰਬੇ ਸਮੇਂ ਦਾ ਬੁਨਿਆਦੀ ਢਾਂਚਾ ਪਿੱਛੇ ਰਹਿ ਜਾਂਦਾ ਹੈ।

ਪਸ਼ੂ ਪਾਲਣਾ ਕਦੇ ਪੇਂਡੂ ਘਰ ਦੀ ਰੋਜ਼ਾਨਾ ਅਰਥਵਿਵਸਥਾ ਦਾ ਹਿੱਸਾ ਹੁੰਦਾ ਸੀ। ਦੁੱਧ, ਗੋਬਰ ਦੀ ਖਾਦ ਅਤੇ ਵਾਧੂ ਆਮਦਨ ਦੇ ਨਾਲ ਪਸ਼ੂ ਪਰਿਵਾਰਕ ਜੀਵਨ ਦਾ ਵੀ ਹਿੱਸਾ ਸਨ। ਅੱਜ ਦੁੱਧ ਦੀ ਮੰਗ ਕਾਇਮ ਹੈ, ਪਰ ਹਰ ਘਰ ਵਿੱਚ ਪਸ਼ੂ ਰੱਖਣ ਦੀ ਇੱਛਾ ਅਤੇ ਸਮਾਂ ਘੱਟ ਹੋਇਆ ਹੈ। ਇਸ ਲਈ ਤਸਵੀਰ ਸਿਰਫ਼ ਪਸ਼ੂਆਂ ਦੇ ਘਟਣ ਦੀ ਨਹੀਂ, ਸਗੋਂ ਪੇਂਡੂ ਅਰਥਵਿਵਸਥਾ ਦੇ ਬਦਲਦੇ ਢਾਂਚੇ ਦੀ ਹੈ। ਤੇਜ਼ੀ ਨਾਲ ਮੁਨਾਫ਼ਾ ਕਮਾਉਣ ਅਤੇ ਸਮਾਂ ਬਚਾਉਣ ਵਾਲੇ ਜੀਵਨ ਦੀ ਇੱਛਾ ਨੇ ਕਈ ਪੁਰਾਣੀਆਂ ਪ੍ਰਥਾਵਾਂ ਦੀ ਥਾਂ ਲੈ ਲਈ ਹੈ। ਪੇਂਡੂ ਇਲਾਕਿਆਂ ਦੀਆਂ ਲੋੜਾਂ ਵਧ ਰਹੀਆਂ ਹਨ, ਪਰ ਸਥਾਨਕ ਸੰਸਥਾਵਾਂ ਦੇ ਵਿੱਤੀ ਅਤੇ ਤਕਨੀਕੀ ਸਰੋਤ ਹਰ ਥਾਂ ਉਸੇ ਗਤੀ ਨਾਲ ਨਹੀਂ ਵਧ ਰਹੇ। ਅੱਜ ਲੋਕ ਸਿਰਫ਼ ਗਲੀ, ਨਾਲੀ ਜਾਂ ਸਟਰੀਟ ਲਾਈਟ ਨਹੀਂ ਚਾਹੁੰਦੇ। ਉਹ ਚੰਗੀਆਂ ਸੜਕਾਂ, ਸਾਫ਼ ਪਾਣੀ, ਸਫ਼ਾਈ ਅਤੇ ਕੂੜਾ ਪ੍ਰਬੰਧਨ, ਖੇਡ ਮੈਦਾਨ, ਸਿਹਤ ਸਹੂਲਤਾਂ, ਡਿਜ਼ੀਟਲ ਪਹੁੰਚ ਅਤੇ ਬੱਚਿਆਂ ਲਈ ਬਿਹਤਰ ਸਿੱਖਿਆ ਦੀ ਉਮੀਦ ਰੱਖਦੇ ਹਨ। ਵਧਦੀਆਂ ਉਮੀਦਾਂ ਅਤੇ ਸੀਮਤ ਸਰੋਤਾਂ ਵਿਚਕਾਰ ਦਾ ਫ਼ਰਕ ਪੇਂਡੂ ਵਿਕਾਸ ਲਈ ਇੱਕ ਗੰਭੀਰ ਚੁਣੌਤੀ ਹੈ। ਜਦੋਂ ਇੱਕ ਨੌਜਵਾਨ ਨੂੰ ਆਪਣੇ ਪਿੰਡ ਵਿੱਚ ਗੁਣਵੱਤਾ ਵਾਲੀ ਸਿੱਖਿਆ, ਨੌਕਰੀ, ਆਮਦਨ ਅਤੇ ਆਧੁਨਿਕ ਜੀਵਨ ਦੀਆਂ ਸਹੂਲਤਾਂ ਸੀਮਤ ਨਜ਼ਰ ਆਉਂਦੀਆਂ ਹਨ, ਤਾਂ ਸ਼ਹਿਰ ਜਾਂ ਵਿਦੇਸ਼ ਵੱਲ ਜਾਣਾ ਕੁਦਰਤੀ ਵਿਕਲਪ ਬਣ ਸਕਦਾ ਹੈ। ਪੇਂਡੂ ਪਰਿਵਾਰਾਂ ਵਿੱਚ ਜ਼ਮੀਨ ਵੇਚ ਕੇ ਬੱਚਿਆਂ ਦੀ ਪੜ੍ਹਾਈ ਜਾਂ ਵਿਦੇਸ਼ ਜਾਣ ਲਈ ਪੈਸਾ ਲਗਾਉਣ ਦੀ ਪ੍ਰਵਿਰਤੀ ਵੀ ਇਸ ਵੱਡੇ ਆਰਥਿਕ ਬਦਲਾਅ ਦਾ ਹਿੱਸਾ ਹੈ। ਪੈਸਾ ਘਰ ਵਾਪਸ ਆ ਸਕਦਾ ਹੈ, ਪਰ ਪਿੰਡ ਤੋਂ ਨੌਜਵਾਨ ਦਾ ਬਾਹਰ ਜਾਣਾ ਪਿੰਡ ਦੀ ਸਮਾਜਿਕ ਬਣਤਰ ਨੂੰ ਹੌਲੀ-ਹੌਲੀ ਬਦਲ ਦਿੰਦਾ ਹੈ।

ਪੇਂਡੂ ਭਾਰਤ ਨੂੰ ਸ਼ਹਿਰਾਂ ਦੀ ਨਕਲ ਬਣਾਉਣਾ ਲੋੜ ਨਹੀਂ ਹੈ। ਲੋੜ ਅਜਿਹੇ ਪਿੰਡਾਂ ਦੀ ਹੈ ਜਿੱਥੇ ਖੇਤੀਬਾੜੀ ਦੇ ਨਾਲ ਛੋਟੇ ਕਾਰੋਬਾਰ, ਸਥਾਨਕ ਰੋਜ਼ਗਾਰ, ਸਿੱਖਿਆ, ਸਿਹਤ, ਡਿਜ਼ੀਟਲ ਸੇਵਾਵਾਂ, ਆਵਾਜਾਈ ਅਤੇ ਮਜ਼ਬੂਤ ਬੁਨਿਆਦੀ ਢਾਂਚਾ ਇਕੱਠੇ ਵਿਕਸਤ ਹੋਣ। ਇੱਕ ਪੇਂਡੂ ਸੜਕ ਸਿਰਫ਼ ਤਾਰਕੋਲ ਦੀ ਪਰਤ ਨਹੀਂ, ਮੌਕਿਆਂ ਤੱਕ ਪਹੁੰਚ ਹੈ। ਇੱਕ ਬੱਸ ਸਿਰਫ਼ ਸਵਾਰੀ ਦਾ ਸਾਧਨ ਨਹੀਂ, ਸਿੱਖਿਆ ਅਤੇ ਰੋਜ਼ਗਾਰ ਨਾਲ ਜੁੜੀ ਕੜੀ ਹੈ। ਇੱਕ ਪਿੰਡ ਸਿਰਫ਼ ਖੇਤੀ ਕਰਨ ਵਾਲੀ ਥਾਂ ਨਹੀਂ, ਸਗੋਂ ਇੱਕ ਜੀਵੰਤ ਆਰਥਿਕ ਅਤੇ ਸਮਾਜਿਕ ਇਕਾਈ ਹੈ।

---

ਪੁਸਤਕ : ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ
ਲੇਖਕਾ : ਰਮਿੰਦਰ ਰੰਮੀ
ਪੰਨੇ: 188, ਮੁੱਲ: 425
ਪ੍ਰਕਾਸ਼ਕ: ਬਸੰਤ ਸੁਹੇਲ ਪਬਲੀਕੇਸ਼ਨਜ਼, ਫਗਵਾੜਾ।
ਰੀਵਿਊਕਾਰ :
ਡਾ. ਅਮਰਜੀਤ ਕੌਂਕੇ (98142 31698)





ਰਮਿੰਦਰ ਕੌਰ ਵਾਲੀਆ ਦੀ ਪੁਸਤਕ 'ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ' ਪੰਜਾਬੀ ਸਾਹਿਤ ਜਗਤ ਵਿੱਚ ਇੱਕ ਅਜਿਹੀ ਕਿਰਤ ਵਜੋਂ ਪੇਸ਼ ਹੁੰਦੀ ਹੈ, ਜੋ ਮਨੁੱਖੀ ਮਨ ਦੀਆਂ ਅਤਿ-ਸੂਖਮ, ਗੁੰਝਲਦਾਰ ਅਤੇ ਅਣਕਹੀਆਂ ਪਰਤਾਂ ਨੂੰ ਬੇਹੱਦ ਬੇਬਾਕੀ ਅਤੇ ਸੰਵੇਦਨਸ਼ੀਲਤਾ ਨਾਲ ਪੜਚੋਲਦੀ ਹੈ। ਲੇਖਿਕਾ ਦੀ ਸ਼ਾਇਰੀ ਸਿਰਫ਼ ਸ਼ਬਦਾਂ ਦਾ ਜੋੜ-ਤੋੜ ਨਹੀਂ ਹੈ, ਸਗੋਂ ਇਹ ਰੂਹ ਦੇ ਅੰਦਰਲੇ ਉਸ ਡੂੰਘੇ ਸਾਗਰ ਦੀ ਆਵਾਜ਼ ਹੈ, ਜਿਸ ਵਿੱਚ ਜਜ਼ਬਾਤਾਂ ਦੀਆਂ ਅਨੇਕਾਂ ਛੱਲਾਂ ਉੱਠਦੀਆਂ ਹਨ। ਇਸ ਪੁਸਤਕ ਦੀਆਂ ਕਵਿਤਾਵਾਂ ਦਾ ਡੂੰਘਾ ਅਧਿਐਨ ਕਰਨ 'ਤੇ ਪਤਾ ਲੱਗਦਾ ਹੈ ਕਿ ਇਹ ਕਿਤਾਬ ਜ਼ਿੰਦਗੀ ਦੇ ਵਿਭਿੰਨ ਪਹਿਲੂਆਂ, ਮਾਨਸਿਕ ਕਸ਼ਮਕਸ਼, ਨਾਰੀ ਦੀ ਅੰਦਰੂਨੀ ਤਾਕਤ ਅਤੇ ਮਨੁੱਖੀ ਇਕੱਲਤਾ ਨੂੰ ਇੱਕ ਮਾਲਾ ਵਿੱਚ ਪਰੋ ਕੇ ਪੇਸ਼ ਕਰਦੀ ਹੈ। ਲੇਖਿਕਾ ਨੇ ਆਪਣੇ ਨਿੱਜੀ ਅਨੁਭਵਾਂ ਨੂੰ ਬਹੁਤ ਹੀ ਸਰਲ ਸਧਾਰਨ ਸ਼ਬਦਾਂ ਰਾਹੀਂ ਪਾਠਕਾਂ ਦੇ ਸਨਮੁੱਖ ਰੱਖਿਆ ਹੈ, ਜਿਸ ਕਾਰਨ ਹਰ ਪਾਠਕ ਇਨ੍ਹਾਂ ਕਵਿਤਾਵਾਂ ਨਾਲ ਆਪਣੀ ਸਾਂਝ ਸਿਰਜ ਲੈਂਦਾ ਹੈ।

ਕਵਿਤਰੀ ਨੇ ਅਜੋਕੇ ਮਨੁੱਖ ਦੇ ਮਾਨਸਿਕ ਦਬਾਅ ਤੇ ਤਣਾਅ ਨੂੰ ਬੇਹੱਦ ਬਰੀਕੀ ਨਾਲ ਆਪਣੀਆਂ ਕਵਿਤਾਵਾਂ ਵਿੱਚ ਰੂਪਮਾਨ ਕੀਤਾ ਹੈ. ÷ਸ਼ਬਦਾਂ ਦਾ ਬਹੁਤ ਸ਼ੋਰ ਹੈ ਉਸ ਅੰਦਰ, ਸ਼ਬਦਾਂ ਦਾ ਸ਼ੋਰ ਜਦੋਂ ਵਧ ਜਾਂਦਾ, ਉਸਦੇ ਦਿਮਾਗ਼ ਵਿੱਚ ਖੌਰੂ ਮਚਾਉਂਦਾ ਹੈ÷ ਮਨੋਵਿਗਿਆਨਕ ਪੱਖ ਤੋਂ ਇੱਕ ਬਹੁਤ ਹੀ ਵੱਡਾ ਸੱਚ ਬਿਆਨ ਕਰਦੀਆਂ ਹਨ। ਅਜੋਕੇ ਦੌਰ ਵਿੱਚ ਹਰ ਇਨਸਾਨ ਬਾਹਰੋਂ ਜਿੰਨਾ ਸ਼ਾਂਤ ਨਜ਼ਰ ਆਉਂਦਾ ਹੈ, ਅੰਦਰੋਂ ਓਨਾ ਹੀ ਵੱਡਾ ਤੂਫ਼ਾਨ ਆਪਣੇ ਮਨ ਵਿੱਚ ਲੈ ਕੇ ਤੁਰਿਆ ਫਿਰਦਾ ਹੈ। ਲੇਖਿਕਾ ਨੇ ਇਸ 'ਅੰਦਰੂਨੀ ਸ਼ੋਰ' ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਫੜਿਆ ਹੈ। ਕਈ ਵਾਰ ਸਾਡੇ ਕੋਲ ਕਹਿਣ ਲਈ ਬਹੁਤ ਕੁਝ ਹੁੰਦਾ ਹੈ, ਪਰ ਸੁਣਨ ਵਾਲਾ ਕੋਈ ਨਹੀਂ ਹੁੰਦਾ, ਜਾਂ ਫਿਰ ਹਾਲਾਤ ਅਜਿਹੇ ਹੁੰਦੇ ਹਨ ਕਿ ਅਸੀਂ ਚਾਹ ਕੇ ਵੀ ਆਪਣੇ ਜਜ਼ਬਾਤ ਜ਼ਾਹਰ ਨਹੀਂ ਕਰ ਸਕਦੇ। ਇਹ ਅਣਕਹੇ ਸ਼ਬਦ, ਇਹ ਦੱਬੀਆਂ ਹੋਈਆਂ ਭਾਵਨਾਵਾਂ ਅੰਦਰ ਹੀ ਅੰਦਰ ਇਕੱਤਰ ਹੁੰਦੀਆਂ ਰਹਿੰਦੀਆਂ ਹਨ। ਜਦੋਂ ਇਹਨਾਂ ਸ਼ਬਦਾਂ ਦਾ ਹੜ੍ਹ ਬਰਦਾਸ਼ਤ ਦੀ ਹੱਦ ਪਾਰ ਕਰ ਜਾਂਦਾ ਹੈ, ਤਾਂ ਇਹ ਦਿਮਾਗ਼ ਵਿੱਚ ਇੱਕ 'ਖੌਰੂ' ਯਾਨੀ ਭਾਰੀ ਅਸ਼ਾਂਤੀ ਅਤੇ ਹਲਚਲ ਪੈਦਾ ਕਰ ਦਿੰਦਾ ਹੈ। ਇਹ ਖੌਰੂ ਮਨੁੱਖ ਦੀ ਨੀਂਦ, ਉਸਦਾ ਚੈਨ ਅਤੇ ਉਸਦੀ ਸੋਚਣ-ਸਮਝਣ ਦੀ ਸ਼ਕਤੀ ਨੂੰ ਪ੍ਰਭਾਵਿਤ ਕਰਦਾ ਹੈ। ਰਮਿੰਦਰ ਵਾਲੀਆ ਨੇ ਇਸ ਮਾਨਸਿਕ ਅਵਸਥਾ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਕਲਮਬੱਧ ਕੀਤਾ ਹੈ।



ਡਾ. ਅਮਰਜੀਤ ਕੌਂਕੇ
(98142 31698)

ਲੇਖਿਕਾ ਜਦੋਂ ਔਰਤ ਦੀ ਹੋਂਦ ਅਤੇ ਉਸਦੇ ਵਜੂਦ ਦੀ ਗੱਲ ਕਰਦੀ ਹੈ, ਤਾਂ ਉਹ ਸਮਾਜ ਦੀਆਂ ਸਾਰੀਆਂ ਰੂੜੀਵਾਦੀ ਅਤੇ ਪਿਤਾ-ਪੁਰਖੀ ਸੋਚ ਵਾਲੀਆਂ ਬੇੜੀਆਂ ਨੂੰ ਤੋੜਦੀ ਨਜ਼ਰ ਆਉਂਦੀ ਹੈ। ÷ਔਰਤ ਹਾਂ, ਕਮਜ਼ੋਰ ਨਹੀਂ ਹਾਂ, ਸ਼ਕਤੀ ਦਾ ਨਾਮ ਹੈ ਔਰਤ' ਇਹ ਸਤਰਾਂ ਸਿਰਫ਼ ਇੱਕ ਕਵਿਤਾ ਨਹੀਂ, ਸਗੋਂ ਨਾਰੀਵਾਦ ਦਾ ਇੱਕ ਮਜ਼ਬੂਤ ਐਲਾਨਨਾਮਾ ਬਣ ਜਾਂਦੀਆਂ ਹਨ। ਸਦੀਆਂ ਤੋਂ ਔਰਤ ਨੂੰ ਸਮਾਜ ਵੱਲੋਂ ਕਮਜ਼ੋਰ, ਅਬਲਾ ਜਾਂ ਦੂਜਿਆਂ 'ਤੇ ਨਿਰਭਰ ਮੰਨਿਆ ਜਾਂਦਾ ਰਿਹਾ ਹੈ। ਪਰ ਰਮਿੰਦਰ ਕੌਰ ਵਾਲੀਆ ਨੇ ਇਸ ਧਾਰਨਾ ਨੂੰ ਸਿਰੇ ਤੋਂ ਨਕਾਰਿਆ ਹੈ। ਉਹ ਔਰਤ ਦੀ ਤਸਵੀਰ ਨੂੰ ਇੱਕ ਵਿਚਾਰੀ ਬੇਬਸ ਔਰਤ ਵਜੋਂ ਨਹੀਂ, ਸਗੋਂ ਇੱਕ ਸਿਰਜਣਹਾਰ ਅਤੇ ਅਥਾਹ ਸ਼ਕਤੀ ਦੇ ਸੋਮੇ ਵਜੋਂ ਪੇਸ਼ ਕਰਦੀ ਹੈ। ਔਰਤ ਅੰਦਰ ਜ਼ਿੰਦਗੀ ਨੂੰ ਜਨਮ ਦੇਣ ਤੋਂ ਲੈ ਕੇ ਹਰ ਮੁਸ਼ਕਲ ਹਾਲਾਤ ਨਾਲ ਲੜਨ ਦੀ ਜੋ ਸਮਰੱਥਾ ਹੈ, ਉਹੀ ਉਸਦੀ ਅਸਲੀ ਤਾਕਤ ਹੈ। ਲੇਖਿਕਾ ਦਾ ਮੰਨਣਾ ਹੈ ਕਿ ਔਰਤ ਹੋਣਾ ਕੋਈ ਕਮਜ਼ੋਰੀ ਨਹੀਂ, ਸਗੋਂ ਇਹ ਕੁਦਰਤ ਵੱਲੋਂ ਬਖ਼ਸ਼ੀ ਗਈ ਇੱਕ ਵਿਸ਼ੇਸ਼ ਤਾਕਤ ਹੈ। ਇਹ ਸਤਰਾਂ ਅਜੋਕੀ ਔਰਤ ਨੂੰ ਆਪਣੀ ਅੰਦਰਲੀ ਤਾਕਤ ਪਛਾਣਨ, ਆਪਣੇ ਹੱਕਾਂ ਲਈ ਖੜ੍ਹੇ ਹੋਣ ਅਤੇ ਸਵੈ-ਮਾਣ ਨਾਲ ਜਿਊਣ ਦਾ ਸੁਨੇਹਾ ਦਿੰਦੀਆਂ ਹਨ। ਲੇਖਿਕਾ ਦੀ ਕਲਮ ਔਰਤ ਨੂੰ ਬੇਚਾਰਗੀ ਦੇ ਖੂਹ ਵਿੱਚੋਂ ਕੱਢ ਕੇ ਆਤਮ-ਵਿਸ਼ਵਾਸ ਦੇ ਸਿਖਰ 'ਤੇ ਬਿਠਾਉਂਦੀ ਹੈ।



ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਵਿੱਚ ਉਦਾਸੀ, ਇਕੱਲਤਾ ਅਤੇ ਰਾਤ ਦੇ ਸੰਨਾਟੇ ਦਾ ਜੋ ਚਿਤਰਨ ਕੀਤਾ ਗਿਆ ਹੈ, ਉਹ ਪਾਠਕ ਨੂੰ ਧੁਰ ਅੰਦਰ ਤੱਕ ਬੇਚੈਨ ਕਰਦਾ ਹੈ। ÷ਰਾਤ ਦਾ ਸੰਨਾਟਾ, ਬਹੁਤ ਗਹਿਰਾ ਹੁੰਦਾ ਹੈ, ਨੀਂਦ ਨਾ ਆਏ ਤਾਂ ਸੰਨਾਟਾ ਹੋਰ ਗਹਿਰਾ ਲੱਗਦਾ ਹੈ÷, ਇਹ ਸਤਰਾਂ ਮਨੁੱਖੀ ਬਿਰਤੀ ਦੀ ਉਸ ਅਵਸਥਾ ਨੂੰ ਬਿਆਨ ਕਰਦੀਆਂ ਹਨ ਜਿੱਥੇ ਇਨਸਾਨ ਦੁਨੀਆ ਦੀ ਭੀੜ ਤੋਂ ਟੁੱਟ ਕੇ ਬਿਲਕੁਲ ਇਕੱਲਾ ਰਹਿ ਜਾਂਦਾ ਹੈ। ਦਿਨ ਦੀ ਭੱਜ-ਦੌੜ ਅਤੇ ਸ਼ੋਰ-ਸ਼ਰਾਬੇ ਵਿੱਚ ਤਾਂ ਮਨੁੱਖ ਆਪਣੇ ਆਪ ਨੂੰ ਰੁਝਿਆ ਰੱਖਦਾ ਹੈ, ਪਰ ਜਦੋਂ ਰਾਤ ਪੈਂਦੀ ਹੈ ਅਤੇ ਚਾਰੇ ਪਾਸੇ ਚੁੱਪ ਪਸਰ ਜਾਂਦੀ ਹੈ ਤਾਂ ਇਹ ਸੰਨਾਟਾ ਹੋਰ ਗਹਿਰਾ ਤੇ ਸੰਘਣਾ ਹੋ ਜਾਂਦਾ ਹੈ। 'ਸ਼ਬਦਾਂ ਦਾ ਸ਼ੋਰ' ਹੋਰ ਉੱਚਾ ਹੋ ਜਾਂਦਾ ਹੈ। ਇਹ ਉਹ ਵਕਤ ਹੁੰਦਾ ਹੈ ਜਦੋਂ ਇਨਸਾਨ ਖ਼ੁਦ ਨਾਲ ਗੱਲਾਂ ਕਰਦਾ ਹੈ, ਆਪਣੀਆਂ ਕਮੀਆਂ, ਆਪਣੇ ਦੁੱਖਾਂ, ਆਪਣੀਆਂ ਯਾਦਾਂ ਅਤੇ ਆਪਣੀ ਜ਼ਿੰਦਗੀ ਦੇ ਖ਼ਾਲੀਪਣ ਨਾਲ ਆਹਮੋ-ਸਾਹਮਣੇ ਹੁੰਦਾ ਹੈ। ਲੇਖਿਕਾ ਨੇ ਰਾਤ ਦੀ ਇਸ ਚੁੱਪ ਨੂੰ ਇੱਕ ਜਿਊਂਦੇ ਜਾਗਦੇ ਕਿਰਦਾਰ ਵਾਂਗ ਪੇਸ਼ ਕੀਤਾ ਹੈ ਜੋ ਇਨਸਾਨ ਨੂੰ ਆਪਣੀ ਰੂਹ ਦੀ ਤਲਾਸ਼ੀ ਲੈਣ ਲਈ ਮਜਬੂਰ ਕਰ ਦਿੰਦਾ ਹੈ। ਇਹ ਸਤਰਾਂ ਦਰਦ, ਬਿਰਹਾ ਅਤੇ ਮਨੁੱਖੀ ਹੋਂਦ ਦੇ ਖੋਖਲੇਪਣ ਦਾ ਬਾਖ਼ੂਬੀ ਪ੍ਰਗਟਾਵਾ ਕਰਦੀਆਂ ਹਨ।

ਕਿਤਾਬ ਦਾ ਸਿਰਲੇਖ 'ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ' ਵੀ ਇਹਨਾਂ ਸਭ ਭਾਵਨਾਵਾਂ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਸ਼ਕ ਸਿਰਫ਼ ਦੁਨਿਆਵੀ ਮੁਹੱਬਤ ਤੱਕ ਸੀਮਿਤ ਨਹੀਂ ਹੈ; ਇਸ਼ਕ ਰੱਬ ਨਾਲ, ਇਸ਼ਕ ਆਪਣੀ ਰੂਹ ਨਾਲ, ਇਸ਼ਕ ਮਨੁੱਖਤਾ ਨਾਲ ਅਤੇ ਇਸ਼ਕ ਆਪਣੇ ਆਪ ਨਾਲ, ਇਹ ਸਭ ਇਸ ਸੋਹਣੇ ਮੰਦਿਰ ਦੇ ਵੱਖ-ਵੱਖ ਦਰਵਾਜ਼ੇ ਹਨ। ਜਦੋਂ ਇਨਸਾਨ ਆਪਣੇ ਅੰਦਰਲੇ ਸ਼ੋਰ ਨੂੰ ਸਮਝ ਲੈਂਦਾ ਹੈ, ਆਪਣੀ ਅਸਲੀ ਸ਼ਕਤੀ ਨੂੰ ਪਛਾਣ ਲੈਂਦਾ ਹੈ ਅਤੇ ਰਾਤ ਦੇ ਸੰਨਾਟਿਆਂ ਵਿੱਚ ਖ਼ੁਦ ਨੂੰ ਲੱਭ ਲੈਂਦਾ ਹੈ, ਤਦ ਹੀ ਉਹ ਇਸ 'ਇਸ਼ਕ ਦੇ ਮੰਦਿਰ' ਵਿੱਚ ਪ੍ਰਵੇਸ਼ ਕਰਨ ਦੇ ਕਾਬਲ ਹੁੰਦਾ ਹੈ। ਲੇਖਿਕਾ ਦਾ ਨਜ਼ਰੀਆ ਬਹੁਤ ਪਾਕ ਅਤੇ ਰੂਹਾਨੀ ਹੈ, ਜਿਸ ਵਿੱਚ ਦਰਦ ਦੀ ਕੁਠਾਲੀ ਵਿੱਚੋਂ ਲੰਘ ਕੇ ਹੀ ਇਨਸਾਨ ਕੁੰਦਨ ਬਣਦਾ ਹੈ।

ਸਮੁੱਚੇ ਤੌਰ 'ਤੇ ਜੇਕਰ ਦੇਖਿਆ ਜਾਵੇ ਤਾਂ, ਰਮਿੰਦਰ ਕੌਰ ਵਾਲੀਆ ਦੀ ਇਹ ਪੁਸਤਕ ਪੰਜਾਬੀ ਸਾਹਿਤਕ ਖੇਤਰ ਵਿੱਚ ਇੱਕ ਮਹੱਤਵਪੂਰਨ ਪੁਸਤਕ ਹੈ। ਉਸ ਦੀ ਭਾਸ਼ਾ ਸ਼ੈਲੀ ਬਹੁਤ ਹੀ ਸਰਲ, ਸਪਸ਼ਟ ਪਰ ਗਹਿਰੇ ਅਰਥ ਪ੍ਰਦਾਨ ਕਰਦੀ ਹੈ। ਕਵਿਤਰੀ ਔਖੇ ਅਤੇ ਬੋਝਲ ਸ਼ਬਦਾਂ ਦੀ ਵਰਤੋਂ ਕਰਨ ਦੀ ਬਜਾਏ, ਰੋਜ਼ਮੱਰਾ ਦੀ ਜ਼ਿੰਦਗੀ ਦੇ ਸਾਧਾਰਨ ਸ਼ਬਦਾਂ ਰਾਹੀਂ ਅਸਾਧਾਰਨ ਗੱਲਾਂ ਕਹਿਣ ਦਾ ਹੁਨਰ ਰੱਖਦੀ ਹੈ।

ਇਹ ਕਿਤਾਬ ਪਾਠਕ ਨੂੰ ਆਪਣੇ ਨਾਲ ਤੋਰਦੀ ਹੈ, ਉਸਨੂੰ ਰੁਆਉਂਦੀ ਹੈ, ਉਸਨੂੰ ਹੌਸਲਾ ਦਿੰਦੀ ਹੈ ਅਤੇ ਅੰਤ ਵਿੱਚ ਉਸਨੂੰ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਲਈ ਤਿਆਰ ਕਰਦੀ ਹੈ। ਇਹ ਪੁਸਤਕ ਉਹਨਾਂ ਸਭ ਲਈ ਇੱਕ ਚਾਨਣ-ਮੁਨਾਰਾ ਹੈ ਜੋ ਆਪਣੇ ਅੰਦਰਲੇ ਸ਼ੋਰ ਤੋਂ ਪਰੇਸ਼ਾਨ ਹਨ, ਜੋ ਸਮਾਜਿਕ ਤਾਣੇ-ਬਾਣੇ ਵਿੱਚ ਆਪਣੀ ਹੋਂਦ ਤਲਾਸ਼ ਰਹੇ ਹਨ, ਅਤੇ ਜੋ ਰਾਤ ਦੇ ਸੰਨਾਟਿਆਂ ਵਿੱਚ ਜ਼ਿੰਦਗੀ ਦੇ ਅਰਥ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। 'ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ' ਪੜ੍ਹਨ ਤੋਂ ਬਾਅਦ ਪਾਠਕ ਦੇ ਅੰਦਰ ਇੱਕ ਅਜਿਹੀ ਖ਼ਾਮੋਸ਼ੀ ਛਾ ਜਾਂਦੀ ਹੈ, ਜੋ ਬਾਹਰੀ ਸ਼ੋਰ ਨਾਲੋਂ ਕਿਤੇ ਵੱਧ ਸਕੂਨ ਦੇਣ ਵਾਲੀ ਹੁੰਦੀ ਹੈ।

---

# ਜੰਗਲੀ ਗੁਲਾਬ ਨਾਵਲ ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ

ਪੁਸਤਕ ਦਾ ਨਾਂ - ਜੰਗਲੀ ਗੁਲਾਬ (ਨਾਵਲ)
ਨਾਵਲਕਾਰ -ਦਵਿੰਦਰ ਸਿੰਘ ਮਲਹਾਂਸ
ਪੰਨੇ-136, ਕੀਮਤ-199/- ਰੁਪਏ
ਪ੍ਰਕਾਸ਼ਕ-ਆਟਮ ਆਰਟ, ਪਟਿਆਲਾ।
ਰਿਵਿਊਕਾਰ-ਤੇਜਿੰਦਰ ਚੰਡਿਹੋਕ

ਨਾਵਲ ਦੀ ਇਕ ਖ਼ੂਬੀ ਇਹ ਹੁੰਦੀ ਹੈ ਕਿ ਰਚਨਾਕਾਰ ਆਪਣੇ ਹਾਵ ਭਾਵ ਵਿਸਤਰਿਤ ਰੂਪ ਵਿੱਚ ਬਿਆਨ ਕਰ ਸਕਦਾ ਹੈ ਕਿਉਂਕਿ ਨਾਵਲ ਦੀ ਕੋਈ ਸੀਮਾ ਨਹੀਂ ਹੁੰਦੀ ਪਰ ਇਹ ਵੀ ਜ਼ਰੂਰੀ ਹੈ ਕਿ ਇਸ ਵਿਚ ਵਾਧੂ ਦੀ ਵਾਰਤਾਲਾਪ ਨਾ ਕੀਤੀ ਜਾਵੇ। ਨਾਵਲ ਦਾ ਹਰ ਭਾਗ ਇਕ ਕੜੀ ਵਾਂਗ ਹੋਣਾ ਚਾਹੀਦਾ ਹੈ। ÷ ਜੰਗਲੀ ਗੁਲਾਬ ÷ ਪਰਵਾਸੀ ਲੇਖਕ ਦਵਿੰਦਰ ਸਿੰਘ ਮਲਹਾਂਸ ਦਾ ਪਲੇਠਾ ਨਾਵਲ ਹੈ। ਉਝ ਉਸ ਦੇ ਦੋ ਕਹਾਣੀ ਸੰਗ੍ਰਹਿ ਬੇਗ਼ਮ ਅਤੇ ਗੁਲਾਬ 2008 ਵਿਚ ਅਤੇ ਗੋਰੀ ਸਰਕਾਰ 2012 ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਜੰਗਲੀ ਗੁਲਾਬ ਨੂੰ ਲਿਬਨਾਨ ਵਿਚ ਵਾਇਲਡ ਰੋਜ਼ ਆਖਿਆ ਜਾਂਦਾ ਹੈ।




ਸਾਬਕਾ ਏ ਐਸ ਪੀ. (ਰਾਸ਼ਟਰਪਤੀ ਤੋਂ ਐਵਾਰਡ ਪ੍ਰਾਪਤ), ਸੰਸ. ਅਤੇ ਪ੍ਰਧਾਨ ਲੋਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ।

ਜਦੋਂ ਅਸੀਂ ਇਸ ਨਾਵਲ ਦਾ ਨਿਰੀਖਣ ਕਰਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਇਹ ਨਾਵਲ ਦੋ ਭਾਗਾਂ ਵਿੱਚ ਵੰਡਿਆ ਹੋਇਆ ਹੈ। ਪਹਿਲੇ ਭਾਗ ਵਿੱਚ ਸੱਤ ਅਤੇ ਦੂਜੇ ਭਾਗ ਵਿੱਚ ਤੇਰਾਂ ਕਾਂਡ ਬਣਾਏ ਗਏ ਹਨ ਪਰ ਇਹ ਛੋਟੇ ਛੋਟੇ ਕਾਂਡ ਲੜੀਵਾਰ ਚਲਦੇ ਹਨ। ਨਾਵਲ ਬਾਰੇ ਵਿਦਵਾਨ ਕਹਾਣੀਕਾਰਾਂ ਜਤਿੰਦਰ ਹਾਂਸ, ਬਲਵਿੰਦਰ ਸਿੰਘ ਗਰੇਵਾਲ ਅਤੇ ਜਸਵੀਰ ਰਾਣਾ ਨੇ ਆਪਣੇ ਵਿਚਾਰ ਵਿਅਕਤ ਕੀਤੇ ਹਨ। ਇਸ ਨਾਵਲ ਦਾ ਮੁੱਖ ਨਾਇਕ ਅਰਜਣ ਹੈ ਜਿਹੜਾ ਪੰਜਾਬ ਦੇ ਹਾਲਾਤਾਂ ਅਤੇ ਸਮਾਜਿਕ ਕੁਰੀਤੀਆਂ ਨੂੰ ਮੁੱਖ ਰੱਖਦਿਆਂ ਉਸ ਦੇ ਘਰ ਵਾਲਿਆਂ ਵਲੋਂ ਉਸਨੂੰ ਵਿਦੇਸ਼ ਭੇਜਦੇ ਹਨ। ਨਾਵਲ ਦੇ ਪਹਿਲੇ ਹਿੱਸੇ ਦੇ ਸੱਤ ਕਾਂਡਾਂ ਵਿਚ ਉਸ ਦੇ ਪੰਜਾਬ ਤੋਂ ਲਿਬਨਾਨ ਤੱਕ ਦਾ ਬਿਰਤਾਂਤ ਸਿਰਜਿਆ ਗਿਆ ਹੈ। ਪਹਿਲੇ ਭਾਗ ਵਿੱਚ ਅਰਜਣ ਦਾ ਪੰਜਾਬ ਤੋਂ ਲਿਬਨਾਨ ਤੱਕ ਦਾ ਸਫ਼ਰ ਬਿਆਨ ਕੀਤਾ ਗਿਆ ਹੈ। ਏਅਰ ਪੋਰਟ ਤੇ ਸਰੂਪ ਸਿੰਘ ਦਾ ਮਿਲਣਾ ਅਤੇ ਆਸਾਨੀ ਨਾਲ ਵਿਦੇਸ਼ ਜਾਣ ਦਾ ਢੰਗ ਦੱਸਣਾ ਤੇ ਮੁੜ ਬਿਮਾਰ ਹੋਣ ਕਰਕੇ ਸਰੂਪ ਸਿੰਘ ਨੂੰ ਵਾਪਸ ਆਉਣਾ ਉਸਨੂੰ ਸੌਖਾ ਲਗਦਾ ਹੈ।

ਡੌਂਕੀ ਲਾ ਕੇ ਵਿਦੇਸ਼ ਜਾਣਾ ਕੰਡਿਆਲੇ ਰਾਹ ਤੁਰਨ ਦੇ ਬਰਾਬਰ ਹੈ। ਉੱਚੇ -ਉੱਚੇ ਪਹਾੜਾਂ ਨੂੰ ਪਾਰ ਕਰਨਾ, ਜੰਗਲਾਂ ਵਿੱਚੋਂ ਲੰਘਣਾ ਅਤੇ ਹੋਰ ਮੁਸੀਬਤਾਂ ਨੂੰ ਝੱਲਣਾ, ਕਿੰਨਾ ਔਖਾ ਹੈ, ਇਹ ਨਾਵਲ ਤੋਂ ਪ੍ਰਤੱਖ ਨਜ਼ਰ ਆਉਂਦਾ ਹੈ। ਅਰਜਣ ਦੇ ਪਿੰਡ ਗੁਰਮੇਲ ਦੀ ਭੂਆ ਰਹਿੰਦੀ ਹੈ ਜਿਸ ਦਾ ਪਤਾ ਉਸ ਨੂੰ ਲਿਬਨਾਨ ਜਾ ਕੇ ਪਤਾ ਲੱਗਦਾ ਹੈ ਜਦੋਂ ਗੁਰਮੇਲ ਉਸ ਨੂੰ ਇਕ ਬਾਗ਼ ਵਿੱਚ ਕੰਮ ਤੇ ਰਖਵਾਉਂਦਾ ਹੈ। ਉਥੇ ਵੀ ਇਸ ਦੇਸ਼ ਵਾਂਗ ਜਲਣ, ਈਰਖਾ ਮੌਜੂਦ ਹੈ। ਇਹ ਵੀ ਪਤਾ ਲਗਾ ਕਿ ਲਿਬਨਾਨ ਦੀ ਅੰਦਰੂਨੀ ਲੜਾਈ ਕਰਕੇ ਕਈ ਕੁੜੀਆਂ ਕੁਆਰੀਆਂ ਰਹਿ ਗਈਆਂ। ਇਕ ਕੁੜੀ ਕਲੇਰ ਦਾ ਅਰਜਣ ਨਾਲ ਉਥੇ ਸੰਪਰਕ ਤਾਂ ਹੁੰਦਾ ਹੈ ਪਰ ਉਸ ਨਾਲ ਵਿਆਹ ਕਰਵਾਉਣ ਜਾਂ ਰਹਿਣ ਲਈ ਤਿਆਰ ਨਹੀਂ ਹੁੰਦੀ। ਗੁਰਮੇਲ ਆਪਣਾ ਸਾਰਾ ਕੰਮ ਅਰਜਣ ਨੂੰ ਸੌਂਪ ਕੇ ਵਿਆਹ ਕਰਵਾਉਣ ਪੰਜਾਬ ਆਉਂਦਾ ਹੈ ਤੇ ਫਿਰ ਵਾਪਸ ਚਲਾ ਜਾਂਦਾ ਹੈ। ਗੁਰਮੇਲ ਭਾਵੇਂ ਅਨਪੜ੍ਹ ਹੈ ਪਰ ਉਸ ਦੀ ਪਤਨੀ ਬੀ. ਏ. ਪਾਸ ਅਤੇ ਮਾਸਟਰਨੀ ਲਗੀ ਹੋਈ ਹੈ। ਬਾਅਦ ਵਿੱਚ ਉਸ ਦੀ ਪਤਨੀ ਵੀ ਬੇਰੂਤ ਪਹੁੰਚ ਜਾਂਦੀ ਹੈ।

ਜਿੱਥੇ ਉਸ ਦੇ ਬੇਟਾ ਪੈਦਾ ਹੁੰਦਾ ਹੈ ਜਿਸ ਦੀ ਖ਼ੁਸ਼ਖ਼ਬਰੀ ਗੁਰਮੇਲ ਅਰਜਣ ਨੂੰ ਫੋਨ ਤੇ ਦਿੰਦਾ ਹੈ। ਅਰਜਣ ਲਿਬਨਾਨ ਤੋਂ ਆਪਣੇ ਸਾਥੀਆਂ ਜੀਤੀ ਅਤੇ ਕਾਲੇ ਨਾਲ ਜਰਮਨ ਲਈ ਰਵਾਨਾ ਹੁੰਦਾ ਹੈ।

ਦੂਜੇ ਭਾਗ ਵਿਚ ਅਰਜਣ ਦਾ ਅਗਲਾ ਸਫ਼ਰ ਲਿਬਨਾਨ ਤੋਂ ਜਰਮਨ ਤੇ ਜਰਮਨ ਤੋਂ ਇੰਗਲੈਂਡ ਜਾਣ ਦੀ ਥਾਂ ਵਾਪਸ ਇੰਡੀਆ ਲਈ ਸ਼ੁਰੂ ਹੁੰਦਾ ਹੈ। ਡੌਂਕੀ ਰਾਹੀਂ ਵਿਦੇਸ਼ ਜਾਣ ਲਈ ਲੈਟਰੀਨ, ਬਾਥ ਰੂਮ ਜਾਣ ਦੀ ਦਿੱਕਤ, ਦੁੱਖ ਸਹਿਣ ਕਰਨੇ, ਛੋਟੀ ਥਾਂ ਤੇ ਸੁੰਗੜ ਕੇ ਰਹਿਣਾ, ਭੁੱਖ ਮਿਟਾਉਣ ਲਈ ਸਿਗਰਟ ਪੀਣੀ ਜਾਂ ਬਰਫ਼ ਖਾਣ ਦਾ ਜੁਗਾੜ ਕਰਨਾ ਬਹੁਤ ਔਖਿਆਈ ਦਾ ਕੰਮ ਹੈ। ਜਰਮਨ ਜਾਂਦਿਆਂ ਰਾਹ ਵਿਚ ਜਿਥੇ ਰੁਕੇ ਉਥੇ ਇਕ ਹੋਰ ਪਾਤਰ ਗੁਰਦੇਵ ਸਿੰਘ ਵੀ ਪਿਛਲੇ ਦੋ ਸਾਲ ਤੋਂ ਮਾਸਕੋ ਰੁਕਿਆ ਹੋਇਆ ਮਿਲਦਾ ਹੈ ਜਿਸ ਦੇ ਲੁਧਿਆਣਾ ਵਾਲੇ ਏਜੰਟ ਕੋਲੇ ਨੂੰ ਪੂਰੀ ਰਕਮ ਨਾ ਮਿਲਣ ਕਰਕੇ ਏਜੰਟ ਵਲੋਂ ਰੋਕਿਆ ਗਿਆ ਸੀ ਅਤੇ ਗੁਰਦੇਵ ਦਾ ਪਿਤਾ ਆਤਮ ਹੱਤਿਆ ਕਰ ਲੈਂਦਾ ਹੈ। ਉਥੋਂ ਦੀ ਪੁਲਿਸ ਦਾ ਕਿਰਦਾਰ ਸਾਹਮਣੇ ਆਉਂਦਾ ਹੈ ਜਦੋਂ ਅਰਜਣ ਤੇ ਜੀਤੀ ਤੋਂ ਦਸ- ਦਸ ਡਾਲਰ ਮੰਗਦਾ ਹੈ। ਜੀਤੀ ਅਰਜਣ ਨਾਲ ਧੁਰ ਤੱਕ ਸਾਥ ਨਿਭਾਉਂਦਾ ਹੈ।





ਜਰਮਨ ਵਿੱਚ ਪੂੰਜੀ ਪਤੀਆਂ ਵਲੋਂ ਆਮ ਜਨਤਾ ਨੂੰ ਕੀੜੇ ਮਕੌੜੇ ਸਮਝਿਆ ਜਾਂਦਾ ਹੈ ਅਤੇ ਪੈਸੇ ਦੀ ਕਾਣੀ ਵੰਡ ਕੀਤੀ ਜਾਂਦੀ ਹੈ। ਜਰਮਨ ਦੇ ਸ਼ਹਿਰ ਫਰਾਈ ਬਰਗ ਵਿਚ ਅਰਜਣ ਅਤੇ ਜੀਤੀ ਅਫ਼ਗਾਨੀਆਂ ਔਤਾ ਅਤੇ ਗੁਲਾਮ ਨਾਲ ਐਡਜਸਟ ਕੀਤਾ ਜਾਂਦਾ ਹੈ। ਅਰਜਣ ਈਸਟ ਜਰਮਨ ਤੋਂ ਵੈਸਟ ਜਰਮਨ ਵਿੱਚ ਆਪਣੇ ਮਾਮੇ ਦੇ ਮੁੰਡੇ ਲੱਕੀ ਕੋਲ ਚਲਾ ਜਾਂਦਾ ਹੈ। ਜਿੱਥੇ ਲੱਕੀ ਰੈਸਟੋਰੈਂਟ ਵਿਚ ਹੈਲਪਰ ਕੁੱਕ ਦਾ ਕੰਮ ਕਰਦਾ ਹੈ ਉਥੇ ਅਰਜਣ ਨੂੰ ਭਾਂਡੇ ਮਾਂਜਣ ਤੇ ਕੰਮ ਦਵਾ ਦਿੰਦਾ ਹੈ ਪਰ ਉਹ ਅਰਜਣ ਨਾਲ ਸਹੀ ਵਰਤਾਓ ਨਹੀਂ ਕਰਦਾ। ਨਾਵਲ ਵਿਚ ਜਰਮਨ ਅਤੇ ਭਾਰਤ ਦੀ ਪੁਲਿਸ ਦੀ ਤੁਲਨਾ ਵੀ ਕੀਤੀ ਹੈ। ਉਹਨਾਂ ਦੀ ਪੁਲਿਸ ਹਰ ਗੱਲ ਉਪਰ ਨਾਗਰਿਕਾਂ ਦਾ ਧੰਨਵਾਦ ਕਰਦੀ ਹੈ। ਇਹ ਵੀ ਗੱਲ ਸਾਹਮਣੇ ਆਈ ਹੈ ਕਿ ਉਥੋਂ ਦੇ ਲੋਕ ਕਿੰਨੇ ਇਮਾਨਦਾਰ ਹਨ। ਜਿਸ ਰੈਸਟੋਰੈਂਟ ਵਿਚ ਅਰਜਣ ਕੰਮ ਕਰਦਾ ਹੈ, ਉਥੋਂ ਦੇ ਮਾਲਕ ਪਪੀਨੋ ਭਾਵੇਂ ਗੈਰ ਕਾਨੂੰਨੀ ਕੰਮ ਕਰਦਾ ਹੈ ਪਰ ਉਹ ਰੈਸਟੋਰੈਂਟ ਬੰਦ ਹੋ ਜਾਣ ਤੇ ਵੀ ਅਰਜਣ ਦੀ ਮਿਹਨਤ ਉਸ ਨੂੰ ਦੇ ਦਿੰਦਾ ਹੈ। ਅਰਜਣ ਦੇ ਇਸ ਸਾਰੇ ਸਫ਼ਰ ਦੌਰਾਨ ਉਸ ਦਾ ਪਿਤਾ, ਭੈਣ ਆਦਿ ਦੀ ਮੌਤ ਹੋ ਜਾਂਦੀ ਹੈ। ਅਰਜਣ ਦੇ ਪਰਿਵਾਰ ਨੂੰ ਇਹ ਉਮੀਦ ਹੁੰਦੀ ਹੈ ਕਿ ਉਹ ਵਿਦੇਸ਼ ਜਾ ਕੇ ਕਮਾਈ ਘਰ ਭੇਜੇਗਾ ਜਿਸ ਲਈ ਉਹਨਾਂ ਨੇ ਜ਼ਮੀਨ ਵੇਚ ਕੇ ਵਿਦੇਸ਼ ਭੇਜਿਆ ਸੀ ਪਰ ਅਰਜਣ ਦੇ ਉਥੇ ਖ਼ਰਚੇ ਹੀ ਪੂਰੇ ਨਹੀਂ ਹੁੰਦੇ। ਅਰਜਣ ਵਲੋਂ ਆਪਣੇ ਮਾਮੇ ਦੇ ਮੁੰਡੇ ਨੂੰ ਦਿੱਤੇ ਪੈਸੇ ਵੀ ਉਸਨੂੰ ਨਾ ਤਾਂ ਵਾਪਸ ਮਿਲਦੇ ਹਨ ਤੇ ਨਾ ਹੀ ਅਰਜਣ ਦੇ ਪਰਿਵਾਰ ਨੂੰ ਭੇਜੇ ਜਾਂਦੇ ਹਨ ਸਗੋਂ ਲੱਕੀ ਆਪ ਹੀ ਵਰਤ ਲੈਂਦਾ ਹੈ।

ਨਾਵਲ ਰਾਹੀਂ ਭਾਰਤ ਤੋਂ ਵਿਦੇਸ਼ ਗਏ ਬੰਦੇ ਲਈ ਉਥੇ ਜਾ ਕੇ ਰੁਜ਼ਗਾਰ ਲੱਭਣਾ ਅਤੇ ਪੱਕੇ ਹੋਣ ਲਈ ਕਈ ਪਾਪੜ ਵੇਲਣੇ ਪੈਂਦੇ ਹਨ। ਉਥੋਂ ਦੀਆਂ ਗੋਰੀਆਂ ਨਾਲ ਵਿਆਹ ਕਰਵਾ ਕੇ ਪੱਕੇ ਹੋਣ ਅਤੇ ਉਹਨਾਂ ਤੋਂ ਪਿਆਰ ਲਈ ਉਤਸੁਕਤਾ ਬਣੀ ਰਹਿੰਦੀ ਹੈ। ਪੁਲਿਸ ਦਾ ਡਰ ਹਮੇਸ਼ਾਂ ਬਣਿਆ ਰਹਿੰਦਾ ਹੈ। ਕਾਗ਼ਜ਼ ਪੂਰੇ ਨਾ ਹੋਣ ਕਰਕੇ ਵਾਪਸ ਕੀਤੇ ਜਾਣ ਦਾ ਡਰ ਵੀ ਬਰਕਰਾਰ ਰਹਿੰਦਾ ਹੈ। ਨਾਵਲ ਦੇ ਅੰਤ ਵਿੱਚ ਪਤਾ ਲਗਦਾ ਹੈ ਕਿ ਅਰਜਣ ਜਰਮਨ ਤੋਂ ਇੰਗਲੈਂਡ ਜਾਣ ਦੀ ਸੋਚਦਾ ਹੈ ਪਰ ਉਸ ਨੂੰ ਜਰਮਨ ਤੋਂ ਇੰਗਲੈਂਡ ਦੇ ਰਾਹ ਵਿੱਚੋਂ ਭਾਰਤ ਲਈ ਡੀਪੋਰਟ ਕਰ ਦਿੱਤਾ ਜਾਂਦਾ ਹੈ।

ਨਾਵਲ ਵਿਚ ਗੀਤਾ ਦੇ ਗਿਆਨ ਦੀਆਂ ਗੱਲਾਂ, ਬੇਅੰਤ ਮੁਹਾਵਰੇ, ਅਖਾਣ ਮਿਲਦੇ ਹਨ। ਇਹ ਕਥਨ ਵੀ ਮਿਲਦੇ ਹਨ ਕਿ ਭਾਰਤ ਵਿੱਚ ਜਾਇਦਾਦ ਬੰਦੇ ਦੀ ਇੱਜ਼ਤ ਅਤੇ ਰੁਜ਼ਗਾਰ ਹੁੰਦੀ ਹੈ। ਪਿਤਾ ਦੀ ਜੱਫੀ ਦੀ ਨਿੱਘ ਵਿਚ ਕਮਾਲ ਦਾ ਜਾਦੂ ਹੁੰਦਾ ਹੈ। ਇਹ ਇੱਕ ਗੰਭੀਰ ਕਿਸਮ ਦਾ ਨਾਵਲ ਹੈ ਜਿਹੜਾ ਵਿਦੇਸ਼ ਜਾਣ ਵਾਲਿਆਂ ਨੂੰ ਸੁਚੇਤ ਵੀ ਕਰਦਾ ਹੈ।

---

# ਖ਼ੁਸ਼ਗਵਾਰ ਸਕੂਲੀ ਮਾਹੌਲ: ਬੱਚਿਆਂ ਨੂੰ ਸਕੂਲ ਨਾਲ ਜੋੜਨ ਦੀ ਸਭ ਤੋਂ ਵੱਡੀ ਤਾਕਤ

ਸਿੱਖਿਆ ਕਿਸੇ ਵੀ ਸਮਾਜ ਦੀ ਤਰੱਕੀ ਦੀ ਨੀਂਹ ਹੁੰਦੀ ਹੈ ਅਤੇ ਸਕੂਲ ਉਸ ਨੀਂਹ ਨੂੰ ਮਜ਼ਬੂਤ ਕਰਨ ਵਾਲਾ ਸਭ ਤੋਂ ਮਹੱਤਵਪੂਰਨ ਅਦਾਰਾ। ਪਰ ਅੱਜ ਸਵਾਲ ਇਹ ਹੈ ਕਿ ਕੀ ਸਿਰਫ਼ ਸ਼ਾਨਦਾਰ ਇਮਾਰਤਾਂ, ਆਧੁਨਿਕ ਕਲਾਸਰੂਮ, ਸਮਾਰਟ ਬੋਰਡ ਜਾਂ ਵਧੀਆ ਨਤੀਜੇ ਹੀ ਕਿਸੇ ਸਕੂਲ ਨੂੰ ਚੰਗਾ ਬਣਾਉਂਦੇ ਹਨ? ਇਸ ਦਾ ਜਵਾਬ ਹੈ—ਨਹੀਂ। ਅਸਲ ਵਿੱਚ ਕਿਸੇ ਵੀ ਸਕੂਲ ਦੀ ਪਛਾਣ ਉਸ ਦੇ ਖ਼ੁਸ਼ਗਵਾਰ, ਸੁਰੱਖਿਅਤ, ਪਿਆਰ-ਭਰੇ ਅਤੇ ਪ੍ਰੇਰਣਾਦਾਇਕ ਮਾਹੌਲ ਨਾਲ ਹੁੰਦੀ ਹੈ। ਜਦੋਂ ਸਕੂਲ ਦਾ ਮਾਹੌਲ ਬੱਚਿਆਂ ਦੇ ਮਨ ਨੂੰ ਭਾਵੇ, ਤਾਂ ਉਨ੍ਹਾਂ ਨੂੰ ਸਕੂਲ ਭੇਜਣ ਲਈ ਨਾ ਕਿਸੇ ਦਬਾਅ ਦੀ ਲੋੜ ਪੈਂਦੀ ਹੈ, ਨਾ ਹੀ ਕਿਸੇ ਵਿਸ਼ੇਸ਼ ਮੁਹਿੰਮ ਦੀ। ਉਹ ਆਪਣੇ ਆਪ ਉਤਸ਼ਾਹ ਨਾਲ ਹਰ ਰੋਜ਼ ਸਕੂਲ ਵੱਲ ਰੁਖ਼ ਕਰਦੇ ਹਨ।

ਹਰ ਬੱਚਾ ਜਨਮ ਤੋਂ ਹੀ ਜਿਗਿਆਸੂ ਹੁੰਦਾ ਹੈ। ਉਹ ਨਵੀਆਂ ਚੀਜ਼ਾਂ ਸਿੱਖਣਾ ਚਾਹੁੰਦਾ ਹੈ, ਦੋਸਤ ਬਣਾਉਣਾ ਚਾਹੁੰਦਾ ਹੈ ਅਤੇ ਆਪਣੇ ਵਿਚਾਰ ਪ੍ਰਗਟ ਕਰਨਾ ਚਾਹੁੰਦਾ ਹੈ। ਜੇਕਰ ਸਕੂਲ ਵਿੱਚ ਉਸ ਨੂੰ ਪਿਆਰ, ਸਤਿਕਾਰ, ਸੁਰੱਖਿਆ ਅਤੇ ਖੁੱਲ੍ਹ ਕੇ ਸਿੱਖਣ ਦਾ ਮੌਕਾ ਮਿਲੇ, ਤਾਂ ਸਕੂਲ ਉਸ ਲਈ ਸਿਰਫ਼ ਪੜ੍ਹਾਈ ਦੀ ਥਾਂ ਨਹੀਂ, ਸਗੋਂ ਖ਼ੁਸ਼ੀਆਂ ਦਾ ਕੇਂਦਰ ਬਣ ਜਾਂਦਾ ਹੈ। ਇਸ ਦੇ ਉਲਟ ਜਿੱਥੇ ਡਰ, ਸਖ਼ਤੀ, ਬੇਰੁਖ਼ੀ ਜਾਂ ਅਣਦੇਖੀ ਦਾ ਮਾਹੌਲ ਹੋਵੇ, ਉੱਥੇ ਬੱਚੇ ਹੌਲੀ-ਹੌਲੀ ਸਕੂਲ ਤੋਂ ਦੂਰ ਹੋਣ ਲੱਗਦੇ ਹਨ।

ਸਕੂਲ ਦਾ ਸਭ ਤੋਂ ਮਹੱਤਵਪੂਰਨ ਆਧਾਰ ਅਧਿਆਪਕ ਹੁੰਦਾ ਹੈ। ਇੱਕ ਚੰਗਾ ਅਧਿਆਪਕ ਕੇਵਲ ਪਾਠ ਨਹੀਂ ਪੜ੍ਹਾਉਂਦਾ, ਸਗੋਂ ਬੱਚਿਆਂ ਦੇ ਮਨਾਂ ਵਿੱਚ ਆਤਮ-ਵਿਸ਼ਵਾਸ, ਨੈਤਿਕਤਾ ਅਤੇ ਜੀਵਨ ਜਿਉਣ ਦੀ ਕਲਾ ਵੀ ਪੈਦਾ ਕਰਦਾ ਹੈ। ਜਦੋਂ ਅਧਿਆਪਕ ਹਰ ਬੱਚੇ ਨੂੰ ਬਰਾਬਰ ਦਾ ਸਤਿਕਾਰ ਦਿੰਦਾ ਹੈ, ਉਸ ਦੀਆਂ ਛੋਟੀਆਂ-ਛੋਟੀਆਂ ਸਫਲਤਾਵਾਂ ਦੀ ਸ਼ਲਾਘਾ ਕਰਦਾ ਹੈ ਅਤੇ ਉਸ ਦੀਆਂ ਕਮੀਆਂ ਨੂੰ ਪਿਆਰ ਨਾਲ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਬੱਚੇ ਦਾ ਸਕੂਲ ਨਾਲ ਰਿਸ਼ਤਾ ਹੋਰ ਮਜ਼ਬੂਤ ਹੋ ਜਾਂਦਾ ਹੈ। ਅਜਿਹੇ ਅਧਿਆਪਕ ਬੱਚਿਆਂ ਦੀ ਜ਼ਿੰਦਗੀ ਵਿੱਚ ਸਾਰੀ ਉਮਰ ਯਾਦ ਰਹਿੰਦੇ ਹਨ।

ਖ਼ੁਸ਼ਗਵਾਰ ਸਕੂਲੀ ਮਾਹੌਲ ਦਾ ਮਤਲਬ ਕੇਵਲ ਚੰਗੇ ਅਧਿਆਪਕ ਹੀ ਨਹੀਂ। ਸਾਫ਼-ਸੁਥਰੀਆਂ ਕਲਾਸਾਂ, ਹਰੇ-ਭਰੇ ਬਗੀਚੇ, ਸੁਰੱਖਿਅਤ ਇਮਾਰਤ, ਸਾਫ਼ ਪੀਣ ਵਾਲਾ ਪਾਣੀ, ਸਾਫ਼-ਸੁਥਰੇ ਪਖਾਨੇ, ਖੇਡਾਂ ਦਾ ਮੈਦਾਨ, ਪੁਸਤਕਾਲਾ, ਵਿਗਿਆਨ ਪ੍ਰਯੋਗਸ਼ਾਲਾ ਅਤੇ ਸੱਭਿਆਚਾਰਕ ਗਤੀਵਿਧੀਆਂ ਵੀ ਬੱਚਿਆਂ ਨੂੰ ਸਕੂਲ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਜਦੋਂ ਬੱਚੇ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਣ, ਗਾਉਣ, ਚਿੱਤਰਕਾਰੀ ਕਰਨ, ਭਾਸ਼ਣ ਦੇਣ ਜਾਂ ਹੋਰ ਪ੍ਰਤਿਭਾਵਾਂ ਦਿਖਾਉਣ ਦਾ ਮੌਕਾ ਮਿਲਦਾ ਹੈ, ਤਾਂ ਉਸ ਦਾ ਸਰਵਪੱਖੀ ਵਿਕਾਸ ਹੁੰਦਾ ਹੈ।



ਅੱਜ ਦੀ ਸਿੱਖਿਆ ਸਿਰਫ਼ ਕਿਤਾਬਾਂ ਤੱਕ ਸੀਮਿਤ ਨਹੀਂ ਰਹਿ ਗਈ। ਬੱਚਿਆਂ ਨੂੰ ਜੀਵਨ-ਮੁੱਲਾਂ, ਅਨੁਸ਼ਾਸਨ, ਵਾਤਾਵਰਨ ਸੰਭਾਲ, ਸਮਾਜਿਕ ਜ਼ਿੰਮੇਵਾਰੀ ਅਤੇ ਆਪਸੀ ਸਹਿਯੋਗ ਦੀ ਸਿੱਖਿਆ ਵੀ ਉਤਨੀ ਹੀ ਜ਼ਰੂਰੀ ਹੈ। ਇਹ ਸਿੱਖਿਆ ਸਿਰਫ਼ ਕਲਾਸਰੂਮ ਵਿੱਚ ਨਹੀਂ, ਸਗੋਂ ਸਕੂਲ ਦੇ ਸਮੁੱਚੇ ਮਾਹੌਲ ਵਿੱਚੋਂ ਮਿਲਦੀ ਹੈ। ਜਦੋਂ ਬੱਚੇ ਆਪਣੇ ਅਧਿਆਪਕਾਂ ਨੂੰ ਸਮੇਂ ਦੇ ਪਾਬੰਦ, ਇਮਾਨਦਾਰ, ਸਹਿਯੋਗੀ ਅਤੇ ਸੰਵੇਦਨਸ਼ੀਲ ਦੇਖਦੇ ਹਨ, ਤਾਂ ਉਹ ਵੀ ਇਹ ਗੁਣ ਆਪਣੇ ਜੀਵਨ ਵਿੱਚ ਅਪਣਾਉਣ ਦੀ ਕੋਸ਼ਿਸ਼ ਕਰਦੇ ਹਨ।

ਮਾਪਿਆਂ ਦੀ ਭੂਮਿਕਾ ਵੀ ਇਸ ਸਾਰੀ ਪ੍ਰਕਿਰਿਆ ਵਿੱਚ ਬਹੁਤ ਮਹੱਤਵਪੂਰਨ ਹੈ। ਜੇ ਘਰ ਅਤੇ ਸਕੂਲ ਇੱਕ-ਦੂਜੇ ਦੇ ਸਾਥੀ ਬਣ ਜਾਣ, ਤਾਂ ਬੱਚੇ ਦੀ ਸਿੱਖਿਆ ਹੋਰ ਵੀ ਪ੍ਰਭਾਵਸ਼ਾਲੀ ਬਣ ਜਾਂਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਕੇਵਲ ਨਤੀਜਿਆਂ ਦੀ ਚਿੰਤਾ ਨਾ ਕਰਨ, ਸਗੋਂ ਬੱਚੇ ਦੀ ਮਾਨਸਿਕ ਖ਼ੁਸ਼ਹਾਲੀ ਅਤੇ ਸਕੂਲ ਪ੍ਰਤੀ ਉਸ ਦੀ ਦਿਲਚਸਪੀ ਨੂੰ ਵੀ ਮਹੱਤਵ ਦੇਣ। ਅਧਿਆਪਕਾਂ ਅਤੇ ਮਾਪਿਆਂ ਵਿਚਕਾਰ ਨਿਯਮਿਤ ਸੰਵਾਦ ਬੱਚੇ ਦੇ ਸਰਵਪੱਖੀ ਵਿਕਾਸ ਲਈ ਬਹੁਤ ਲਾਭਦਾਇਕ ਸਾਬਤ ਹੁੰਦਾ ਹੈ।



ਇੰਜੀ. ਅਸ਼ੋਕ ਗਰੋਵਰ
ਪਰਮਵੀਰ ਹਾਊਸ,
ਆਦਰਸ਼ ਨਗਰ, ਬਠਿੰਡਾ

ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਸਕੂਲ ਸਿੱਖਿਆ ਮੁਹਿੰਮ, ਦਾਖਲਾ ਮੁਹਿੰਮ ਅਤੇ ਸਕੂਲ ਚੱਲੀਏ ਵਰਗੇ ਉਪਰਾਲੇ ਕੀਤੇ ਜਾਂਦੇ ਹਨ। ਇਹ ਯਤਨ ਸ਼ਲਾਘਾਯੋਗ ਹਨ, ਪਰ ਇਨ੍ਹਾਂ ਦੀ ਸਥਾਈ ਸਫਲਤਾ ਤਦੋਂ ਹੀ ਸੰਭਵ ਹੈ ਜਦੋਂ ਹਰ ਸਕੂਲ ਆਪਣੇ ਮਾਹੌਲ ਨੂੰ ਬੱਚਿਆਂ ਦੇ ਅਨੁਕੂਲ ਬਣਾਏ। ਸਿਰਫ਼ ਦਾਖ਼ਲੇ ਵਧਾਉਣਾ ਹੀ ਕਾਫ਼ੀ ਨਹੀਂ, ਸਗੋਂ ਬੱਚਿਆਂ ਦਾ ਸਕੂਲ ਵਿੱਚ ਟਿਕੇ ਰਹਿਣਾ ਅਤੇ ਖ਼ੁਸ਼ੀ ਨਾਲ ਸਿੱਖਣਾ ਇਸ ਤੋਂ ਵੀ ਵੱਧ ਮਹੱਤਵਪੂਰਨ ਹੈ।


ਅੱਜ ਦੇ ਸਮੇਂ ਵਿੱਚ ਮਾਨਸਿਕ ਸਿਹਤ ਵੀ ਇੱਕ ਵੱਡਾ ਮੁੱਦਾ ਹੈ। ਪ੍ਰੀਖਿਆਵਾਂ ਦਾ ਦਬਾਅ, ਮੁਕਾਬਲੇ ਦੀ ਦੌੜ ਅਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਬੱਚਿਆਂ ਦੇ ਮਨ 'ਤੇ ਅਸਰ ਪਾ ਰਿਹਾ ਹੈ। ਅਜਿਹੇ ਵਿੱਚ ਸਕੂਲ ਦਾ ਮਾਹੌਲ ਉਨ੍ਹਾਂ ਲਈ ਇੱਕ ਸੁਰੱਖਿਅਤ ਆਸਰਾ ਬਣਨਾ ਚਾਹੀਦਾ ਹੈ, ਜਿੱਥੇ ਉਹ ਬਿਨਾਂ ਡਰ ਆਪਣੇ ਮਨ ਦੀ ਗੱਲ ਕਰ ਸਕਣ ਅਤੇ ਹਰ ਸਮੱਸਿਆ ਦਾ ਹੱਲ ਲੱਭ ਸਕਣ। ਜੇ ਬੱਚਾ ਸਕੂਲ ਵਿੱਚ ਖ਼ੁਸ਼ ਰਹੇਗਾ, ਤਾਂ ਉਹ ਪੜ੍ਹਾਈ ਵਿੱਚ ਵੀ ਵਧੀਆ ਪ੍ਰਦਰਸ਼ਨ ਕਰੇਗਾ ਅਤੇ ਜੀਵਨ ਵਿੱਚ ਵੀ ਅੱਗੇ ਵਧੇਗਾ।

ਖ਼ੁਸ਼ਗਵਾਰ ਸਕੂਲੀ ਮਾਹੌਲ ਬਣਾਉਣ ਦੀ ਜ਼ਿੰਮੇਵਾਰੀ ਕੇਵਲ ਅਧਿਆਪਕਾਂ ਦੀ ਨਹੀਂ। ਇਸ ਵਿੱਚ ਸਕੂਲ ਪ੍ਰਬੰਧਨ, ਮਾਪੇ, ਸਥਾਨਕ ਭਾਈਚਾਰਾ, ਸਿੱਖਿਆ ਵਿਭਾਗ ਅਤੇ ਸਮਾਜ ਦੇ ਹਰ ਜ਼ਿੰਮੇਵਾਰ ਨਾਗਰਿਕ ਦਾ ਬਰਾਬਰ ਦਾ ਯੋਗਦਾਨ ਹੈ। ਜਦੋਂ ਇਹ ਸਾਰੇ ਮਿਲ ਕੇ ਬੱਚਿਆਂ ਦੇ ਹਿੱਤ ਨੂੰ ਪਹਿਲ ਦਿੰਦੇ ਹਨ, ਤਾਂ ਸਕੂਲ ਅਸਲ ਅਰਥਾਂ ਵਿੱਚ ਗਿਆਨ ਦੇ ਮੰਦਰ ਬਣ ਜਾਂਦੇ ਹਨ।

ਅਸੀਂ ਅਕਸਰ ਕਹਿੰਦੇ ਹਾਂ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਪਰ ਭਵਿੱਖ ਨੂੰ ਉੱਜਲਾ ਬਣਾਉਣ ਲਈ ਉਨ੍ਹਾਂ ਨੂੰ ਸਿਰਫ਼ ਕਿਤਾਬਾਂ ਨਹੀਂ, ਸਗੋਂ ਇੱਕ ਅਜਿਹਾ ਮਾਹੌਲ ਵੀ ਦੇਣਾ ਪਵੇਗਾ ਜਿੱਥੇ ਉਹ ਆਪਣੇ ਆਪ ਨੂੰ ਸੁਰੱਖਿਅਤ, ਸਤਿਕਾਰਯੋਗ ਅਤੇ ਖ਼ੁਸ਼ ਮਹਿਸੂਸ ਕਰਨ। ਅਜਿਹੇ ਸਕੂਲਾਂ ਵਿੱਚ ਹਾਜ਼ਰੀ ਆਪਣੇ ਆਪ ਵਧਦੀ ਹੈ, ਦਾਖ਼ਲੇ ਵਧਦੇ ਹਨ ਅਤੇ ਪੜ੍ਹਾਈ ਦਾ ਪੱਧਰ ਵੀ ਉੱਚਾ ਹੁੰਦਾ ਹੈ।

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਸਕੂਲ ਦੀ ਅਸਲ ਤਾਕਤ ਉਸ ਦੀਆਂ ਇਮਾਰਤਾਂ ਵਿੱਚ ਨਹੀਂ, ਸਗੋਂ ਉਸ ਦੇ ਮਾਹੌਲ ਵਿੱਚ ਹੁੰਦੀ ਹੈ। ਜਿੱਥੇ ਮੁਸਕਰਾਉਂਦੇ ਚਿਹਰੇ, ਪਿਆਰ ਭਰੇ ਰਿਸ਼ਤੇ, ਸਿੱਖਣ ਦੀ ਆਜ਼ਾਦੀ, ਸੁਰੱਖਿਆ ਦੀ ਭਾਵਨਾ ਅਤੇ ਸਤਿਕਾਰ ਦਾ ਵਾਤਾਵਰਣ ਹੋਵੇ, ਉੱਥੇ ਬੱਚਿਆਂ ਨੂੰ ਸਕੂਲ ਲਿਆਉਣ ਲਈ ਕਿਸੇ ਮੁਹਿੰਮ ਦੀ ਲੋੜ ਨਹੀਂ ਪੈਂਦੀ। ਉਹ ਆਪਣੇ ਆਪ ਖ਼ੁਸ਼ੀ-ਖ਼ੁਸ਼ੀ ਸਕੂਲ ਆਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਉੱਥੇ ਆਪਣਾ ਭਵਿੱਖ ਹੀ ਨਹੀਂ, ਸਗੋਂ ਆਪਣਾ ਦੂਜਾ ਘਰ ਵੀ ਨਜ਼ਰ ਆਉਂਦਾ ਹੈ।

# ਟਹਿਲ ਸੇਵਾ



ਇੱਕ ਦਿਨ ਮੇਰਾ ਦੋਸਤ ਅਸ਼ੋਕ, ਟਹਿਲ ਸੇਵਾ ਦੀ ਗੱਲ ਸੁਣਾਉਣ ਲੱਗ ਪਿਆ। ਮੈਨੂੰ ਕਹਿੰਦਾ, ਆਏ ਗਏ ਪ੍ਰਾਹੁਣੇ ਦੀ ਟਹਿਲ ਸੇਵਾ ਕਰਨ ਦਾ ਢੰਗ, ਹਰੇਕ ਸੂਬੇ ਦਾ ਆਪਣਾ ਆਪਣਾ ਹੁੰਦੈ ਅਤੇ ਉਹ ਆਪਣੇ ਵਲੋਂ ਟਹਿਲ ਸੇਵਾ ਕਰਨ ਵਿੱਚ ਪੂਰੀ ਵਾਹ ਲਾ ਦਿੰਦਾ ਹੈ।

ਪਰ ਪੰਜਾਬੀਆਂ ਦਾ ਅੰਦਾਜ਼ ਕੁੱਝ ਵੱਖਰਾ ਹੀ ਹੈ। ਪੰਜਾਬੀਆਂ ਦੀ ਟਹਿਲ ਸੇਵਾ ਤਾਂ ਦੂਰ ਦੂਰ ਤੱਕ ਮਸ਼ਹੂਰ ਹੈ। ਬਾਹਰਲੇ ਸੂਬਿਆਂ ਵਾਲੇ, ਜਿਹੜੇ ਇੱਕ ਵਾਰੀ ਪੰਜਾਬ ਵਿੱਚ ਕਿਸੇ ਦੇ ਘਰੇ ਮਹਿਮਾਨ ਬਣਕੇ ਆ ਜਾਂਦੇ ਐ, ਫੇਰ ਸਾਲਾਂ ਬੱਧੀ ਆਵਦੇ ਸੂਬੇ ਵਿੱਚ ਜਾਕੇ, ਗੱਲਾਂ ਕਰਦੇ ਰਹਿੰਦੇ ਐ, ਪੰਜਾਬੀਆਂ ਦੀ ਸੇਵਾ ਦੀ। ਮੇਰੇ ਸਹੁਰੇ ਵੀ ਦੂਜੇ ਸੂਬੇ ਵਿਚ ਹਨ÷। ਇੱਕ ਦਿਨ ਮੇਰਾ ਸਾਲਾ ਕਹਿਣ ਲੱਗਿਆ ÷ਕਿ ਸੇਵਾ ਤਾਂ ਅਸੀਂ ਵੀ ਬਹੁਤ ਕਰਦੇ ਐਂ ਜੀਜਾ ਜੀ, ਆਏ ਗਏ ਪ੍ਰਾਹੁਣੇ ਦੀ। ਖਾਣ ਪੀਣ ਨੂੰ ਵੀ ਬਹੁਤ ਕੁੱਝ ਧਰਦੇ ਐਂ। ਪਰ ਜਿਵੇਂ ਤੁਸੀਂ ਰੋਟੀ ਖਾਣ ਵੇਲੇ.. ਨਾਲ ਨਾਲ ਆਏਂ ਜੇ ਕਹਿੰਦੇ ਰਹਿਨੇ ਓਂ.. ਕਿ ਆਹ ਅਚਾਰ ਤਾਂ ਖਾਧਾ ਹੀ ਨੀ... ਗੋਭੀ ਗਾਜਰ ਦਾ.. ਮੇਰੀ ਮਾਂ ਨੇ ਬਹੁਤ ਪਿਆਰ ਨਾਲ ਪਾਇਐ ..ਅਤੇ ਕੋਲ ਬੈਠੀ ਮਾਂ ਵੀ ਕਹਿ ਦਿੰਦੀ ਐ..ਥੋੜ੍ਹਾ ਜਾ ਖਾਕੇ ਦੇਖ ਪੁੱਤ.. ਬਹੁਤ ਹੀ ਸਵਾਦ ਐ..., ਤੇ ਰੋਟੀ ਨਾਲ ਥੋੜ੍ਹਾ ਥੋੜ੍ਹਾ ਪਾਪੜ ਵੀ ਖਾਹ ਲਉ, ਬਹੂ ਪੇਕਿਆਂ ਤੋਂ ਲੈਕੇ ਆਈ ਐ। ਮਿਰਚ ਵੀ ਬਹੁਤੀ ਹੈਨੀ। ਮਾੜ੍ਹੀ ਮਾੜ੍ਹੀ ਆਹ ਗੰਢਿਆਂ ਦੀ ਚਟਨੀ ਵੀ ਨਾਲ ਲਾਈ ਚੱਲੋ। ਉੱਤੋਂ ਦੀ ਥੋੜ੍ਹੀ ਜਿਹੀ ਖੱਖੜੀ ਵੀ ਖਾਕੇ ਦੇਖਿਉ। ਨਾਲ ਹੀ ਮਾਂ ਨੇ ਦਾਲ ਵਾਲਾ ਕੌਲਾ ਚੁੱਕ ਕੇ ਕਹਿਣਾ.. ਪੁੱਤ ਮੈਂ ਦਾਲ ਗਰਮ ਕਰ ਕੇ ਲਿਆਉਣੀ ਐਂ, ਤੁਸੀਂ ਉਨ੍ਹਾਂ ਚਿਰ ਆਲੂ ਮਟਰ ਦੀ ਸਬਜ਼ੀ ਨਾਲ ਰੋਟੀ ਖਾਓ, ਇਹ ਤਾਂ ਬਹੂ ਨੇ ਹੁਣੇ ਚੁੱਲ੍ਹੇ ਤੋਂ ਲਾਹੀ ਸੀ। ਐਨੇ ਚ ਗਰਮ ਗਰਮ ਦਾਲ ਲਿਆਕੇ, ਮਾਂ ਨੇ ਮੱਲੋ ਮੱਲੀ ਸੱਭ ਨੂੰ ਪਾ ਦੇਣੀ, ਨਾਲ ਹੀ ਇੱਕ ਇੱਕ ਰੋਟੀ ਹੋਰ ਰੱਖ ਦੇਣੀ। ਬੰਦੇ ਨੇ ਰੱਜੇ ਹੋਏ ਨੇ ਵੀ, ਜਵਾਬ ਨਾ ਦੇ ਸਕਣਾ। ਤੇ ਨਾਲ ਨਾਲ ਲੱਸੀ ਪਾਉਂਦੇ ਰਹਿਣਾ। ਕਹਿਣ ਦਾ ਮਤਲਬ ਸਾਰੇ ਟੱਬਰ ਨੇ ਕੋਲ ਬੈਠਕੇ ਲੋੜ੍ਹ ਤੋਂ ਵੱਧ ਰੋਟੀ ਖਵਾ ਦੇਣੀ, ਨਾਲੇ ਮਾਂ ਨੇ ਕਹਿੰਦੇ ਰਹਿਣਾ ਰੋਟੀ ਤਾਂ ਭਾਈ.. ਤੁਸੀਂ.. ਘੱਟ ਹੀ.. ਖਾਧੀ ਐ..। ਮੈਨੂੰ ਤਾਂ.. ਫ਼ਿਕਰ ਹੀ ਲੱਗਿਆ ਰਹੂ। ਫ਼ੇਰ ਅਗਲਾ ਔਖਾ ਸੌਖਾ, ਇੱਕ ਇੱਕ ਰੋਟੀ ਹੋਰ ਖਾਹ ਲੈਂਦੈ। ਉੱਤੋਂ ਦੀ ਕੋਈ ਨਾ ਕੋਈ ਮਿੱਠੀ ਚੀਜ਼ ਫਲ ਫਰੂਟ ਸੇਬ ਜਾਂ ਖੀਰ ਵਗੈਰਾ ਖਵਾ ਦੇਣੀ। ਫੇਰ ਸਾਰੇ ਟੱਬਰ ਨੇ ਕੋਲ ਬੈਠ ਕੇ ਗੱਲਾਂ ਬਾਤਾਂ ਮਾਰਨੀਆਂ।

ਅਸੀਂ ਖਾਣ ਪੀਣ ਦਾ ਸਮਾਨ ਤਾਂ ਬਹੁਤ ਰੱਖ ਦਿੰਨੇ ਐਂ, ਪਰ ਖਾਣ ਵੇਲੇ ਐਹੋ ਜਿਹੀਆਂ ਗੱਲਾਂ ਨੀ ਕਰ ਸਕਦੇ। ਅਸੀਂ ਸੋਚਦੇ ਐਂ ਜਿਹੜੀ ਚੀਜ਼ ਦੀ ਲੋੜ੍ਹ ਹਊ, ਅਗਲਾ ਆਪੇ ਚੁੱਕਲੂ। ਸਾਰਾ ਸਮਾਨ ਤਾਂ ਅਗਲੇ ਦੇ ਮੂਹਰੇ ਪਿਐ÷। ਟਹਿਲ ਸੇਵਾ ਦੀ ਗੱਲ ਅੱਗੇ ਸੁਣਾਉਂਦਾ ਹੋਇਆ ਫੇਰ ਅਸ਼ੋਕ ਕਹਿੰਦਾ ÷ਇੱਕ ਵਾਰੀ ਭਾਈ ਮੈਂ ਵੀ ਆਵਦੇ ਸਹੁਰੇ ਮਿਲਣ ਲਈ ਚਲਾ ਗਿਆ। ਪੰਜ ਘੰਟਿਆਂ ਦਾ ਰਸਤਾ ਸੀ, ਮੈਂ ਤੇ ਮੇਰੀ ਘਰ ਵਾਲੀ ਬਸੰਤ ਪੰਚਮੀ ਵਾਲੇ ਦਿਨ ਐਤਵਾਰ ਨੂੰ.. ਸਵੇਰੇ ਚਾਹ ਪਾਣੀ ਪੀਕੇ ਚੱਲ ਪਏ, ਸੋਚਿਆ ਰੋਟੀ ਸਹੁਰੇ ਜਾਕੇ ਖਾ ਲਵਾਂਗੇ। ਦੁਪਹਿਰ ਤੋਂ ਬਾਅਦ 3 ਕੁ ਵਜੇ ਉਨ੍ਹਾਂ ਕੋਲ ਜਾ ਢੁੱਕੇ। ਸਾਨੂੰ ਜਾਂਦਿਆਂ ਨੂੰ ਵਧੀਆ ਸਜੇ ਧੱਜੇ ਕਮਰੇ ਵਿੱਚ ਬਿਠਾ ਤਾ। ਚਾਹ ਪਾਣੀ, ਠੰਡਾ ਤੇ ਕਈ ਪ੍ਰਕਾਰ ਦੇ ਬਿਸਕੁਟ ਭੁਜੀਆ ਸਮੋਸੇ ਵਗੈਰਾ ਰੱਖੇ। ਮੈਂ ਸੰਗਦੇ ਸੰਗਾਉਂਦੇ ਨੇ ਇੱਕ ਦੋ ਹੀ ਖਾਧੇ, ਵੀ ਕਿਤੇ ਇਹ ਆਏਂ ਨਾ ਸੋਚਣ ਕਿ ਘਰੋਂ ਭੁੱਖੇ ਹੀ ਆਏ ਸੀ। ਖਾਣ ਨੂੰ ਕਹਿਣਾ ਤਾਂ ਓਥੇ ਕੀਹਨੇ ਸੀ। ਚਲੋ ਖ਼ੈਰ ਉਹ ਤਾਂ ਆਪਣੀ ਮਰਜੀ ਸੀ ਖਾਓ ਨਾ ਖਾਓ। ਉਨ੍ਹਾਂ ਨੇ ਆਪਣੇ ਵਲੋਂ ਵਧੀਆ ਸੇਵਾ ਸ਼ੁਰੂ ਕੀਤੀ। ਤਾਂ ਕਿ ਸੇਵਾ ਵਿੱਚ ਕੋਈ ਕਮੀ ਨਾ ਰਹਿ ਜਾਵੇ। ਥੋੜ੍ਹਾ ਚਿਰ ਗੱਲਾਂ ਬਾਤਾਂ ਕਰਦੇ ਰਹੇ। ਫੇਰ ਦਹੀਂ ਭੱਲੇ ਲਿਆਕੇ ਖਵਾਤੇ। ਐਨੇ ਚ ਦਿਨ ਛਿਪ ਗਿਆ ਤੇ ਸ਼ਾਮ ਦੇ 7 ਕੁ ਵਜੇ ਫੇਰ ਰਸੋਈ ਚ ਬਹੂ ਕੇ ਰਾਤ ਦੇ ਖਾਣੇ ਦਾ ਕੰਮ ਸ਼ੁਰੂ ਕਰਤਾ। ਮੈਂ ਤਾਂ ਓਸੇ ਕਮਰੇ ਵਿੱਚ ਹੀ ਬੈਠਾ ਰਿਹਾ ਤੇ ਘਰ ਵਾਲੀ ਕਦੇ ਉਨ੍ਹਾਂ ਕੋਲ ਰਸੋਈ ਚ ਚਲੀ ਜਾਂਦੀ ਤੇ ਕਦੇ ਮੇਰੇ ਕੋਲ ਕਮਰੇ ਚ ਆ ਜਾਂਦੀ। ਹੁਣ 8 ਵਜੇ ਤੱਕ ਸਾਰਾ ਸਮਾਨ ਤਿਆਰ ਕਰ ਲਿਆ ਸੀ।



**ਰਮੇਸ਼ ਐਮ.ਐਮ.**
ਰੀਵਿਊ ਕਰਤਾ :
ਹਾਸ-ਵਿਅੰਗਕਾਰ, ਬਠਿੰਡਾ

ਮੇਰੀ ਘਰਵਾਲੀ ਕਹਿਣ ਲੱਗੀ, ਮੇਰੀ ਭਰਜਾਈ ਨੇ ਤੁਹਾਡੇ ਵਾਸਤੇ.. ਸਾਂਭਰ ਬੜਾ ਬਣਾਇਐ.. ਲੈ ਆਵਾਂ? ਮੈਂ ਕਿਹਾ ਬਿਲਕੁੱਲ ਲੈ ਆਉ। ਉਨ੍ਹਾਂ ਨੇ ਮੇਰੇ ਕੋਲ ਰੱਖੇ ਮੇਜ਼ ਉਪਰ, ਸਾਂਭਰ ਦਾ ਭਰਿਆ ਵੱਡਾ ਸਾਰਾ ਡੌਂਗਾ ਤੇ ਨਾਲ ਬੜਿਆਂ ਦੀ ਪਲੇਟ ਲਿਆ ਕੇ ਰੱਖਤੀ। ਅਸੀਂ ਸਾਰਿਆਂ ਨੇ ਖਾਧੇ, ਬਹੁਤ ਸਵਾਦ ਸੀ। ਥੋੜ੍ਹੀ ਦੇਰ ਬਾਅਦ ਆਲੂ ਦੀ ਵਧੀਆ ਟਿੱਕੀ, ਛੋਲੇ ਪਾਕੇ ਲੈ ਆਏ। ਉਹ ਵੀ ਅਸੀਂ ਪੂਰੇ ਸ਼ੌਕ ਨਾਲ ਖਾਧੀ। ਕਹਿਣ ਦਾ ਮਤਲਬ ਪੂਰੀ ਟਹਿਲ ਸੇਵਾ ਕੀਤੀ। ਖਾਹ ਪੀਕੇ ਮੈਂ ਤਾਂ ਟੀਵੀ ਦੇਖਣ ਲੱਗ ਪਿਆ ਤੇ ਉਹ ਸਾਰੇ ਭਾਂਡੇ ਵਗੈਰਾ ਧੋ ਕੇ ਰੱਖਣ ਲੱਗ ਪਏ। ਘਰਵਾਲੀ ਉਨ੍ਹਾਂ ਨਾਲ ਕੰਮ ਕਰਵਾ ਰਹੀ ਸੀ।

ਅੱਧੇ ਕੁ ਘੰਟੇ ਬਾਦ ਮੇਰੇ ਕੋਲ ਆਈ ਤਾਂ ਮੈਂ ਉਸ ਨੂੰ ਕਿਹਾ ਕਿ ਬਹੁਤ ਟੈਮ ਹੋ ਗਿਆ, ਹੁਣ ਰੋਟੀ ਵੀ ਲੈ ਹੀ ਆਓ। ਸਵੇਰ ਦੀ ਖਾਧੀ ਨੀ। ਫ਼ੇਰ ਸੌਂ ਜਾਵਾਂਗੇ। ਮੇਰੀ ਘਰ ਵਾਲੀ ਤਾਂ ਮੈਨੂੰ ਅੱਖਾਂ ਜੀਆਂ ਕੱਢ ਕੇ ਬਹੁਤ ਹੀ ਹੈਰਾਨਗੀ ਭਰੇ ਲਹਿਜੇ ਨਾਲ ਦੇਖਣ ਲੱਗ ਪਈ, ਜਿਵੇਂ ਮੈਂ ਬਹੁਤ ਵੱਡੀ ਗਲ?ਤੀ ਕਰ ਲਈ ਹੋਵੇ, ਰੋਟੀ ਦੀ ਗੱਲ ਕਰਕੇ। ਮੈਂ ਵੀ ਹੈਰਾਨ, ਵੀ ਇਹਨੂੰ ਹੋ ਕੀ ਗਿਆ? ਪੰਜ ਕੁ ਮਿੰਟ ਉਹ ਚੁੱਪ ਰਹੀ ਤੇ ਫੇਰ ਮੈਨੂੰ ਹੌਲੀ ਦੇਣੇ ਕਹਿੰਦੀ, ਐਨਾ ਸਮਾਨ ਖਾਕੇ ਹੁਣ ਤੁਸੀਂ ਰੋਟੀ ਵੀ ਖਾਣੀ ਐਂ ? ਅਸੀਂ ਰੋਟੀ ਤਾਂ ਬਣਾਈ ਨੀ...। ਮੈਂ ਬੜਾ ਹੈਰਾਨ ਇਸ ਸਮਾਨ ਦਾ ਰੋਟੀ ਨਾਲ ਕੀ ਸਬੰਧ। ਆਏਂ ਤਾਂ ਵਿਆਹਾਂ ਚ ਦਸ ਪੰਦਰਾਂ ਸਟਾਲਾਂ ਹੁੰਦੀਐਂ, ਉਹ ਤਾਂ ਰੋਟੀ ਖਵਾਇਆ ਹੀ ਨਾ ਕਰਨ ਫ਼ੇਰ। ਮੈਂ ਸੋਚਿਆ, ਜਿਨ੍ਹਾਂ ਚਿਰ ਮੈਂ ਰੋਟੀ ਨਾ ਖਾਵਾਂ.., ਮੈਨੂੰ ਤਾਂ ਨੀਂਦ ਹੀ ਨਹੀਂ ਆਉਣੀ, ਆਏਂ ਦੀ ਲੱਗੀ ਜਾਊ ਜਿਵੇਂ ਭੁੱਖੇ ਹੀ ਸੁੱਤੇ ਹੁੰਨੇ ਐਂ। ਘਰਵਾਲੀ ਕਹਿੰਦੀ ਚੁੱਪ ਕਰਕੇ ਸੌਂ ਜਾ ਹੁਣ, ਮੈਨੂੰ ਤਾਂ ਰੋਟੀ ਵਾਸਤੇ ਕਹਿੰਦੀ ਨੂੰ ਸੰਗ ਆਉਂਦੀ ਹੈ। ਮੈਂ ਮਨ ਚ ਸੋਚਿਆ ਮੈਨੂੰ ਤਾਂ ਜਕ ਨੀ ਆਉਣੀ ਉਨ੍ਹਾਂ ਚਿਰ, ਜਿਨ੍ਹਾਂ ਚਿਰ ਮੈਂ ਰੋਟੀ ਨੀ ਖਾਂਦਾ। ਮੈਂ ਤਾਂ ਸਾਰੀ ਰਾਤ ਮੇਲ੍ਹੀ ਜਾਊਂ। ਐਨੇ ਚ ਸਾਲਾ ਆਕੇ ਕਹਿੰਦਾ ਹੋਰ ਕੁੱਛ ਖਾਣੈ ਜੀਜਾ ਜੀ, ਮੈਂ ਸੋਚਿਆ.. ਸ਼ਾਇਦ... ਹੁਣ ਬਣਜੂ ਗੱਲ..। ਮੈਂ ਉੱਤੋਂ ਉੱਤੋਂ ਕਿਹਾ ਨਹੀਂ.. ਨਹੀਂ..। ਕਹਿੰਦਾ ਮੈਨੂੰ ਪਹਿਲਾਂ ਹੀ ਪਤਾ ਸੀ ਤੁਸੀਂ ਨਾ ਹੀ ਕਹੋਂਗੇ, ਐਨਾ ਸਮਾਨ ਖਾਕੇ ਕਾਹਨੂੰ ਕੁੱਛ ਹੋਰ ਖਾਧਾ ਜਾਂਦੈ ਜੀਜਾ ਜੀ। ਸਾਲਾ ਬੜੇ ਹੌਸਲੇ ਨਾਲ ਕਹਿੰਦਾ, ਜਿੱਦੇਂ ਐਨਾ ਸਾਮਾਨ ਬਣਾਇਆ ਹੋਵੇ, ਓਸ ਦਿਨ ਅਸੀਂ ਰੋਟੀ ਨੀ ਬਣਾਉਂਦੇ ਹੁੰਦੇ। ਖ਼ੈਰ ਕਈ ਲੋਕ ਤਾਂ ਫੇਰ ਵੀ ਰੋਟੀ ਖਾ ਲੈਂਦੇ ਐ, ਪਰ ਸਾਥੋਂ ਨੀ ਖਾਧੀ ਜਾਂਦੀ।

ਉਹ ਤਾਂ ਆਵਦੇ ਜਣੇ ਆਵਦੀ ਬੱਲੇ ਬੱਲੇ ਕਰੀ ਜਾਵੇ ਤੇ ਮੈਨੂੰ ਆਏਂ ਲੱਗੀ ਜਾਵੇ, ਜਿਵੇਂ ਮੇਰਾ ਸਾਲਾ.. ਸਾਰੀਆਂ ਗੱਲਾਂ... ਮੈਨੂੰ ਰੋਟੀ ਨਾ ਖਵਾਉਣ ਵਾਸਤੇ ਹੀ ਕਰ ਰਿਹਾ ਹੋਵੇ। ਭਾਈ ਉਹ ਤਾਂ ਗੱਲਾਂ ਕਰਦਾ ਕਰਦਾ ਚਲਾ ਗਿਆ। ਮੈਂ ਘਰਵਾਲੀ ਨੂੰ ਬੁਲਾਕੇ ਕਿਹਾ ਗੱਲ ਸੁਣ.. ਹੁਣ ਰੋਟੀ ਵਾਸਤੇ ਨਾ ਕਹਿ ਦੇਈਂ ਕਿਤੇ ਇਹਨਾਂ ਨੂੰ। ਕਹਿੰਦੀ ਕਿਉਂ.. ਕੀ ਗੱਲ ਹੋਗੀ ਐਡੇ ਛੇਤੀ.. ਹੁਣ ਤਾਂ ਰੋਟੀ ਰੋਟੀ ਕਰੀ ਜਾਂਦਾ ਸੀ। ਕੁੱਛ ਨੀ ਬੱਸ.. ਤੂੰ ਕਹੀਂ ਨਾ..। ਐਨੇ ਨੂੰ ਮੇਰੇ ਦਿਮਾਗ਼ 'ਚ ਇੱਕ ਸਕੀਮ ਆਈ। ਮੈਂ ਬਾਹਰ ਜਾਕੇ ਖੜ੍ਹ ਗਿਆ ਤੇ ਹੌਲੀ ਹੌਲੀ ਅੱਗੇ ਨੂੰ ਤੁਰਦਾ ਤੁਰਦਾ... ਬਾਜ਼ਾਰ ਵੱਲ ਨੂੰ ਚਲਾ ਗਿਆ। ਓਥੇ ਦੋ ਤਿੰਨ ਢਾਬੇ...ਬਹੁਤ ਹੀ ਵਧੀਆ.. ਤੰਦੂਰੀ ਰੋਟੀਆਂ, ਚੋਪੜ ਚੋਪੜ ਕੇ ਰੱਖੀ ਜਾਣ। ਮੇਰਾ ਜੀਅ ਕਰੇ ਫ਼ਟਾ ਫਟ ਢਾਬੇ ਅੰਦਰ ਰੋਟੀ ਖਾਣ ਬੈਠ ਜਾਵਾਂ। ਮੈਂ ਢਾਬੇ ਅੰਦਰ ਵੜਨ ਹੀ ਲੱਗਿਆ ਸੀ ਕਿ ਐਨੇ ਚ ਮੇਰਾ ਸਾਲ?ਾ ਮੋਟਰ ਸਾਈਕਲ ਤੇ ਪਤਾ ਨੀ ਕਿੱਧਰੋਂ, ਮੇਰੇ ਕੋਲ ਆਕੇ ਉੱਚੀ ਦੇਣੇ ਕਹਿੰਦਾ, ÷ਕਿੱਧਰ ਫਿਰਦੇ ਉਂ ਜੀਜਾ ਜੀ÷.. ? ਮੈਂ ਕਿਹਾ.. ਸਾਂਭਰ ਬੜੇ ਨਾਲ ਢਿੱਡ ਜਿਆਦਾ ਭਰ ਗਿਆ ਸੀ, ਥੋੜ੍ਹੀ ਸੈਰ ਹੀ ਕਰ ਆਵਾਂ। ਕਹਿੰਦਾ ÷ਐਧਰ.. ਢਾਬੇ ਵੱਲ.. ਕਿਵੇਂ ਚੱਲੇ ਸੀ÷..? ਮੈਂ ਕਿਹਾ ਨਹੀਂ ਨਹੀਂ, ਮੈਂ ਤਾਂ ਵੈਸੇ ਹੀ ਤੁਰਿਆ ਫਿਰਦਾ ਸੀ। ਨਹੀਂ ਨਹੀਂ ਕਿਓਂ.. ਤੁਸੀਂ ਤਾਂ.. ਢਾਬੇ ਦੀਆਂ.. ਦੋ ਪੌੜੀਆਂ ਵੀ ਚੜ੍ਹ ਗਏ ਸੀ। ਫੇਰ ਮੈਂ ਇੱਕ ਦਮ ਉਸਨੂੰ ਕਿਹਾ ਐਂ..ਛਾ.. ਉਹ.. ਤਾਂ.. ਮੈਨੂੰ ਇਸ ਤਰ੍ਹਾਂ ਲੱਗਿਆ ਸੀ.. ਜਿਵੇਂ ਢਾਬੇ ਅੰਦਰ.. ਕੋਈ ਬਠਿੰਡੇ ਦਾ ਬੰਦਾ ਬੈਠਾ ਹੁੰਦੈ.. ! ਉਹਨੂੰ ਦੇਖਣ ਚੱਲਿਆ ਸੀ। ਭਾਈ ਸਾਲਾ ਤਾਂ ਮੈਨੂੰ... ਆਵਦੇ ਨਾਲ ਬਿਠਾਕੇ ਫ਼ੇਰ ਘਰੇ ਮੋੜਕੇ ਲੈ ਗਿਆ।

ਹੁਣ ਤਾਂ ਮੈਨੂੰ ਪਹਿਲਾਂ ਨਾਲੋਂ ਵੀ.. ਰੋਟੀ ਦੀ ਤਲਬ ਜਿਆਦਾ ਲੱਗੇ, ਨਾਲੇ ਐਨਾ ਕੁਸ ਖਾਈ ਬੈਠੇ ਸੀ। ਫ਼ੇਰ ਵੀ ਰੋਟੀ ਖਾਣ ਨੂੰ ਚਿੱਤ ਕਰੀ ਜਾਵੇ। ਮੈਂ ਸੋਚਿਆ ਹੁਣ ਕਿਵੇਂ ਨਿੱਕਲਿਆ ਜਾਵੇ। ਮੈਨੂੰ ਕਿਵੇਂ ਜਕ ਆਵੇ..? ਮੈਂ ਤਾਂ ਸਾਲੇ ਦਾ ਮੋਟਰ ਸਾਈਕਲ ਚੱਕਿਆ, ਮੈਂ ਤੇ ਮੇਰੀ ਘਰ ਵਾਲੀ ਦੋਨੋਂ ਦੂਰ... ਸਟੇਸ਼ਨ ਤੇ.. ਇੱਕ ਵਧੀਆ ਜਿਹੇ ਢਾਬੇ ਦੇ ਸਾਹਮਣੇ ਜਾ ਬ੍ਰੇਕ ਲਾਏ। ਪਰ ਮੈਂ ਮੋਟਰ ਸਾਈਕਲ..,ਕਿਤੇ ਹੋਰ.., ਦੂਰ ਸਾਰੇ.. ਖੜ੍ਹਾ ਕਰਕੇ ਆਇਆ ਤਾਂ ਕਿ ਹੁਣ ਸਾਲਾ ਏਧਰ ਆ.. ਵੀ.. ਜਾਵੇ ਤਾਂ ਮੋਟਰ ਸਾਈਕਲ ਦੇਖਕੇ ਕਿਤੇ ਢਾਬੇ ਅੰਦਰ ਸਾਨੂੰ ਰੋਟੀ ਖਾਂਦਿਆਂ ਨੂੰ ਉੱਤੋਂ ਹੀ ਨਾ ਫੜ੍ਹ ਲਵੇ। ਕਿਉਂਕਿ ਸਾਲੇ ਦੀ ਕਹੀ ਉਹ ਗੱਲ ਯਾਦ ਆ ਰਹੀ ਸੀ ਕਿ ਲੋਕ ਐਨਾ ਕੁੱਛ ਖਾਕੇ..., ਫੇਰ ਵੀ ਰੋਟੀ ਖਾ ਲੈਂਦੇ ਐ÷। ਮੈਂ ਤਾਂ ਭਾਈ ਨਾਲੇ ਰੋਟੀ ਖਾਈ ਜਾਵਾਂ ਤੇ ਨਾਲੇ ਵਾਰੀ ਵਾਰੀ ਪਿੱਛੇ ਦੇਖੀ ਜਾਵਾਂ, ਵੀ ਕੋਈ ਦੇਖਦਾ ਤਾਂ ਨਹੀਂ ਡਰਦੇ ਡਰਾਉਂਦਿਆਂ ਨੇ ਮਸਾਂ ਰੋਟੀ ਖਾਧੀ ਤੇ ਸੁੱਖ ਦਾ ਸਾਹ ਲਿਆ। ਘਰ ਵਾਲੀ ਕਹਿੰਦੀ ਮੈਥੋਂ ਤਾਂ ਨੀ ਖਾਧੀ ਜਾਂਦੀ ਐਨਾ ਕੁਸ ਖਾਕੇ। ਕਿਉਂਕਿ ਉਹ ਤਾਂ ਆਪ ਓਥੋਂ ਦੀ ਸੀ। ਰੋਟੀ ਰਾਟੀ ਖਾਕੇ ਅਸੀਂ ਸੋਚਿਆ ਹੁਣ ਫਟਾਫਟ ਘਰੇ ਚੱਲੀਏ ਬਹੁਤ ਲੇਟ ਹੋ ਗਏ।

ਅਸੀਂ ਤਾਂ ਭਾਈ ਮੋਟਰ ਸਾਈਕਲ ਕੋਲ ਚਲੇ ਗਏ, ਹੁਣ ਹੋਰ ਈ ਪੰਗਾ ਪੈ ਗਿਆ। ਓਥੇ ਓਸੇ ਨਾਲ ਦੇ ਹੋਰ ਮੋਟਰ ਸਾਈਕਲ ਆਕੇ ਖੜ੍ਹ ਗਏ ਸੀ। ਹੁਣ ਸਾਨੂੰ ਆਏਂ ਨਾ ਪਤਾ ਲੱਗੇ ਸਾਡਾ ਕਿਹੜੈ ? ਲਓ ਕਰਲੋ ਕਾਹਲ ਘਰੇ ਜਾਣ ਦੀ। ਰਾਤ ਦਾ ਸਮਾਂ ਸੀ, ਅਸੀਂ ਲਿਆਉਣ ਵੇਲੇ ਵੀ ਜਿਆਦਾ ਧਿਆਨ ਨੀ ਦਿੱਤਾ। ਹੁਣ ਉਨ੍ਹਾਂ ਨੂੰ ਘਰੇ ਫ਼ੋਨ ਕਰਕੇ ਵੀ ਕਿਵੇਂ ਪੁੱਛੀਏ,ਜੇਕਰ ਪੁੱਛਦੇ ਐਂ ਤਾਂ ਉਹ ਕਹਿਣਗੇ ਤੁਸੀਂ ਓਥੇ ਲੈਣ ਕੀ ਗਏ ਸੀ। ਮੈਂ ਸੋਚਿਆ ਇਥੇ ਹੀ ਖੜ੍ਹੇ ਰਹਿਣੇ ਐਂ, ਜਦੋਂ ਬਾਕੀ ਦੇ ਮੋਟਰ ਸਾਈਕਲ, ਲੋਕ ਲੈ ਗਏ... ਤਾਂ ਆਪਾਂ ਨੂੰ ਆਪੇ ਹੀ ਆਪਣੇ ਮੋਟਰ ਸਾਈਕਲ ਦਾ ਪਤਾ ਲੱਗ ਜੂ। ਫ਼ੇਰ ਸੋ..ਚਿ..ਆ.. ਜੇਕਰ ਇਹਨਾਂ ਵਿਚੋਂ ਕੋਈ ਮੋਟਰ ਸਾਈਕਲ ਕਿਸੇ ਢਾਬੇ ਵਾਲੇ ਦਾ ਹੋਇਆ, ਉਹ ਤਾਂ ਫ਼ੇਰ ਸਾਰੀ ਰਾਤ ਹੀ ਖੜ੍ਹਾ ਰਹੂ। ਇਸ ਸਬੋਪੰਜ ਚ ਭਾਈ... ਅਸੀਂ ਤਾਂ ਥੱਕ ਕੇ ਓਥੇ ਇੱਕ ਉੱਚੀ ਜਿਹੀ ਦੇਹਲੀ ਤੇ ਬੈਠਗੇ। ਅਜੇ ਦਿਮਾਗ਼ ਜਾ ਲਾਕੇ ਸੋਚਣ ਹੀ ਲੱਗੇ ਸੀ, ਹੁਣ ਹੋਰ ਈ ਨਵੀਂ ਬਿਪਤਾ ਖੜ੍ਹੀ ਹੋ ਗਈ, ਸਾਹਮਣੇ ਮੇਰਾ ਸਾਲਾ ਤੇ ਸਾਲੇਹਾਰ ਸੈਰ ਸਪਾਟਾ ਕਰਦੇ ਤੁਰੇ ਆਉਣ।

ਮਖਿਆ ਪੈ ਗਿਆ ਪੰਗਾ। ਅਗਲਾ ਕਹੂ ਇਹ ਇਥੇ ਕਿਵੇਂ ਦੇਹਲੀ ਤੇ ਬੈਠੇ ਐ। ਅਸੀਂ ਤਾਂ ਐਨੀ ਸੇਵਾ ਕੀਤੀ, ਇਹ ਢਾਬਿਆਂ ਤੇ ਰੋਟੀ ਖਾਂਦੇ ਫ਼ਿਰਦੇ ਐ? ਪਹਿਲਾਂ ਤਾਂ ਮੈਂ ਕੱਪੜੇ ਜੇ ਝਾੜ੍ਹਕੇ ਫਟਾਫਟ ਦੇਹਲੀ ਤੋਂ ਖੜ੍ਹਾ ਹੋਕੇ ਜਮਾਈਆਂ ਵਾਂਗੂ ਅਟੈਂਸ਼ਨ ਹੋ ਗਿਆ। ਪਰ ਘਰ ਵਾਲੀ ਦੀ ਸਿਹਤ ਤੇ ਕੋਈ ਅਸਰ ਨੀ... ਕਹਿੰਦੀ, ਬੱਸ.. ਆ ਆਉਂਦੇ ਐ ਮੇਰਾ ਭਰਾ ਤੇ ਭਰਜਾਈ, ਪੁੱਛ ਲੈਣੇ ਐਂ ਕਿਹੜਾ ਮੋਟਰ ਸਾਈਕਲ ਹੈ ਆਪਣਾ। ਹੁਣ ਮੈਂ ਤਾਂ ਕਹਾਂ... ਨਹੀਂ ਪੁੱਛਣਾ... ਉਹ ਕਹੇ.. ਪੁੱਛ ਲੈਣੇ ਐਂ.. ਹੁਣ ਸਾਰੀ ਰਾਤ ਐਥੇ ਕਿਵੇਂ ਬੈਠੇ ਰਹਾਂਗੇ।

ਮੈਂ ਸੋਚਿਆ ਬੜਾ ਜੱਬਹ ਖੜ੍ਹਾ ਹੋਇਐ। ਅਖੀਰ ਹੌਸਲਾ ਕਰਕੇ ਅਸੀਂ ਦੋਨੋਂ ਲੁਕ ਗਏ ਤੇ ਉਹ ਸਾਡੇ ਕੋਲ ਦੀ ਲੰਘ ਗਏ। ਇੱਕ ਵਾਰੀ ਤਾਂ ਮੈਨੂੰ ਆਰਾਮਦਾਰੀ ਆ ਗਈ। ਪਰ ਸਥਿਤੀ ਉਥੇ ਹੀ ਫੇਰ ਆ ਅਟਕੀ। ਉੱਥੋਂ ਕੋਈ ਹੋਰ ਮੋਟਰ ਸਾਈਕਲ ਵੀ ਚੁੱਕਣ ਨਾ ਆਇਆ। ਬਹੁਤ ਹੀ ਅਜੀਬੋ ਗਰੀਬ ਘਟਨਾ ਵਾਪਰ ਰਹੀ ਸੀ ਸਾਡੇ ਨਾਲ। ਅਸੀਂ ਫ਼ੇਰ ਓਸੇ ਦੇਹਲੀ ਤੇ ਬੈਠਕੇ... ਮਸਲੇ ਦਾ ਹੱਲ ਸੋਚਣ ਲੱਗ ਪਏ। ਐਨੇ ਚ ਭਾਈ.... ਮੇਰੀ ਘਰ ਵਾਲੀ ਕਹਿੰਦੀ... ਜਦੋਂ ਮੈਂ ਮੋਟਰ ਸਾਈਕਲ ਤੇ ਪਿੱਛੇ ਬੈਠਣ ਲੱਗੀ ਸੀ ਨਾ... ਉਦੋਂ.. ਮੇਰੇ ਪੈਰ ਵਿੱਚ.. ਇੱਕ ਲਾਲ ਜੇ ਰੰਗ ਦੀ... ਡੋਰ ਜੀ..ਅਟਕੀ ਸੀ... ਤੇ ਮੈਂ ਪਾਸੇ ਕਰਤੀ ਸੀ..। ਮੈਂ ਕਿਹਾ ਫੇਰ ਤਾਂ ਬਣ ਗਈ ਗੱਲ।

ਅਸੀਂ ਮੋਟਰ ਸਾਈਕਲਾਂ ਦੇ ਨੇੜੇ ਗਏ ਤਾਂ ਸਾਰਿਆਂ ਵੱਲ ਜਦੋਂ ਝਾਤੀ ਮਾਰੀ ਤਾਂ ਵਾਕਿਆ ਹੀ ਇੱਕ ਮੋਟਰ ਸਾਈਕਲ ਦੇ ਪਿੱਛੇ ਜਿਥੇ ਪੈਰ ਰੱਖਣ ਵਾਲੀ ਥਾਂ ਹੁੰਦੀ ਐ ਓਥੇ ਲਾਲ ਡੋਰ ਅਟਕੀ ਹੋਈ ਸੀ ਬੜਾ ਮਨ ਖੁਸ਼ ਹੋਇਆ, ਜਿਵੇਂ ਕੋਈ ਬਹੁਤ ਵੱਡੀ ਜੰਗ ਜਿੱਤ ਲਈ ਹੋਵੇ। ਅਸੀਂ ਪਹਿਲਾਂ ਚਾਬੀ ਲਾ ਲਾ ਕੇ ਦੇਖੀ ਸੀ... ਤਾਂ ਚਾਬੀ ਵੀ ਦੋ ਮੋਟਸਾਇਕਲਾਂ ਦੇ ਲੱਗ ਗਈ ਸੀ... ਉਨ੍ਹਾਂ ਵਿੱਚ ਇੱਕ ਇਹ ਵੀ ਸੀ। ਪਰ ਜਦੋਂ ਮੈਂ ਚਾਬੀ ਲਾ ਲਾ ਕੇ ਦੇਖ ਰਿਹਾ ਸੀ, ਤਾਂ ਮੈਂ ਚੋਰਾਂ ਵਾਂਗੂ ਲੁੱਕ ਲੁੱਕ ਕੇ ਲਾ ਰਿਹਾ ਸੀ। ਮੈਨੂੰ ਲੱਗਦਾ ਸੀ.. ਜੇਕਰ ਕਿਸੇ ਨੇ ਦੇਖ ਲਿਆ.. ਤਾਂ ਕਹੂਗਾ.. ਤੁਸੀਂ ਮੇਰਾ ਮੋਟਰ ਸਾਈਕਲ ਚੋਰੀ ਕਰਦੇ ਸੀ। ਜੇਕਰ ਅਸੀਂ ਉਸ ਨੂੰ ਕਹਾਂਗੇ, ਕਿ ਸਾਡਾ ਮੋਟਰ ਸਾਈਕਲ ਵੀ ਖੜ੍ਹੈ... ਤਾਂ ਉਹ ਕਹੂਗਾ.. ਇਹੀ ਤਾਂ ਤਰੀਕਾ ਹੁੰਦੈ ਚੋਰੀ ਕਰਨ ਦਾ। ਉਸ ਵੇਲੇ ਮੈਂ ਬਹੁਤ ਘਬਰਾਹਟ ਵਿੱਚ ਸੀ। ਖ਼ੈਰ ਜੋ ਭੀ ਹੋਇਆ, ਅਸੀਂ ਉਸ ਮੋਟਰ ਸਾਈਕਲ ਨੂੰ ਲੈਕੇ ਘਰ ਆ ਗਏ।

ਮੇਰਾ ਉੱਤਲਾ ਸਾਹ ਉੱਤੇ ਤੇ ਹੇਠਲਾ ਹੇਠਾਂ। ਘਰ ਆਇਆਂ ਨੂੰ ਸਾਲਾ ਕਹਿੰਦਾ ਬਹੁਤ ਦੇਰ ਲਗਾ ਦਿੱਤੀ , ਲੱਗਦੈ ਸਾਰਾ ਸ਼ਹਿਰ ਦੇਖ ਆਏ। ਕੀ ਕੁਝ ਦੇਖਿਆ ਫੇਰ, ਹੁਣ ਕੀ ਦੱਸੀਏ.. ਮੈਂ ਕਿਹਾ ਦੇਖਣਾ ਕੀ ਸੀ ਯਾਰ, ਓਹੀ ਬਠਿੰਡੇ ਵਾਲਾ ਬੰਦਾ ਮਿਲ ਗਿਆ ਜਿਹੜਾ ਮੈਂ ਤੁਹਾਨੂੰ ਦੱਸਿਆ ਸੀ। ਕਿ ਢਾਬੇ ਵਿੱਚ ਬੈਠੇ। ਉਸ ਨੇ ਦੇਰ ਲਵਾ ਦਿੱਤੀ। ਮੇਰਾ ਧਿਆਨ.. ਅਜੇ ਵੀ ਮੋਟਰ ਸਾਈਕਲ ਵੱਲ..। ਵੀ ਕਿਤੇ ਹੋਰ ਤਾਂ ਨੀ ਚੱਕ ਲਿਆਏ। ਕਿਉਂਕਿ ਦੋ ਤਿੰਨ ਰੰਗਾਂ ਦੀ ਡੋਰ ਤਾਂ ਇੱਕ ਹੋਰ ਮੋਟਰ ਸਾਈਕਲ ਵਿੱਚ ਵੀ ਅਟਕੀ ਹੋਈ ਸੀ ਪਰ ਉਸ ਨੂੰ ਚਾਬੀ ਨੀ ਲੱਗੀ ਸੀ ਹੁਣ ਸਾਲੇ ਨੂੰ ਪੁੱਛਦਿਆਂ ਨੂੰ ਵੀ ਡਰ ਲੱਗੇ, ਜੇਕਰ ਮੋਟਰ ਸਾਇਕਲ ਅਸਲੀ ਨਾ ਹੋਇਆ ਫੇਰ ਤਾਂ ਸਾਰਾ ਹੀ ਭੇਤ ਖੁੱਲ੍ਹ ਜਾਊ।

ਸਾਲਾ ਤੇ ਸਾਲੇਹਾਰ ਕਹਿੰਦੇ ਕੋਈ ਸੇਵਾ ਚ ਕਮੀ ਤਾਂ ਨਹੀਂ ਰਹਿ ਗਈ ਜੀਜਾ ਜੀ। ਮੈਂ ਕਿਹਾ ਤੁਸੀਂ ਤਾਂ ਸਾਂਭਰ ਬੜਾ ਤੇ ਟਿੱਕੀਆਂ ਖਵਾ ਕੇ ਸੇਵਾ ਹੀ ਐਨੀ ਕਰ ਦਿੱਤੀ ਕਿ ਰੋਟੀ ਵੀ ਖਾਣ ਦੀ ਲੋੜ੍ਹ ਨੀ ਪਈ। ਸਾਰੇ ਉੱਚੀ ਉੱਚੀ ਹੱਸ ਪਏ। ਕਹਿੰਦੇ ਜੀਜਾ ਜੀ ਫ਼ੇਰ ਤੁਸੀਂ ਕਿਹੜਾ ਰੋਜ਼ ਰੋਜ਼ ਆਉਣੇ ਓਂ । ਕੱਲ ਨੂੰ ਹੋਰ ਟਹਿਲ ਸੇਵਾ ਕਰਾਂਗੇ ਨਵੀਆਂ ਨਵੀਆਂ ਚੀਜਾਂ ਖੁਆਵਾਂਗੇ ਰੋਟੀ ਤਾਂ ਆਪਾਂ ਰੋਜ਼ ਹੀ ਖਾਨੇਂ ਐਂ..। ਮੈਂ ਤੇ ਮੇਰੀ ਘਰ ਵਾਲੀ ਇੱਕ ਦੂਜੇ ਨੂੰ ਦੇਖਕੇ ਬਹੁਤ ਹੱਸੇ...। ਮੈਂ ਮਨ ਚ ਸੋਚਿਆ..÷ਸੋਡੀ ਅੱਜ ਵਾਲੀ ਟਹਿਲ ਸੇਵਾ ਨੇ ਈ ਸਾਨੂੰ ਐਨਾ ਗਧੀ ਗੇੜ ਪਾਈ ਰੱਖਿਐ.. ਕੱਲ ਵਾਲੀ ਪਤਾ ਨੀ ਕੀ ਚੰਦ ਚਾੜੂ÷... ?

ਮੈਂ ਸਾਲੇ ਨੂੰ ਕਿਹਾ ਹੁਣ ਕੱਲ ਨੂੰ ਤਾਂ ਅਸੀਂ ਕਿਵੇਂ ਖਾਵਾਂਗੇ ਸਵੇਰੇ 5 ਵਜੇ ਹੀ ਨਿੱਕਲ ਜਾਵਾਂਗੇ। ਸਾਲਾ ਬੜੇ ਪਿਆਰ ਨਾਲ ਕਹਿੰਦਾ, ÷ਤੁਹਾਨੂੰ ਐਡੇ ਛੇਤੀ ਅਸੀਂ ਜਾਣ ਦੇਵਾਂਗੇ ਤਾਹੀਂ ਨਾ, ਜੀ..ਜਾ.. ਜੀ.÷। ਮੈਂ ਮਨ ਚ ਸੋਚਿਆ... ਸਾਲਿਆ ਪਹਿਲਾਂ ਆਵਦਾ ਮੋਟਰ ਸਾਈਕਲ ਤਾਂ ਦੇਖ ਲੈ ? ਅਸਲੀ ਐ ਕਿ ਨਕਲੀ...? ਦਿਨ ਚੜ੍ਹਦਿਆਂ ਹੀ ਅਸੀਂ ਵਾਪਸ ਚੱਲ ਪਏ।

## ਕਵਿਤਾ



ਇਥੇ ਬਹੁਤ ਕੁੱਝ ਹੋਣਾ ਹਜੇ ਤਾਂ ਬਾਕੀ ਹੈ,
ਤਨ ਦਾ ਲੀੜਾ ਹਜੇ ਤਾਂ ਟਾਕੀ ਟਾਕੀ ਹੈ।
ਔੜ ਦੇ ਕਰਕੇ ਧਰਤੀ ਹਜੇ ਪਿਆਸੀ ਹੈ,
ਬਾਰਸ਼ਾਂ ਦਾ ਰੁੱਖ ਵੀ ਹਜੇ ਸਿਆਸੀ ਹੈ।
ਹਨੇਰਿਆਂ ਨਾਲ ਹਵਾਵਾਂ ਨੇ ਪਲੇਨ ਹੈ ਕੀਤਾ,
ਚਿਰਾਗਾਂ ਨੂੰ ਪਰਿੰਦਿਆਂ ਨੇ ਪੈਗਾਮ ਹੈ ਕੀਤਾ।
ਪੌੜ ਪੌਦਿਆਂ ਆਖ ਕੇ ਇਹ ਵਿਰੋਧ ਹੈ ਕੀਤਾ,
ਧਰਤੀ ਮਾਂ ਨੇ ਉਨ੍ਹਾਂ ਨਾਲ ਹੈ ਧ੍ਰੋਹ ਹੈ ਕੀਤਾ।
ਸੁਤੰਤਰ ਇਸ ਮੁਲਕ ਦੀਆਂ ਫਿਜ਼ਾਵਾਂ ਵਿੱਚ,
ਗੁਲਾਮੀ ਹੈ ਲੋਕਾਂ ਦੀਆਂ ਇੱਛਾਵਾਂ ਵਿੱਚ।

-ਬਲਵੀਰ 'ਬਛੋਸਰੀ'

## ਅਜ਼ਾਦੀ ਦੀਆਂ ਗੱਲਾਂ



ਬਾਪੂ ਦੱਸਦਾ ਹੁੰਦਾ ਸੀ ਸਾਨੂੰ ਅਜਾਦੀ ਦੀਆਂ ਗੱਲਾਂ।
ਹੋਈ ਦੋਵੇਂ ਪਾਸੇ ਪੰਜਾਬ ਦੀ ਬਰਬਾਦੀ ਦੀਆਂ ਗੱਲਾਂ।

ਦੇ ਕੇ ਲੱਖਾਂ ਕੁਰਬਾਨੀਆਂ ਅਸੀਂ ਕਿੰਨੇ ਸੁਪਨੇ ਸੀ ਬੀਜੇ।
ਪੰਜਾਬ ਰਹਿ ਗਿਆ ਵਾਂਝੀ ਫਾਇਦਾ ਲੈ ਗਏ ਦੂਜੇ ਤੀਜੇ।
ਸੀ ਸੁਣ ਰੋਣਾ ਆ ਜਾਂਦਾ ਜਦੋਂ ਸੁਣਾ ਦਾਦੀ ਦੀਆਂ ਗੱਲਾਂ ।
ਬਾਪੂ ਦੱਸਦਾ ਹੁੰਦਾ ਸੀ ਸਾਨੂੰ ਅਜਾਦੀ ਦੀਆਂ ਗੱਲਾਂ।
ਹੋਈ ਦੋਵੇਂ ਪਾਸੇ ਪੰਜਾਬ ਦੀ ਬਰਬਾਦੀ ਦੀਆਂ ਗੱਲਾਂ।

ਸੀ ਇਕੱਠੇ ਵਸਦੇ ਚਿਰਾਂ ਤੋਂ ਰਾਜਨੀਤੀ ਨੇ ਉਜਾੜੇ।
ਲੱਗ ਲੀਡਰਾਂ ਦੇ ਪਿੱਛੇ ਪਾ ਕੇ ਬਹਿ ਗਏ ਦਿਲੀ ਪਾੜੇ।
ਹੋਈ ਵੱਢ-ਟੁੱਕ ਬੰਦਿਆਂ ਦੀ ਵਾਢੀ ਦੀਆਂ ਗੱਲਾਂ ।
ਬਾਪੂ ਦੱਸਦਾ ਹੁੰਦਾ ਸੀ ਸਾਨੂੰ ਅਜਾਦੀ ਦੀਆਂ ਗੱਲਾਂ।
ਹੋਈ ਦੋਵੇਂ ਪਾਸੇ ਪੰਜਾਬ ਦੀ ਬਰਬਾਦੀ ਦੀਆਂ ਗੱਲਾਂ।
ਵੱਡੇ -ਵੱਡੇ ਪਰਿਵਾਰਾਂ ਵਿੱਚੋਂ ਸੀ ਬੱਸ ਬਚੇ ਟਾਂਵੇ - ਟਾਂਵੇ।
ਕਿੰਨੇ ਉੱਜੜੇ ਸੁਹਾਗ ਗਏ ਘਰ ਫੂਕੇ ਦੋਵੇਂ ਥਾਂਵੇਂ ।
ਜੋ ਸੀ ਵਸਦੇ ਭਰਾਵਾਂ ਵਾਂਗੂੰ, ਉਹ ਹੀ ਬਣ ਗਏ ਫ਼ਸਾਦੀ।
ਬਾਪੂ ਦੱਸਦਾ ਹੁੰਦਾ ਸੀ ਸਾਨੂੰ ਅਜਾਦੀ ਦੀਆਂ ਗੱਲਾਂ।
ਹੋਈ ਦੋਵੇਂ ਪਾਸੇ ਪੰਜਾਬ ਦੀ ਬਰਬਾਦੀ ਦੀਆਂ ਗੱਲਾਂ।
ਅੱਜ ਜਸ਼ਨ ਮਨਾਉਂਦੇ ਜੋ ਤਿਰੰਗਿਆਂ ਦੀ ਛਾਂਵੇਂ।
ਪਰ ਸਾਨੂੰ ਛੱਡਦੇ ਨਾ 'ਪਾਲੀ' ਅਤੀਤ ਵਾਲੇ ਪਰਛਾਂਵੇਂ।
ਕੀ ਕੀ ਦੱਸਾਂ ਵੰਡੇ ਪੰਜਾਬ, ਪੰਜਾਬੀਅਤ, ਪੰਜਾਬੀ ਦੀਆਂ ਗੱਲਾਂ।
ਬਾਪੂ ਦੱਸਦਾ ਹੁੰਦਾ ਸੀ ਸਾਨੂੰ ਅਜਾਦੀ ਦੀਆਂ ਗੱਲਾਂ।
ਹੋਈ ਦੋਵੇਂ ਪਾਸੇ ਪੰਜਾਬ ਦੀ ਬਰਬਾਦੀ ਦੀਆਂ ਗੱਲਾਂ।

-ਪਾਲੀ ਸਧੇਵਾਲ

## ਕਵਿਤਾ



ਦੋਸਤੋ ਆ ਗਈ ਏ ਰਖੜ ਪੁੰਨਿਆ,
ਕਿਸੇ ਨੇ ਕਿਸੇ ਦਾ ਦੁੱਖ ਨਾ ਸੁਣਿਆ ।
ਧਾਗੇ ਵਿਕ ਗਏ ਵਿਚ ਬਜਾਰ,
ਸਾਰੇ ਰਿਸਤੇ ਹੋ ਗਏ ਤਾਰ ਤਾਰ ।
ਕਦੇ ਨਾ ਕਿਸੇ ਨਾਲ ਦੁੱਖ ਵੰਡਾਉਂਦੇ ।
ਮਾੜੇ ਨੂੰ ਉਸਦੀ ਔਕਾਤ ਦਿਖਾਉਂਦੇ ।
ਸੈਨੀ ਸੋਚੇ ਇੱਕਲਾ ਬਹਿ ਕੇ ,
ਕੀਹਨੂੰ ਦੁੱਖ ਸੁਣਾਵਾਂ ਕਹਿ ਕੇ ।
ਦਰਦੀ ਗੁਰੂ ਨਾਲ ਕੀਤੀ ਸਲਾਹ,
ਗੁਰੂ ਕਹਿੰਦਾ ਸਤੀਸ਼ ਤੂੰ ਕਲਮ ਚਲਾ ।
ਦੁੱਖ ਦੁਨੀਆਂ ਦੇ ਇਨੇ ਗਹਿਰੇ,
ਪੇਜ ਭਰ ਦਿਆਂ ਲਿਖ ਲਿਖ ਪਹਿਰੇ ।
ਕਲਮ ਬੋਲਦੀ ਕਦੇ ਨਾ ਡੋਲਦੀ ,
ਜਦੋਂ ਵੀ ਬੋਲਦੀ ਪੜਦੇ ਫੋਲਦੀ ।
ਦੋਸਤੋ ਜਾਤ ਪਾਤ ਦੀ ਲੜਾਈ ਹੈ ਇਥੇ ,
ਧਰਮ ਦੇ ਨਾਮ ਤੇ ਹੁੰਦੀ ਕਮਾਈ ਹੈ ਇਥੇ ।
ਇਨਸਾਨ ਦਾ ਇਨਸਾਨੀਅਤ ਅਸਲੀ ਧਰਮ ,
ਰੱਬ ਦੀ ਨਿਗਾਹ ਚ ਆਉਣੇ ਸੱਚੇ ਕਰਮ ।
ਕਰ ਲੈ ਸਤੀਸ਼ ਤੂੰ ਸੱਚੇ ਕਰਮਾ ਦੀ ਕਮਾਈ,
ਝੂਠੀ ਇਹ ਦੁਨੀਆ ਜਾਂਦੀ ਏ ਨੋਟ ਉਡਾਈ ।
ਕਾਹਨੂੰ ਕਰਦਾ ਫਿਰਦਾ ਏ ਹਰ ਸਮੇਂ ਮੇਰੀ ਮੇਰੀ,
ਆਰਜੂ ਨਹੀਂ ਰਹਿ ਗਈ ਤੇਰੇ ਕੋਲ ਲਮੇਰੀ ।
ਇਹ ਪੈਸਾ ਤੇਰੇ ਕਦੇ ਕੰਮ ਨੀ ਆਉਣਾ ,
ਬਾਅਦ ਚ ਸੈਨੀ ਤੈਨੂੰ ਪੈਣਾ ਪਛਤਾਉਣਾ ,।
ਜਿੰਦਗੀ ਨੇ ਦਿੱਤਾ ਨੀ ਆਪਣਾ ਭੇਤ ,
ਉਮਰ ਤੇਰੀ ਖਿਲਰ ਗਈ ਬਣ ਕੇ ਰੇਤ।

-ਲੇਖਕ-ਸਤੀਸ਼ ਕੁਮਾਰ ਸੈਨੀ
(ਪ੍ਰਧਾਨ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ)

## ਵਿਚਾਰ



**ਸੁਗਲਮੇਲਾ ...**
ਬੇਪ੍ਰਵਾਹ ਓਹੀ ਜੋ ਜ਼ਿੰਦਗੀ ਨੂੰ ਸੁਗਲਮੇਲਾ ਸਮਝ ਕੇ ਹੰਢਾਵੇ। ਵਾਧੇ ਘਾਟਿਆਂ 'ਚ ਉਲਝੇ ਰਹਿਣ ਵਾਲਾ ਤਾਂ ਜ਼ਿੰਦਗੀ ਕੱਟਦੈ। ਜ਼ਿੰਦਗੀ ਮਾਨਣੀ ਹੈ ਤਾਂ ਕਰਮ ਕਰੋ ਬਾਕੀ ਸਭ ' ਓਸ' 'ਤੇ ਛੱਡੋ॥ ਜ਼ਿੰਦਗੀ ਦਾ ਆਨੰਦ ਲੈਣੈ ਤਾਂ ਹਰ ਕਾਰਜ ਨੂੰ ਸੁਗਲਮੇਲਾ ਮੰਨ ਕੇ ਪੂਰਾ ਕਰਦੇ ਜਾਓ। ਸਫਲ ਹੋਣ ਦੀ ਚਿੰਤਾ ਤੇ ਅਸਫਲਤਾ ਦਾ ਡਰ ਭਾਰੂ ਨਾ ਹੋਣ ਦਿਓ॥ ਧਨ ਦੌਲਤ, ਗੱਡੀਆਂ, ਬੰਗਲੇ, ਜ਼ਮੀਨਾ ਆਦਿ ਨਾਲ ਸੁਗਲਮੇਲਾ ਲੱਭਦੈ ਤਾਂ ਮਨ ਦਾ ਭੁਲੇਖੈ। ਸੁਗਲਮੇਲਾ ਤਾਂ ਸਹੀ ਸੋਚ, ਉੱਚੀ ਸਮਝ ਅਤੇ ਓਸ ਦੀ ਰਜ਼ਾ 'ਚੋਂ ਮਿਲਦੈ। ਹੋਂਦਾ ਕੇ ਤਾਂ ਦੇਖੋ॥

**ਤ੍ਰੇਲੀਆਂ...**
ਕੁਦਰਤ 'ਚ ਵੜੋ। ਨੇੜੇ ਲੱਗੋ। ਨਜ਼ਾਰੇ ਮਾਣੋ। ਖ਼ੁਸ਼ੀਆਂ ਖੇੜਿਆਂ ਦੀਆਂ ਤ੍ਰੇਲੀਆਂ ਨਾਲ ਭਿੱਜਣ ਲੱਗੋਗੇ॥ ਜਿਹੜੀ ਸੋਚ ਤ੍ਰੇਲੀਆਂ ਲਿਆਵੇ। ਦੁੱਖੀ ਕਰੇ। ਰੋਗ ਵਧਾਵੇ। ਓਹ ਸੋਚਣਾ ਛੱਡੋ। ਖ਼ੁਦਾ ਬਾਰੇ ਸੋਚੋ ਹੋਰਾਂ ਬਾਰੇ ਸੋਚਣਾ ਛੱਡੋ। ਸੁਖੀ ਰਹਿਣ ਲੱਗੋਗੇ॥ ਮਿਹਨਤ 'ਚੋਂ ਆਈਆਂ ਤ੍ਰੇਲੀਆਂ ਨੂੰ ਖ਼ੁਸ਼ਆਮਦੀਦ ਕਹਿਣਾ ਸਿੱਖੋ। ਅਬ ਦੁੱਖ ਫਿਰ ਸੁੱਖ। ਵਕਤ ਦੀ ਦਹਿਲੀਜ਼ 'ਤੇ ਖੜੀਆਂ ਖ਼ੁਸ਼ੀਆਂ ਤੁਹਾਡਾ ਮੱਥਾ ਚੁੰਮਣ ਲਈ ਤਿਆਰ ਬਰ ਤਿਆਰ ਨੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ, ਮਾਨਸਾ।

## ਗੁਇਰਨਿਕਾ

ਅੱਜ
ਗੁਇਰਨਿਕਾ ਨੂੰ
ਬਰਬਾਦ ਕਰਨ ਲਈ
ਹਿਟਲਰ ਬੰਬਾਰੀ ਨਹੀਂ ਕਰ ਰਿਹਾ
ਨਾ ਹੀ ਕਰ ਰਿਹਾ ਏ
ਗੋਲੀਆਂ ਦੀ ਬੁਛਾੜ
ਅਜਾਬੋ ਬੇਪ੍ਰਵਾਹ ਹਿਟਲਰ
ਨਸ਼ਿਆਈ ਫ਼ਸਲਤਾਂ ਪਾਲ
ਨਫ਼ਰਤੀ ਬਾਣਾਂ ਨਾਲ ਮਾਰ ਰਿਹਾ ਏ
ਸਾਡੀ ਮਸਤਕੀ ਸੋਚ ਨੂੰ
ਅਸੀਂ ਨਸ਼ੀਲੇ ਦਰਿਆਵਾਂ 'ਚ ਡੁੱਬੇ
ਪੀੜਾਂ ਤੋਂ ਮੁਕਤ
ਚੀਕਾਂ ਮਾਰਨੋਂ ਵੀ ਗੂੰਗੇ
ਲਹੂ ਮੁੱਕੇ ਲੋਕ ਪਾਲ ਰਹੇ ਹਾਂ
ਹਿਟਲਰ ਦੇ ਮਨਸੂਬੇ ਅੱਜ ਦੇ
ਹਿਟਲਰ ਨੇ ਛੱਡਿਆ ਨਹੀਂ
ਕੋਈ ਪਾਬਲੋ ਪਿਕਾਸੋ
ਜੋ ਗੁਇਰਨਿਕਾ ਦੇ ਲੋਕਾਂ ਦੀ
ਪੀੜ ਤੇ ਦੁੱਖਾਂ ਦੀ ਦਾਸਤਾਨ ਦਾ
ਚਿੱਤਰ ਬਣਾ ਦੇਵੇ
ਜੋ ਸੁਣਾਵੇ
ਲੋਕਾਈ ਵੱਲੋਂ ਸਹਿਣ ਕੀਤੇ
ਕੱਟੜਤਾ ਦੇ ਤਸੀਹਿਆਂ ਦਾਸਤਾਨ।

-ਰਾਮਪਾਲ ਸ਼ਾਹਪੁਰੀ

## ਕੁੱਤਾ-ਮਿਲਣੀ

ਮੈਂ ਡੋਰ ਬੈੱਲ ਵਜਾਈ ਤਾਂ ਅੰਦਰੋਂ
ਕਿਸੇ ਦੇ ਬੋਲਣ ਤੋਂ ਪਹਿਲਾਂ ਕੁੱਤੇ ਦੇ
ਭੌਂਕਣ ਦੀ ਆਵਾਜ਼ ਆਈ
ਗੇਟ ਖੁੱਲ੍ਹਿਆ ਤਾਂ
ਮੇਰੇ ਦੋਸਤ ਤੋਂ ਮੂਹਰੇ
ਕੁੱਤਾ ਨਿਕਲਿਆ
ਭੱਜ ਕੇ ਬਾਹਰ
ਮੇਰੇ ਦੁਆਲੇ ਘੁੰਮਣ ਲੱਗਿਆ ਮੈਨੂੰ
ਸੁੰਘਣ ਲੱਗਿਆ
ਦੋਸਤ ਨੇ ਹੱਥ ਮਿਲਾਇਆ ਪਰ
ਸਾਰਾ ਧਿਆਨ ਸੀ ਉਸਦਾ ਆਪਣੇ
ਕੁੱਤੇ 'ਤੇ ਟਿਕਾਇਆ
ਕਿ ਦੂਰ ਨਾ ਚਲਾ ਜਾਏ ਕਿਧਰੇ....
ਅੰਦਰ ਜਾਂਦੇ
ਡਰਾਇੰਗ ਰੂਮ ਤੱਕ ਪਹੁੰਚਦੇ ਕੁੱਤਾ
ਸੁੰਘਦਾ ਗਿਆ ਮੈਨੂੰ ਅੱਗੇ ਪਿੱਛੇ
ਜਿਵੇਂ ਮੈਂ ਕਿਸੇ
ਦੁਸ਼ਮਣ ਦੇਸ਼ ਦਾ ਜਾਸੂਸ ਹੋਵਾਂ
ਡਰਾਇੰਗ ਰੂਮ ਵਿੱਚ ਬੈਠੇ
ਮੈਂ ਤੇ ਮੇਰਾ ਦੋਸਤ
ਕੁੱਤਾ ਬੈਠ ਗਿਆ
ਆਉਂਦਾ ਰਿਹਾ ਭੈਅ
ਦੋਸਤ
ਮੇਰੇ ਨਾਲ ਗੱਲਾਂ ਕਰਦਾ
ਵਿੱਚ ਵਿੱਚ ਉਸਨੂੰ ਵੀ ਪੁਚਕਾਰਦਾ
ਪਿਆਰ ਨਾਲ ਉਸਨੂੰ ਦੁਲਾਰਦਾ
ਭੁੱਲ ਹੀ ਗਿਆ
ਮੈਂ ਅੱਧੀਆਂ ਗੱਲਾਂ
ਜੋ ਮੈਂ ਆਪਣੇ ਦੋਸਤ ਨਾਲ ਕਰਨ
ਆਇਆ ਸੀ
ਜਾਣ ਲੱਗਿਆਂ ਉੱਠਿਆ ਇਕ ਦਮ
ਛਾਲ ਮਾਰ ਕੇ ਸੋਫ਼ੇ ਤੋਂ
ਤੁਰਨ ਲੱਗਿਆ
ਸਾਡੇ ਅੱਗੇ ਅੱਗੇ
ਗੇਟ ਤੇ ਮੇਰਾ ਦੋਸਤ
ਮੈਨੂੰ ਫਟਾਫਟ ਵਿਦਾ ਕਹਿ ਕੇ ਉਸਨੂੰ
ਅੰਦਰ ਵਾੜਨ ਲਈ ਪੁਚਕਾਰਨ
ਲੱਗਿਆ....
ਮੁੜਦੇ ਸਮੇਂ
ਮੈਂ ਸੋਚ ਰਿਹਾ ਸਾਂ
ਕਿ ਮੈਂ ਆਪਣੇ ਦੋਸਤ ਨੂੰ
ਮਿਲ ਕੇ ਆਇਆ ਸਾਂ
ਜਾਂ ਕੁੱਤੇ ਨੂੰ

19 ਅਗਸਤ ਜਨਮ ਦਿਨ ਤੇ ਵਿਸ਼ੇਸ਼

# 'ਢਾਈ ਕਿਲੋ ਦਾ ਹੱਥ': ਸਨੀ ਦਿਓਲ-ਪਰਦੇ ਦਾ ਹੀ-ਮੈਨ ਅਤੇ ਪੰਜਾਬ ਦੀ ਆਨ ਅਤੇ ਸ਼ਾਨ



ਬਾਲੀਵੁੱਡ ਦੇ 'ਐਕਸ਼ਨ ਕਿੰਗ' ਅਤੇ ਪੰਜਾਬ ਦੇ ਲਾਲ ਸਨੀ ਦਿਓਲ ਦਾ ਜਨਮ 19 ਅਗਸਤ 1956 ਨੂੰ ਮਸ਼ਹੂਰ ਫਿਲਮ ਅਦਾਕਾਰ ਅਤੇ ਨਿਰਦੇਸ਼ਕ ਧਰਮਿੰਦਰ ਦੇ ਘਰ ਪਿੰਡ ਸਾਹਨੇਵਾਲ, ਲੁਧਿਆਣਾ ਵਿੱਚ ਹੋਇਆ ਸੀ। ਅਸਲ ਨਾਂ ਅਜੇ ਸਿੰਘ ਦਿਓਲ ਹੈ, ਪਰ ਸਨੀ ਦੇ ਨਾਂ ਨਾਲ ਉਹ ਦੁਨੀਆਂ ਭਰ ਵਿੱਚ ਪ੍ਰਸਿੱਧ ਹੋ ਗਏ ਹਨ।

ਸਨੀ ਦਿਓਲ ਨੇ ਸ਼ੁਰੂਆਤ 1983 ਵਿੱਚ ਫਿਲਮ 'ਬੇਤਾਬ' ਨਾਲ ਕੀਤੀ। ਪਹਿਲੀ ਹੀ ਫਿਲਮ ਸੁਪਰਹਿੱਟ ਹੋ ਗਈ ਅਤੇ ਉਨ੍ਹਾਂ ਨੂੰ 'ਬੈਸਟ ਨਿਊਕਮਰ' ਦਾ ਫਿਲਮਫੇਅਰ ਅਵਾਰਡ ਮਿਲਿਆ। ਲੰਬਾ ਕੱਦ, ਭਰਵੀਂ ਦਾੜ੍ਹੀ, ਤਿੱਖੀਆਂ ਅੱਖਾਂ ਅਤੇ ਗੁੱਸੇ ਵਾਲਾ ਅੰਦਾਜ - ਇਹ ਸਨੀ ਦਿਓਲ ਦੀ ਪਛਾਣ ਬਣ ਗਿਆ।

90 ਦਾ ਦਹਾਕਾ ਸਨੀ ਦਿਓਲ ਦਾ ਦਹਾਕਾ ਸੀ। 'ਘਾਇਲ', 'ਦਾਮਿਨੀ', 'ਗ਼ਦਰ: ਏਕ ਪ੍ਰੇਮ ਕਥਾ', 'ਬਾਰਡਰ' ਅਤੇ 'ਇੰਡੀਅਨ' ਵਰਗੀਆਂ ਫਿਲਮਾਂ ਨੇ ਉਨ੍ਹਾਂ ਨੂੰ ਸੁਪਰਸਟਾਰ ਬਣਾ ਦਿੱਤਾ। 'ਘਾਇਲ' ਲਈ ਉਨ੍ਹਾਂ ਨੂੰ ਨੈਸ਼ਨਲ ਅਵਾਰਡ ਅਤੇ 'ਦਾਮਿਨੀ' ਲਈ ਬੈਸਟ ਸਪੋਰਟਿੰਗ ਅਦਾਕਾਰ ਦਾ ਫਿਲਮਫੇਅਰ ਅਵਾਰਡ ਮਿਲਿਆ। 'ਦਾਮਿਨੀ' ਵਿੱਚ ਬੋਲਿਆ ਗਿਆ ਉਨ੍ਹਾਂ ਦਾ ਡਾਇਲਾਗ 'ਤਾਰੀਖ ਪੇ ਤਾਰੀਖ' ਅੱਜ ਵੀ ਕੋਰਟਾਂ ਵਿੱਚ ਗੂੰਜਦਾ ਹੈ।



**ਕੇ.ਐੱਸ. ਅਮਰ**
ਪਿੰਡ ਤੇ ਡਾਕ. ਕੋਟਲੀ ਖਾਸ ਤਹਿਸੀਲ ਮੁਕੇਰੀਆਂ, ਜਿਲ੍ਹਾ ਹੁਸ਼ਿਆਰਪੁਰ, ਮੋਬਾ. 94653-69343

ਸਨੀ ਦਿਓਲ ਦੀਆਂ ਫਿਲਮਾਂ ਦੀ ਸਭ ਤੋਂ ਵੱਡੀ ਖਾਸੀਅਤ ਦੇਸ਼ ਭਗਤੀ ਅਤੇ ਮਜ਼ਲੂਮ ਦੀ ਆਵਾਜ਼ ਬਣਨਾ ਸੀ। ਫਿਲਮ ਗਦਰ ਵਿੱਚ ਉਨ੍ਹਾਂ ਦਾ ਕਿਰਦਾਰ ਤਾਰਾ ਸਿੰਘ ਅਤੇ ਡਾਇਲਾਗ 'ਹਿੰਦੁਸਤਾਨ ਜ਼ਿੰਦਾਬਾਦ' ਨੇ ਹਰ ਭਾਰਤੀ ਦੇ ਦਿਲ ਨੂੰ ਛੂਹਿਆ। 2023 ਵਿੱਚ 'ਗਦਰ 2' ਨੇ ਫਿਰ ਤੋਂ ਬਾਕਸ ਆਫਿਸ 'ਤੇ ਤੂਫਾਨ ਲਿਆ ਦਿੱਤਾ ਅਤੇ ਸਾਬਤ ਕਰ ਦਿੱਤਾ ਕਿ ਸਨੀ ਦਾ ਜਾਦੂ ਅੱਜ ਵੀ ਉਨਾ ਹੀ ਹੈ।

ਪਰਦੇ 'ਤੇ ਐਕਸ਼ਨ ਹੀਰੋ ਹੋਣ ਦੇ ਨਾਲ-ਨਾਲ ਸਨੀ ਦਿਓਲ ਅਸਲ ਜ਼ਿੰਦਗੀ ਵਿੱਚ ਬਹੁਤ ਸ਼ਾਂਤ ਅਤੇ ਜ਼ਮੀਨ ਨਾਲ ਜੁੜੇ ਹੋਏ ਇਨਸਾਨ ਹਨ। ਉਨ੍ਹਾਂ ਨੇ 2019 ਵਿੱਚ ਗੁਰਦਾਸਪੁਰ ਤੋਂ ਸੰਸਦ ਮੈਂਬਰ ਵਜੋਂ ਚੋਣ ਲੜੀ ਅਤੇ ਜਿੱਤ ਹਾਸਲ ਕੀਤੀ। ਸਿਆਸਤ ਵਿੱਚ ਆ ਕੇ ਵੀ ਉਹ ਆਪਣੇ ਪੰਜਾਬ ਅਤੇ ਦੇਸ਼ ਦੀ ਸੇਵਾ ਲਈ ਵਚਨਬੱਧ ਹਨ।

ਸਨੀ ਦਿਓਲ ਸਿਰਫ਼ ਇੱਕ ਅਦਾਕਾਰ ਨਹੀਂ, ਸਗੋਂ ਨਿਰਦੇਸ਼ਕ ਅਤੇ ਨਿਰਮਾਤਾ ਵੀ ਹਨ। ਉਨ੍ਹਾਂ ਨੇ 'ਦਿਲਜਲੇ', 'ਘਾਇਲ' ਵਰਗੀਆਂ ਫਿਲਮਾਂ ਦਾ ਨਿਰਦੇਸ਼ਨ ਵੀ ਕੀਤਾ। ਦਿਓਲ ਪਰਿਵਾਰ ਨੇ ਹਮੇਸ਼ਾ ਪੰਜਾਬੀ ਸੱਭਿਆਚਾਰ ਅਤੇ ਮਾਣ ਨੂੰ ਦੇਸ਼-ਦੁਨੀਆ ਵਿੱਚ ਉੱਚਾ ਕੀਤਾ ਹੈ।

ਅੱਜ 68 ਸਾਲ ਦੀ ਉਮਰ ਵਿੱਚ ਵੀ ਸਨੀ ਦਿਓਲ ਦੀ ਫਿਟਨੈਸ ਅਤੇ ਐਨਰਜੀ ਨੌਜਵਾਨਾਂ ਲਈ ਮਿਸਾਲ ਹੈ। ਉਨ੍ਹਾਂ ਦੀ ਆਵਾਜ਼, ਉਨ੍ਹਾਂ ਦਾ ਗੁੱਸਾ ਅਤੇ 'ਢਾਈ ਕਿਲੋ ਦਾ ਹੱਥ' ਵਾਲਾ ਅੰਦਾਜ਼ ਅੱਜ ਵੀ ਲੱਖਾਂ ਲੋਕਾਂ ਨੂੰ ਪ੍ਰੇਰਿਤ ਕਰਦਾ ਹੈ। ਸਵਰਗੀ ਸਟਾਰ ਧਰਮਿੰਦਰ ਅਤੇ ਉਨ੍ਹਾਂ ਦੇ ਪੁੱਤਰ ਸਨੀ ਦਿਓਲ ਸਾਬਤ ਕਰਦੇ ਹਨ ਕਿ ਜੇ ਇਰਾਦੇ ਮਜ਼ਬੂਤ ਹੋਣ ਤਾਂ ਪਿੰਡ ਦਾ ਮੁੰਡਾ ਵੀ ਦੇਸ਼ ਦਾ ਹੀਰੋ ਬਣ ਸਕਦਾ ਹੈ। ਜਨਮ ਦਿਨ ਮੌਕੇ ਸਮੂਹ ਪੰਜਾਬ ਵਾਸੀਆਂ ਵੱਲੋਂ ਉਨ੍ਹਾਂ ਨੂੰ ਲੱਖ-ਲੱਖ ਮੁਬਾਰਕਾਂ।

## ਸੂਰਜ ਦਾ ਲੁਕਿਆ ਖ਼ਜ਼ਾਨਾ

# ਵਿਗਿਆਨੀਆਂ ਨੇ ਸੂਰਜ ਵਿੱਚ ਉਮੀਦ ਨਾਲੋਂ 55% ਵੱਧ ਚਾਂਦੀ ਦੀ ਮੌਜੂਦਗੀ ਦਾ ਲਗਾਇਆ ਪਤਾ



ਸੂਰਜ ਧਰਤੀ 'ਤੇ ਜੀਵਨ ਦਾ ਮੁੱਖ ਸਰੋਤ ਹੈ। ਇਹ ਸਾਨੂੰ ਰੋਸ਼ਨੀ, ਗਰਮੀ ਅਤੇ ਊਰਜਾ ਪ੍ਰਦਾਨ ਕਰਦਾ ਹੈ। ਹਜ਼ਾਰਾਂ ਸਾਲਾਂ ਤੋਂ ਮਨੁੱਖ ਸੂਰਜ ਬਾਰੇ ਜਾਣਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਅੱਜ ਵੀ ਵਿਗਿਆਨੀ ਇਸ ਦੇ ਨਵੇਂ-ਨਵੇਂ ਭੇਤ ਖੋਲ੍ਹ ਰਹੇ ਹਨ। ਹਾਲ ਹੀ ਵਿੱਚ ਇੱਕ ਅਹਿਮ ਵਿਗਿਆਨਕ ਖੋਜ ਨੇ ਦੱਸਿਆ ਹੈ ਕਿ ਸੂਰਜ ਵਿੱਚ ਪਹਿਲਾਂ ਦੇ ਅਨੁਮਾਨਾਂ ਨਾਲੋਂ ਲਗਭਗ 55 ਫ਼ੀਸਦੀ ਵੱਧ ਚਾਂਦੀ ਮੌਜੂਦ ਹੈ। ਇਹ ਖੋਜ ਸਾਡੇ ਸਭ ਤੋਂ ਨੇੜਲੇ ਤਾਰੇ ਦੀ ਰਸਾਇਣਕ ਬਣਤਰ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਵਿੱਚ ਮਦਦ ਕਰੇਗੀ।

### ਚਾਂਦੀ ਦਾ ਇਹ ਰਾਜ਼ ਕਿਵੇਂ ਸਾਹਮਣੇ ਆਇਆ?

ਵਿਗਿਆਨੀ ਸੂਰਜ ਤੱਕ ਪਹੁੰਚ ਕੇ ਉਸ ਦੇ ਨਮੂਨੇ ਨਹੀਂ ਲੈ ਸਕਦੇ। ਇਸ ਦੀ ਬਜਾਏ ਉਹ ਸਪੈਕਟ੍ਰੋਸਕੋਪੀ (Spectroscopy) ਨਾਮਕ ਤਕਨੀਕ ਦੀ ਵਰਤੋਂ ਕਰਦੇ ਹਨ। ਹਰ ਰਸਾਇਣਕ ਤੱਤ ਰੋਸ਼ਨੀ ਨੂੰ ਇੱਕ ਖਾਸ ਢੰਗ ਨਾਲ ਸੋਖਦਾ ਅਤੇ ਛੱਡਦਾ ਹੈ, ਜਿਸ ਨਾਲ ਉਸ ਦੀ ਵਿਲੱਖਣ ਪਛਾਣ ਬਣਦੀ ਹੈ। ਨਵੀਂ ਖੋਜ ਵਿੱਚ ਵਿਗਿਆਨੀਆਂ ਨੇ ਵਧੇਰੇ ਸ਼ੁੱਧ ਪ੍ਰਯੋਗਸ਼ਾਲਾ ਡਾਟਾ, ਉੱਨਤ ਕੰਪਿਊਟਰ ਮਾਡਲਾਂ ਅਤੇ ਆਧੁਨਿਕ ਦੂਰਬੀਨਾਂ ਦੀ ਮਦਦ ਨਾਲ ਸੂਰਜ ਦੀ ਰੋਸ਼ਨੀ ਦਾ ਮੁੜ ਵਿਸ਼ਲੇਸ਼ਣ ਕੀਤਾ। ਇਸ ਤੋਂ ਪਤਾ ਲੱਗਾ ਕਿ ਸੂਰਜ ਵਿੱਚ ਚਾਂਦੀ ਦੀ ਮਾਤਰਾ ਪਹਿਲਾਂ ਮੰਨੀ ਗਈ ਮਾਤਰਾ ਨਾਲੋਂ ਕਾਫ਼ੀ ਵੱਧ ਹੈ।



**ਡਾ. ਵਿਜੇ ਗਰਗ**
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ

### ਕੀ ਸੂਰਜ ਵਿੱਚ ਚਾਂਦੀ ਦੀਆਂ ਖਾਣਾਂ ਹਨ?

ਇਸ ਖੋਜ ਦਾ ਇਹ ਅਰਥ ਨਹੀਂ ਕਿ ਸੂਰਜ ਦੇ ਅੰਦਰ ਚਾਂਦੀ ਦੀਆਂ ਚੱਟਾਨਾਂ ਜਾਂ ਖਾਣਾਂ ਮੌਜੂਦ ਹਨ। ਸੂਰਜ ਮੁੱਖ ਤੌਰ 'ਤੇ ਹਾਈਡ੍ਰੋਜਨ ਅਤੇ ਹੀਲੀਅਮ ਵਰਗੀਆਂ ਗੈਸਾਂ ਤੋਂ ਬਣਿਆ ਹੈ। ਚਾਂਦੀ ਉਥੇ ਬਹੁਤ ਹੀ ਘੱਟ ਮਾਤਰਾ ਵਿੱਚ ਪਰਮਾਣੂਆਂ (Atoms) ਦੇ ਰੂਪ ਵਿੱਚ ਮੌਜੂਦ ਹੈ, ਜੋ ਬਹੁਤ ਉੱਚੇ ਤਾਪਮਾਨ ਵਾਲੇ ਪਲਾਜ਼ਮਾ ਵਿੱਚ ਮਿਲੇ ਹੋਏ ਹਨ।

### ਇਹ ਖੋਜ ਕਿਉਂ ਮਹੱਤਵਪੂਰਨ ਹੈ?

ਚਾਂਦੀ ਇੱਕ ਭਾਰੀ ਤੱਤ ਹੈ, ਜੋ ਬ੍ਰਹਿਮੰਡ ਵਿੱਚ ਸੁਪਰਨੋਵਾ ਧਮਾਕਿਆਂ ਅਤੇ ਨਿਊਟ੍ਰਾਨ ਤਾਰਿਆਂ ਦੇ ਟਕਰਾਅ ਵਰਗੀਆਂ ਘਟਨਾਵਾਂ ਦੌਰਾਨ ਬਣਦਾ ਹੈ। ਇਸ ਦੀ ਸਹੀ ਮਾਤਰਾ ਦਾ ਪਤਾ ਲੱਗਣ ਨਾਲ ਵਿਗਿਆਨੀਆਂ ਨੂੰ ਕਈ ਮਹੱਤਵਪੂਰਨ ਸਵਾਲਾਂ ਦੇ ਜਵਾਬ ਮਿਲ ਸਕਦੇ ਹਨ।

- ਭਾਰੀ ਤੱਤਾਂ ਦੀ ਉਤਪੱਤੀ ਨੂੰ ਹੋਰ ਚੰਗੀ ਤਰ੍ਹਾਂ ਸਮਝਿਆ ਜਾ ਸਕੇਗਾ।
- ਤਾਰਿਆਂ ਦੇ ਵਿਕਾਸ ਸੰਬੰਧੀ ਮਾਡਲ ਹੋਰ ਸਟੀਕ ਬਣ ਸਕਣਗੇ।
- ਸੂਰਜੀ ਮੰਡਲ ਦੀ ਉਤਪੱਤੀ ਬਾਰੇ ਜਾਣਕਾਰੀ ਵਿੱਚ ਸੁਧਾਰ ਹੋਵੇਗਾ।

ਜਾਣਕਾਰੀ ਮਿਲੇਗੀ।

### ਵਿਗਿਆਨ ਹਮੇਸ਼ਾ ਸਿੱਖਦਾ ਅਤੇ ਸੁਧਰਦਾ ਹੈ

ਵਿਗਿਆਨ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਨਵੀਂ ਜਾਣਕਾਰੀ ਦੇ ਆਧਾਰ 'ਤੇ ਆਪਣੇ ਨਤੀਜਿਆਂ ਨੂੰ ਸੁਧਾਰਦਾ ਰਹਿੰਦਾ ਹੈ। ਪਹਿਲਾਂ ਦੇ ਅਨੁਮਾਨ ਉਸ ਸਮੇਂ ਦੀ ਉਪਲਬਧ ਤਕਨਾਲੋਜੀ 'ਤੇ ਆਧਾਰਿਤ ਸਨ। ਹੁਣ ਆਧੁਨਿਕ ਯੰਤਰਾਂ ਅਤੇ ਵਧੇਰੇ ਸਟੀਕ ਮਾਪਾਂ ਕਾਰਨ ਵਿਗਿਆਨੀ ਹੋਰ ਭਰੋਸੇਯੋਗ ਨਤੀਜੇ ਪ੍ਰਾਪਤ ਕਰ ਰਹੇ ਹਨ।

ਇਸ ਲਈ ਇਹ ਖੋਜ ਪੁਰਾਣੇ ਅਧਿਐਨਾਂ ਨੂੰ ਗਲਤ ਨਹੀਂ ਸਾਬਤ ਕਰਦੀ, ਸਗੋਂ ਇਹ ਦਿਖਾਉਂਦੀ ਹੈ ਕਿ ਵਿਗਿਆਨ ਲਗਾਤਾਰ ਤਰੱਕੀ ਕਰਦਾ ਹੈ।

### ਸੂਰਜ ਅਜੇ ਵੀ ਭੇਤਾਂ ਨਾਲ ਭਰਿਆ ਹੋਇਆ ਹੈ

ਸੂਰਜ ਵਿੱਚ ਹਾਈਡ੍ਰੋਜਨ ਅਤੇ ਹੀਲੀਅਮ ਤੋਂ ਇਲਾਵਾ ਆਕਸੀਜਨ, ਕਾਰਬਨ, ਲੋਹਾ, ਸਿਲੀਕਾਨ, ਸੋਨਾ, ਚਾਂਦੀ ਅਤੇ ਹੋਰ ਕਈ ਤੱਤ ਵੀ ਬਹੁਤ ਘੱਟ ਮਾਤਰਾ ਵਿੱਚ ਮੌਜੂਦ ਹਨ। ਇਨ੍ਹਾਂ ਤੱਤਾਂ ਦੀ ਸਹੀ ਮਾਤਰਾ ਜਾਣਨ ਨਾਲ ਸਾਨੂੰ ਇਹ ਸਮਝਣ ਵਿੱਚ ਮਦਦ ਮਿਲਦੀ ਹੈ ਕਿ ਬ੍ਰਹਿਮੰਡ ਵਿੱਚ ਤਾਰੇ, ਗ੍ਰਹਿ ਅਤੇ ਹੋਰ ਖਗੋਲੀ ਪਿੰਡ ਕਿਵੇਂ ਬਣੇ ਅਤੇ ਵਿਕਸਿਤ ਹੋਏ।

ਭਵਿੱਖ ਵਿੱਚ ਹੋਰ ਉੱਨਤ ਦੂਰਬੀਨਾਂ ਅਤੇ ਪੁਲਾੜ ਮਿਸ਼ਨਾਂ ਦੀ ਮਦਦ ਨਾਲ ਸੰਭਵ ਹੈ ਕਿ ਸੂਰਜ ਦੇ ਹੋਰ ਵੀ ਅਣਜਾਣ ਭੇਤ ਸਾਹਮਣੇ ਆਉਣ।

### ਸਿੱਟਾ

ਸੂਰਜ ਵਿੱਚ 55 ਫ਼ੀਸਦੀ ਵੱਧ ਚਾਂਦੀ ਦੀ ਮੌਜੂਦਗੀ ਦਾ ਪਤਾ ਲੱਗਣਾ ਖਗੋਲ ਵਿਗਿਆਨ ਦੀ ਇੱਕ ਮਹੱਤਵਪੂਰਨ ਉਪਲਬਧੀ ਹੈ। ਇਹ ਖੋਜ ਨਾ ਸਿਰਫ਼ ਸੂਰਜ ਦੀ ਰਸਾਇਣਕ ਬਣਤਰ ਬਾਰੇ ਸਾਡੀ ਸਮਝ ਨੂੰ ਹੋਰ ਡੂੰਘਾ ਕਰਦੀ ਹੈ, ਸਗੋਂ ਬ੍ਰਹਿਮੰਡ ਦੀ ਉਤਪੱਤੀ ਅਤੇ ਵਿਕਾਸ ਬਾਰੇ ਵੀ ਨਵੇਂ ਦਰਵਾਜ਼ੇ ਖੋਲ੍ਹਦੀ ਹੈ।

ਹਰ ਨਵੀਂ ਖੋਜ ਸਾਨੂੰ ਇਹ ਯਾਦ ਦਿਵਾਉਂਦੀ ਹੈ ਕਿ ਭਾਵੇਂ ਸੂਰਜ ਸਾਡੇ ਸਭ ਤੋਂ ਨੇੜੇ ਦਾ ਤਾਰਾ ਹੈ, ਫਿਰ ਵੀ ਇਸ ਦੇ ਅੰਦਰ ਅਜੇ ਬਹੁਤ ਸਾਰੇ ਭੇਤ ਲੁਕੇ ਹੋਏ ਹਨ। ਵਿਗਿਆਨ ਦੀ ਲਗਾਤਾਰ ਤਰੱਕੀ ਨਾਲ ਇਹ

# ਮਿੱਠੀਆਂ ਗੱਲਾਂ ਕਰਨ ਵਾਲੀਆਂ ਸਰਕਾਰਾਂ ਨੇ ਗਰੀਬਾਂ ਦੀ ਚਾਹ ਵੀ ਕੀਤੀ ਕੌੜੀ





ਬਹਾਦਰ ਸਿੰਘ ਗੋਸਲ
ਮਕਾਨ ਨੰਬਰ 3098,
ਸੈਕਟਰ-37ਡੀ, ਚੰਡੀਗੜ੍ਹ

ਅਗਸਤ ਤੋਂ ਨਵੰਬਰ ਤੱਕ ਦੇ ਮਹੀਨੇ ਭਾਰਤੀਆਂ ਅਤੇ ਖਾਸ ਕਰਕੇ ਪੰਜਾਬੀਆਂ ਲਈ ਬਹੁਤ ਹੀ ਮਹੱਤਵਪੂਰਣ ਹੁੰਦੇ ਹਨ। ਇਨ੍ਹਾਂ ਮਹੀਨਿਆਂ ਵਿੱਚ ਭਾਰਤੀ ਲੋਕਾਂ ਦੇ ਮਨਾਉਣ ਵਾਲੇ ਵੱਡੇ ਤਿਉਹਾਰ ਆਉਂਦੇ ਹਨ ਇਸ ਲਈ ਉਨ੍ਹਾਂ ਨੂੰ ਆਪਣਾ ਘਰੇਲੂ ਬਜਟ ਬਹੁਤ ਹੀ ਸੰਭਲ ਕੇ ਬਣਾਉਣਾ ਅਤੇ ਵਰਤਣਾ ਪੈਂਦਾ ਹੈ। ਪੰਜਾਬੀ ਲੋਕ ਤਾਂ ਆਪਣੇ ਪ੍ਰੀਵਾਰਾਂ ਵਿੱਚ ਜ਼ਿਆਦਾਤਰ ਵਿਆਹ ਸ਼ਾਦੀਆਂ ਵੀ ਇਨ੍ਹਾਂ ਮਹੀਨਿਆਂ ਵਿੱਚ ਹੀ ਕਰਦੇ ਹਨ ਕਿਉਂਕਿ ਅਕਤੂਬਰ, ਨਵੰਬਰ ਦਾ ਮਹੀਨਾ ਮੌਸਮ ਵਲੋਂ ਵੀ ਖੁਸ਼ਗਵਾਰ ਹੁੰਦਾ ਹੈ ਤਾਂ ਕੁਦਰਤੀ ਗੱਲ ਹੈ ਕਿ ਇਨ੍ਹਾਂ ਮਹੀਨਿਆਂ ਵਿੱਚ ਖੰਡ ਦੀ ਖਪਤ ਬਹੁਤ ਵੱਧ ਜਾਂਦੀ ਹੈ। ਪੰਜਾਬੀ ਲੋਕਾਂ ਦੇ ਘਰਾਂ ਵਿੱਚ ਤਾਂ ਸ਼ਗਨਾਂ ਦੇ ਰੂਪ ਵਿੱਚ ਹੀ ਖੰਡ ਦੀ ਖਪਤ ਕਈ ਗੁਣਾਂ ਹੋ ਜਾਂਦੀ ਹੈ।

ਪਰ ਅੱਜ ਕੱਲ ਖੰਡ ਦੀਆਂ ਕੀਮਤਾਂ ਛਾਲਾਂ ਮਾਰ ਰਹੀਆਂ ਹਨ ਅਤੇ ਦਿਨਾਂ ਵਿੱਚ ਹੀ ਖੰਡ ਦੀਆਂ ਕੀਮਤਾਂ 35-40 ਤੋਂ 60-70 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਪਹੁੰਚ ਗਈਆਂ ਹਨ। ਦੇਸ਼ ਵਿੱਚ ਮਹਿੰਗਾਈ ਤਾਂ ਪਹਿਲਾਂ ਹੀ ਬਹੁਤ ਜ਼ਿਆਦਾ ਹੈ ਅਤੇ ਗਰੀਬਾਂ ਦੇ ਘਰ ਦੇ ਬਜਟ ਤਾਂ ਹਿਲੇ ਹੀ ਰਹਿੰਦੇ ਹਨ। ਗਰੀਬਾਂ ਨੂੰ ਵੱਧਦੀਆਂ ਕੀਮਤਾਂ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ। ਪਰ ਜੇ ਤਿਉਹਾਰਾਂ ਦੇ ਦਿਨਾਂ ਵਿੱਚ ਇਹ ਕੀਮਤਾਂ ਵੱਧ ਜਾਣ ਤਾਂ ਉਨ੍ਹਾਂ ਦਾ ਹੋਰ ਵੀ ਮੰਦਾ ਹਾਲ ਹੋ ਜਾਂਦਾ ਹੈ। ਇੱਕ ਖਬਰ ਅਨੁਸਾਰ ਥੋਕ ਖੰਡ ਦੀ ਕੀਮਤ 6400 ਰੁਪਏ ਪ੍ਰਤੀ ਕੁਇੰਟਲ ਤੋਂ ਵੀ ਵੱਧ ਕੇ 7000 ਰੁਪਏ ਪ੍ਰਤੀ ਕੁਇੰਟਲ ਤੱਕ ਪਹੁੰਚ ਗਈ ਹੈ ਤਾਂ ਖਪਤਕਾਰ ਲਈ ਮਹਿੰਗੀ ਖੰਡ ਖਰੀਦਣੀ ਹੋਰ ਵੀ ਮੁਸ਼ਕਲ ਹੋ ਜਾਂਦੀ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਗਰੀਬਾਂ ਨੇ ਵੀ ਤਿਉਹਾਰ ਮਨਾਉਣੇ ਹੁੰਦੇ ਹਨ। ਪਰ ਵੱਧ ਰਹੀਆਂ ਕੀਮਤਾਂ ਉਨ੍ਹਾਂ ਦੇ ਮਨਾਂ ਨੂੰ ਠੇਸ ਪਹੁੰਚਾਉਂਦੀਆਂ ਹਨ।

ਇਸ ਵੇਲੇ ਮਹਿੰਗਾਈ ਦੀ ਗੱਲ ਤਾਂ ਇਹ ਹੈ ਕਿ ਖਾਣ-ਪੀਣ ਵਾਲੀਆਂ ਵਸਤਾਂ ਹੀ ਗਰੀਬਾਂ ਦੇ ਹੱਥਾਂ ਵਿਚੋਂ ਨਿਕਲਦੀਆਂ ਜਾ ਰਹੀਆਂ ਹਨ। ਖੰਡ ਮਹਿੰਗੀ ਹੋਣ ਕਾਰਣ ਮਿਠਿਆਈ ਤਾਂ ਗਰੀਬਾਂ ਦੀ ਪਹੁੰਚ ਤੋਂ ਕਿਤੇ ਦੂਰ ਹੈ। ਛੋਟੀ ਤੋਂ ਛੋਟੀ ਮਿਠਿਆਈ ਦੀ ਦੁਕਾਨ ਤੇ ਵੇਸਣ ਦੀ ਬਰਫੀ ਵੀ 300/- ਰੁਪਏ ਪ੍ਰਤੀ ਕਿਲੋ ਤੋਂ ਘੱਟ ਨਹੀਂ ਮਿਲਦੀ ਬਾਕੀ ਦੂਜੀਆਂ ਮਿਠਿਆਈਆਂ ਦਾ ਹੋਰ ਕਹਿਣਾ ਕੀ? ਪਰ ਕਮਾਲ ਦੀ ਗੱਲ ਹੈ ਕਿ ਸਾਰੀਆਂ ਲੋਕਤੰਤਰੀ ਸਰਕਾਰਾਂ ਦਮਗਜ਼ੇ ਮਾਰ ਰਹੀਆਂ ਹਨ ਅਤੇ ਮਿੱਠੀਆਂ ਮਿੱਠੀਆਂ ਗੱਲ ਕਰਕੇ ਲੋਕਾਂ ਨੂੰ ਭਰਮਾਉਣ ਲਈ ਕਹਿ ਰਹੀਆਂ ਹਨ ਕਿ ਉਨ੍ਹਾਂ ਨੂੰ ਬਹੁਤ ਸਾਰੀਆਂ ਵਸਤਾਂ ਮੁਫਤ ਵਿੱਚ ਦਿੱਤੀਆਂ ਜਾ ਰਹੀਆਂ ਹਨ। ਲੋਕਾਂ ਨੂੰ ਵੋਟਾਂ ਲਈ ਮਿੱਠੇ-ਮਿੱਠੇ ਲਾਰੇ ਲੱਗਾ ਕੇ ਮਹਿੰਗਾਈ ਦੀ ਭੱਠੀ ਵਿੱਚ ਝੋਕਿਆ ਜਾ ਰਿਹਾ ਹੈ ਕਿੰਨਾ ਚੰਗਾ ਹੋਵੇ ਕਿ ਲੋਕਾਂ ਨੂੰ ਮੁਫਤ ਸਹੂਲਤਾਂ ਦੇਣ ਦੀ ਬਜਾਏ ਮਹਿੰਗਾਈ ਨੂੰ ਕਾਬੂ ਕੀਤਾ ਜਾਵੇ ਤਾਂ ਕਿ ਸਭ ਲੋਕਾਂ ਨੂੰ ਅਤੇ ਖਾਸ ਕਰਕੇ ਗਰੀਬਾਂ ਨੂੰ ਇਸ ਦਾ ਲਾਭ ਮਿਲ ਸਕੇ। ਬੇਰੁਜ਼ਗਾਰਾਂ ਦਾ ਤਾਂ ਹੋਰ ਵੀ ਬੁਰਾ ਹਾਲ ਹੈ ਕਿ ਉਹ ਟੈਸਟ ਦੇ ਕੇ ਹੰਭ ਜਾਂਦੇ ਹਨ ਪਰ ਨੌਕਰੀ ਦਾ ਮੂੰਹ ਦੇਖਣਾ ਨਸੀਬ ਨਹੀਂ ਹੁੰਦਾ। ਸਰਕਾਰ ਦੀਆਂ ਮਿੱਠੀਆਂ ਗੱਲਾਂ ਲੋਕਤੰਤਰ ਨੂੰ ਢਾਹ ਲਗਾਉਂਦੀਆਂ ਹਨ ਅਤੇ ਗਰੀਬਾਂ ਦੇ ਜ਼ਖਮਾਂ ਉੱਤੇ ਲੂਣ ਛਿੜਕਣ ਦਾ ਕੰਮ ਕਰਦੀਆਂ ਹਨ। ਇਝ ਮਾਲੂਮ ਹੁੰਦਾ ਹੈ ਕਿ ਕੀਮਤਾਂ ਸਰਕਾਰ ਦੇ ਵਸ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਗਰੀਬ ਆਦਮੀ ਨੂੰ ਤਾਂ ਮਹਿੰਗਾਈ ਤੋਂ ਰਾਹਤ ਹੋਣੀ ਚਾਹੀਦੀ ਹੈ, ਗਰੀਬਾਂ ਦੇ ਬੱਚੇ ਵੀ ਤਿਉਹਾਰਾਂ ਦੇ ਦਿਨਾਂ ਵਿੱਚ ਮਿਠਿਆਈ ਖਾਣੀ ਲੋਚਦੇ ਹਨ ਕਿਉਂਕਿ ਪੰਜਾਬੀ ਸਮਾਜ ਵਿੱਚ ਤਾਂ ਇਨ੍ਹਾਂ ਤਿਉਹਾਰਾਂ ਵਿੱਚ ਭੈਣ-ਭਰਾਵਾਂ ਲਈ ਬਹੁਤ ਸਾਰੇ ਸ਼ਗਨਾਂ ਦੇ ਤਿਉਹਾਰ ਹੁੰਦੇ ਹਨ।

ਜਿਨ੍ਹਾਂ ਵਿੱਚ ਮਿਠਿਆਈ ਨੂੰ ਵਰਤਣਾ ਸ਼ਗਨਾਂ ਦੀ ਨਿਸ਼ਾਨੀ ਹੁੰਦੀ ਹੈ ਇਸ ਲਈ ਮਹਿੰਗਾਈ ਤੋਂ ਡਰਦੇ ਉਨ੍ਹਾਂ ਨੂੰ ਮਿਠਿਆਈ ਤੋਂ ਦੂਰ ਭੱਜਣਾ ਪੈਂਦਾ ਹੈ ਪਰ ਸਮਾਜਿਕ ਸ਼ਗਨਾਂ ਤੋਂ ਨਹੀਂ। ਪੰਜਾਬੀ ਵਿਆਹਾਂ ਵਿੱਚ ਤਾਂ ਮਿਠਿਆਈ ਦਾ ਖੂਬ ਜ਼ੋਰ ਹੁੰਦਾ ਹੈ ਅਤੇ ਖੰਡ ਦੀ ਵਰਤੋਂ ਵੱਡੀ ਗਿਣਤੀ ਵਿੱਚ ਹੁੰਦੀ ਹੈ। ਇਸ ਲਈ ਵੱਧ ਰਹੀਆਂ ਕੀਮਤਾਂ ਪੰਜਾਬੀਆਂ ਨੂੰ ਵਿਸ਼ੇਸ਼ ਪ੍ਰਭਾਵਿਤ ਕਰਦੀਆਂ ਹਨ।

ਇਕ ਖਬਰ ਅਨੁਸਾਰ ਖੰਡ ਦੀਆਂ ਮਿਲ ਕੀਮਤਾਂ ਵਿੱਚ ਰਿਕਾਰਡ ਵਾਧਾ ਹੋਇਆ ਹੈ ਅਤੇ ਖਪਤਕਾਰ ਮਸਲਿਆਂ ਬਾਰੇ ਮੰਤਰਾਲੇ ਮੁਤਾਬਿਕ ਮਿਲ ਦਰਾਂ ਵਿੱਚ ਵਾਧੇ ਦੇ ਨਾਲ ਹੀ ਖੰਡ ਦੀ ਔਸਤ ਪ੍ਰਚੂਨ ਕੀਮਤ 13 ਫੀਸਦੀ ਤੋਂ ਵੱਧ ਕੇ 18 ਅਗਸਤ ਨੂੰ 52.3 ਰੁਪਏ ਪ੍ਰਤੀ ਕਿਲੋ ਹੋ ਗਈ ਹੈ ਜੋ ਇਕ ਸਾਲ ਪਹਿਲਾ 46.3 ਰੁਪਏ ਪ੍ਰਤੀ ਕਿਲੋ ਸੀ, ਖਬਰ ਇਹ ਵੀ ਹੈ ਕਿ ਭਾਰਤ ਸਰਕਾਰ ਕੀਮਤਾਂ ਕਾਬੂ ਕਰਨ ਲਈ ਖੰਡ ਦੀ ਦਰਾਮਦ ਕਰਨ ਤੇ ਵਿਚਾਰ ਕਰ ਰਹੀ ਹੈ ਅਤੇ ਦੁਨੀਆਂ ਦੇ ਖੰਡ ਦੇ ਸਭ ਤੋਂ ਵੱਡੇ ਖਪਤਕਾਰ ਭਾਰਤ ਦੇਸ਼ ਨੂੰ ਖੰਡ ਦੀ ਦਰਾਮਦ ਲਈ ਲੰਡਨ ਅਤੇ ਨਿਊਯਾਰਕ ਵੱਲ ਤੱਕਣਾ ਪੈ ਰਿਹਾ ਹੈ। ਕਿਹਾ ਗਿਆ ਹੈ ਕਿ ਮਹਾਰਾਸ਼ਟਰ ਦੇ ਪ੍ਰਮੁੱਖ ਵਪਾਰਕ ਕੇਂਦਰ ਕੋਲ੍ਹਾਪੁਰ ਵਿਚ ਥੋਕ ਦੀਆਂ ਕੀਮਤਾਂ ਅਗਸਤ ਦੇ ਸ਼ੁਰੂ ਤੋਂ ਹੀ 5350 ਰੁਪਏ ਪ੍ਰਤੀ 100 ਕਿਲੋਗ੍ਰਾਮ ਤੱਕ ਪਹੁੰਚ ਗਈਆ ਹਨ। ਇੱਕ ਖਬਰ ਅਨੁਸਾਰ ਬੰਬੇ "ਸ਼ੂਗਰ ਮਰਚੈਂਟਸ ਐਸੋਸੀਏਸ਼ਨ" ਦੇ ਪ੍ਰਧਾਨ ਅਸ਼ੋਕ ਜੈਨ ਨੇ ਕਿਹਾ ਹੈ ਕਿ ਸਥਾਨਕ ਸਪਲਾਈ ਘੱਟ ਹੈ ਸਿਰਫ? ਦਰਾਮਦਾਂ ਦੀ ਸਪਲਾਈ ਵਧਾਉਣ ਅਤੇ ਤਿਉਹਾਰਾਂ ਦੇ ਦਿਨਾਂ ਵਿੱਚ ਕੀਮਤਾਂ ਨੂੰ ਕਾਬੂ ਕਰਨ ਵਿੱਚ ਸਹਾਇਤਾ ਮਿਲੇਗੀ। ਕੁਝ ਵੀ ਹੋਵੇ ਸਰਕਾਰਾਂ ਨੂੰ ਮਿੱਠੀਆਂ-ਮਿੱਠੀਆਂ ਗੱਲਾਂ ਛੱਡ ਗਰੀਬਾਂ ਵੱਲ ਧਿਆਨ ਦੇਣ ਦੀ ਲੋੜ ਹੈ ਜਿਨ੍ਹਾਂ ਦੀ ਚਾਹ ਵੀ ਕੌੜੀ ਹੋ ਚੁੱਕੀ ਹੈ ਅਤੇ ਖੰਡ ਦੀਆਂ ਕੀਮਤਾਂ ਤਿਉਹਾਰਾਂ ਦੇ ਦਿਨਾਂ ਵਿੱਚ ਬਿਲਕੁਲ ਨਹੀਂ ਵਧਣੀਆਂ ਚਾਹੀਦੀਆਂ। ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਤਿਉਹਾਰਾਂ ਦੇ ਦਿਨਾਂ ਵਿੱਚ ਮਿਠਿਆਈਆਂ ਦੀ ਗੁਣਵੱਤਾ ਅਤੇ ਕੀਮਤਾਂ ਕਾਬੂ ਵਿੱਚ ਰੱਖੀਆਂ ਜਾਣ।

## ਸਫ਼ਾ 1 ਦਾ ਬਾਕੀ...

**ਅਮੇਜ਼ਨ ਨੇ ਰਾਮ...**

ਕੀਤੀ ਸੀ। ਇਸ ਮਾਮਲੇ ਵਿੱਚ ਅਮੇਜ਼ਨ ਵੱਲੋਂ ਅਜੇ ਤੱਕ ਕੋਈ ਬਿਆਨ ਨਹੀਂ ਆਇਆ ਹੈ।

**ਅਮੇਜ਼ਨ ਨੇ ਖੁਦ ਨੂੰ ਦੱਸਿਆ ਸੀ ਸਿਰਫ਼ ਮਾਰਕਿਟਪਲੇਸ**

ਅਮੇਜ਼ਨ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਉਹ ਸਿਰਫ਼ ਇੱਕ ਆਨਲਾਈਨ ਮਾਰਕਿਟਪਲੇਸ ਹੈ ਅਤੇ ਪ੍ਰੋਡਕਟ ਦੀ ਲਿਸਟਿੰਗ, ਕੀਮਤ ਤੈਅ ਕਰਨ, ਵੇਰਵਾ ਦੇਣ ਜਾਂ ਵਿਕਰੀ ਵਿੱਚ ਉਸ ਦੀ ਸਿੱਧੇ ਤੌਰ 'ਤੇ ਕੋਈ ਭੂਮਿਕਾ ਨਹੀਂ ਸੀ। ਕੰਪਨੀ ਨੇ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 79 ਦੇ ਤਹਿਤ ਮਿਲਣ ਵਾਲੀ 'ਸੇਫ ਹਾਰਬਰ' ਸੁਰੱਖਿਆ ਦਾ ਵੀ ਹਵਾਲਾ ਦਿੱਤਾ। ਸੀਸੀਪੀਏ ਨੇ ਅਮੇਜ਼ਨ ਦੀਆਂ ਦਲੀਲਾਂ ਨੂੰ ਰੱਦ ਕਰ ਦਿੱਤਾ। ਅਥਾਰਟੀ ਨੇ ਕਿਹਾ ਕਿ ਸੂਚਨਾ ਤਕਨਾਲੋਜੀ ਐਕਟ ਅਤੇ ਉਪਭੋਗਤਾ ਸੁਰੱਖਿਆ (ਈ-ਕਾਮਰਸ) ਨਿਯਮ, 2020 ਵੱਖ-ਵੱਖ ਕਾਨੂੰਨੀ ਜ਼ਿੰਮੇਵਾਰੀਆਂ ਤੈਅ ਕਰਦੇ ਹਨ। ਕੋਈ ਵੀ ਮਾਰਕਿਟਪਲੇਸ ਇਕਾਈ IT ਐਕਟ ਦੇ ਤਹਿਤ ਆਪਣੀ ਵਿਚੋਲੇ ਦੀ ਸਥਿਤੀ ਦਾ ਹਵਾਲਾ ਦੇ ਕੇ ਉਪਭੋਗਤਾ ਸੁਰੱਖਿਆ ਸੰਬੰਧੀ ਜ਼ਿੰਮੇਵਾਰੀਆਂ ਤੋਂ ਬਚ ਨਹੀਂ ਸਕਦੀ, ਜਦੋਂ ਕਿ ਉਹ ਆਪਣੇ ਪਲੇਟਫਾਰਮ 'ਤੇ ਹੋਣ ਵਾਲੇ ਲੈਣ-ਦੇਣ ਤੋਂ ਵਪਾਰਕ ਮੁਨਾਫ਼ਾ ਕਮਾ ਰਹੀ ਹੋਵੇ।

**ਜੰਮੂ-ਕਸ਼ਮੀਰ ਭਾਰਤ...**

ਕਿ ਕੀ ਅਮਰੀਕਾ ਵੱਲੋਂ ਜਾਰੀ ਯਾਤਰਾ ਚਿਤਾਵਨੀ ਦੇ ਪੱਧਰ ਨੂੰ ਘਟਾਇਆ ਜਾਣਾ ਚਾਹੀਦਾ ਹੈ, ਕਿਉਂਕਿ ਜਿਵੇਂ ਕਿ ਮੈਂ ਪਹਿਲਾਂ ਕਿਹਾ, ਇਹ ਇੱਕ ਖੂਬਸੂਰਤ ਜਗ੍ਹਾ ਹੈ। ਮੈਨੂੰ ਲੱਗਦਾ ਹੈ ਕਿ ਬਹੁਤ ਸਾਰੇ ਅਮਰੀਕੀ ਜੰਮੂ-ਕਸ਼ਮੀਰ ਆ ਕੇ ਇਸ ਦੀ ਖੂਬਸੂਰਤੀ ਦਾ ਦੀਦਾਰ ਕਰਨਾ ਅਤੇ ਇੱਥੇ ਮੌਜੂਦ ਮੌਕਿਆਂ ਬਾਰੇ ਜਾਣਨਾ ਪਸੰਦ ਕਰਨਗੇ। ਸ੍ਰੀਨਗਰ ਪਹੁੰਚਣ ਤੋਂ ਤੁਰੰਤ ਬਾਅਦ ਗੋਰ ਨੇ ਮੁੱਖ ਮੰਤਰੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਉਨ੍ਹਾਂ ਕਿਹਾ, ਮੈਂ ਇੱਥੇ ਆ ਕੇ ਬਹੁਤ ਉਤਸ਼ਾਹਿਤ ਹਾਂ। ਸਾਡੀ ਹੁਣੇ ਬਹੁਤ ਚੰਗੀ ਗੱਲਬਾਤ ਹੋਈ ਹੈ। ਕੁਝ ਅਜਿਹੇ ਮੁੱਦੇ ਹਨ, ਜਿਨ੍ਹਾਂ ਨੂੰ ਅਸੀਂ ਵਾਸ਼ਿੰਗਟਨ ਅਤੇ ਨਵੀਂ ਦਿੱਲੀ ਨਾਲ ਉਠਾਉਣ ਦੀ ਉਮੀਦ ਕਰਦੇ ਹਾਂ। ਇਹ ਇੱਕ ਬਹੁਤ ਹੀ ਸੁਹਿਰਦ ਮੀਟਿੰਗ ਸੀ। ਅਸੀਂ ਇਸ ਰਿਸ਼ਤੇ ਨੂੰ ਅੱਗੇ ਵਧਾਉਣ ਲਈ ਉਤਸੁਕ ਹਾਂ। ਉੱਥੇ ਹੀ ਉਮਰ ਅਬਦੁੱਲਾ ਨੇ ਕਿਹਾ ਕਿ ਉਨ੍ਹਾਂ ਨੇ ਗੋਰ ਨਾਲ ਨਵੀਂ ਦਿੱਲੀ ਅਤੇ ਵਾਸ਼ਿੰਗਟਨ ਵਿਚਕਾਰ ਸੰਬੰਧਾਂ 'ਤੇ ਚਰਚਾ ਕੀਤੀ, ਜਿਸ ਵਿੱਚ ਜੰਮੂ-ਕਸ਼ਮੀਰ 'ਤੇ ਖਾਸ ਤੌਰ 'ਤੇ ਧਿਆਨ ਦਿੱਤਾ ਗਿਆ।

ਉਮਰ ਨੇ ਕਿਹਾ, ÷ਜ਼ਾਹਰ ਹੈ, ਕੁਝ ਪੁਰਾਣੀਆਂ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਅਸੀਂ ਸਮੇਂ ਦੇ ਨਾਲ ਸੁਲਝਾਉਣ ਦੀ ਕੋਸ਼ਿਸ਼ ਕਰਾਂਗੇ। ਪਰ ਅਸੀਂ ਇਸ ਗੱਲਬਾਤ ਨੂੰ ਅੱਗੇ ਵਧਾਉਣ ਲਈ ਉਤਸੁਕ ਹਾਂ। ਇਹ ਗੱਲਬਾਤ ਰਾਜਦੂਤ ਗੋਰ ਅਤੇ ਵਾਸ਼ਿੰਗਟਨ ਵਿਚਕਾਰ, ਅਤੇ ਇੱਥੇ ਨਵੀਂ ਦਿੱਲੀ ਵਿੱਚ ਮੇਰੇ ਅਤੇ ਕੇਂਦਰ ਸਰਕਾਰ ਵਿਚਕਾਰ ਹੋਵੇਗੀ।÷

ਉਮਰ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਅਮਰੀਕਾ ਅਤੇ ਜੰਮੂ-ਕਸ਼ਮੀਰ ਵਿਚਕਾਰ ਸੰਬੰਧ ÷ਹੋਰ ਜ਼ਿਆਦਾ ਵਿਆਪਕ ਅਤੇ ਮਜ਼ਬੂਤ÷ ਹੋਣਗੇ।

**ਭਾਜਪਾ ਦਾ ਪੰਜਾਬ...**

ਕਿਉਂਕਿ ਭਾਜਪਾ ਅਜਿਹੇ ਡਰਾਮੇ ਕਰਨ ਦੀ ਆਦੀ ਹੈ। ਦੇਸ਼ ਭਗਤੀ ਅਤੇ ਰਾਸ਼ਟਰਵਾਦ ਦੇ ਮੁੱਦੇ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਨੂੰ ਕਾਂਗਰਸ ਜਾਂ ਕੇਂਦਰ ਵਿਚਲੀ ਸਰਕਾਰ ਤੋਂ ਦੇਸ਼ ਭਗਤੀ ਦਾ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ। ਪੰਜਾਬੀਆਂ ਨੇ ਕੌਮੀ ਤਿਰੰਗੇ ਦੇ ਹਰ ਰੰਗ ਨੂੰ ਨਿਖਾਰਨ ਲਈ ਅਣਗਿਣਤ ਕੇਂਦਰ ਸਰਕਾਰ ਨੂੰ ਸਾਨੂੰ ਇਸ ਬਾਰੇ ਪਾਠ ਪੜ੍ਹਾਉਣ ਦੀ ਲੋੜ ਨਹੀਂ ਹੈ। ਇਹ ਬਹੁਤ ਮਾੜੀ ਗੱਲ ਹੈ ਕਿ ਇਹ ਪਾਰਟੀ, ਪੰਜਾਬ ਤੇ ਪੰਜਾਬੀਆਂ ਦੀ ਦੇਸ਼ ਭਗਤੀ 'ਤੇ ਸਵਾਲ ਚੁੱਕ ਕੇ ਵਾਰ-ਵਾਰ ਘਟੀਆ ਹਥਕੰਡੇ ਅਪਣਾ ਰਹੀ ਹੈ।

**ਸਤਿਕਾਰ ਯੋਜਨਾ: ਰੱਖੜੀ...**

ਦਿੱਤਾ ਜਾ ਰਿਹਾ ਹੈ। ਰੱਖੜੀ ਦੇ ਤਿਉਹਾਰ 'ਤੇ ਕਰੀਬ 348 ਕਰੋੜ ਰੁਪਏ ਔਰਤਾਂ ਦੇ ਖਾਤਿਆਂ 'ਚ ਭੇਜੇ ਜਾਣੇ ਹਨ। ਪੰਜਾਬ ਸਰਕਾਰ ਹੁਣ ਤੱਕ ਇਸ ਸਕੀਮ ਤਹਿਤ ਔਰਤਾਂ ਦੇ ਖਾਤਿਆਂ 'ਚ ਕਰੀਬ 2,275 ਕਰੋੜ ਰੁਪਏ ਭੇਜ ਚੁੱਕੀ ਹੈ। ਮੌਜੂਦਾ ਰਜਿਸਟ੍ਰੇਸ਼ਨ ਦੇ ਲਿਹਾਜ਼ ਨਾਲ ਇਸ ਸਕੀਮ 'ਤੇ ਸਾਲਾਨਾ 10,492.80 ਕਰੋੜ ਦਾ ਖ਼ਰਚਾ ਆਵੇਗਾ ਜੋ ਪ੍ਰਤੀ ਮਹੀਨਾ 874.40 ਕਰੋੜ ਰੁਪਏ ਬਣਦਾ ਹੈ। ਔਸਤਨ ਦੇਖੀਏ ਤਾਂ ਔਰਤਾਂ ਦੀ ਝੋਲੀ 'ਚ ਰੋਜ਼ਾਨਾ 28.74 ਕਰੋੜ ਦਾ ਸਤਿਕਾਰ ਭੱਤਾ ਪਏਗਾ। ਜਾਣਕਾਰੀ ਅਨੁਸਾਰ ਇਸ ਸਕੀਮ ਲਈ ਔਰਤਾਂ ਦੀ ਰਜਿਸਟ੍ਰੇਸ਼ਨ 75.50 ਲੱਖ 'ਤੇ ਰੁਕ ਗਈ ਹੈ ਜਦੋਂ ਕਿ ਇਸ ਸਕੀਮ ਦਾ ਲਾਭ 90 ਲੱਖ ਔਰਤਾਂ ਨੂੰ ਮਿਲਣ ਦੇ ਅੰਦਾਜ਼ੇ ਲਾਏ ਗਏ ਸਨ। ਪੰਜਾਬ 'ਚ ਔਰਤ ਵੋਟਰਾਂ ਦੀ ਗਿਣਤੀ ਇੱਕ ਕਰੋੜ ਤੋਂ ਵੱਧ ਹੈ। ਵੱਡੀ ਗਿਣਤੀ 'ਚ ਔਰਤਾਂ ਹਾਲੇ ਇਸ ਸਕੀਮ ਨਾਲ ਜੁੜੀਆਂ ਵੀ ਨਹੀਂ ਹਨ। ਅਗਸਤ ਮਹੀਨੇ 'ਚ ਇਸ ਸਕੀਮ ਲਈ ਨਵੀਂ ਰਜਿਸਟ੍ਰੇਸ਼ਨ ਕਾਫ਼ੀ ਸੁਸਤ ਹੋ ਗਈ ਹੈ। ਇਸ ਯੋਜਨਾ ਤਹਿਤ ਜਨਰਲ ਵਰਗ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਤੇ ਦਲਿਤ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਸਤਿਕਾਰ ਭੱਤਾ ਦਿੱਤਾ ਜਾ ਰਿਹਾ ਹੈ।

**ਪੰਜਾਬ ਅਤੇ ਹਰਿਆਣਾ...**

ਡੱਲੇਵਾਲ ਨੇ ਪ੍ਰਦਰਸ਼ਨ ਨੂੰ ਮੁਅੱਤਲ ਕਰਨ ਦਾ ਐਲਾਨ ਕਰ ਦਿੱਤਾ। ਦੂਜੇ ਪਾਸੇ ਹਰਿਆਣਾ ਪੁਲੀਸ ਨੇ ਪੰਜਾਬ ਵੱਲੋਂ ਆ ਰਹੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਲਗਾਈਆਂ ਗਈਆਂ ਕਈ ਪਰਤਾਂ ਵਾਲੀਆਂ ਬੈਰੀਕੇਡਾਂ ਨੂੰ ਹਟਾਉਣਾ ਵੀ ਸ਼ੁਰੂ ਕਰ ਦਿੱਤਾ ਹੈ।

**ਕੋਲਕਾਤਾ: ਹੋਟਲ ਵਿੱਚ...**

ਹਸਪਤਾਲ ਲਿਜਾਇਆ ਗਿਆ ਹੈ। ਇੱਕ ਪੁਲਿਸ ਅਧਿਕਾਰੀ ਨੇ ਪੀਟੀਆਈ ਨੂੰ ਦੱਸਿਆ, ਸੰਘਣੇ ਧੂੰਏਂ ਕਾਰਨ ਫਾਇਰਫਾਈਟਰਾਂ ਲਈ ਪੌੜੀਆਂ ਰਾਹੀਂ ਉਪਰਲੀਆਂ ਮੰਜ਼ਿਲਾਂ ਤੱਕ ਪਹੁੰਚਣਾ ਮੁਸ਼ਕਲ ਹੋ ਗਿਆ। ਨੌਂ ਲੋਕਾਂ ਦੀ ਮੌਤ ਹੋ ਗਈ ਹੈ, ਅਤੇ ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ। ਉਨ੍ਹਾਂ ਅੱਗੇ ਕਿਹਾ, ਫਸੇ ਹੋਏ ਲੋਕਾਂ ਨੂੰ ਬਚਾਉਣਾ ਸਾਡੀ ਤਰਜੀਹ ਹੈ। ਇਸ ਦੇ ਨਾਲ ਹੀ, ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅੱਗ 'ਤੇ ਕਾਬੂ ਪਾ ਲਿਆ ਗਿਆ ਹੈ, ਅਤੇ ਇਸ ਸਮੇਂ ਜਗ੍ਹਾ 'ਤੇ ਕੂਲਿੰਗ ਆਪ੍ਰੇਸ਼ਨ ਚੱਲ ਰਹੇ ਹਨ। ਪੱਛਮੀ ਬੰਗਾਲ ਫਾਇਰ ਡਿਪਾਰਟਮੈਂਟ ਦਾ ਹੈੱਡਕੁਆਰਟਰ ਹੋਟਲ ਦੀ ਇਮਾਰਤ ਦੇ ਬਿਲਕੁਲ ਨਾਲ ਸਥਿਤ ਹੈ। ਇੱਕ ਹੋਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਮਾਰਤ ਦਾ ਮਾਲਕ ਇਸ ਸਮੇਂ ਫਰਾਰ ਹੈ। ਇਸ ਸਬੰਧ ਵਿੱਚ ਨਿਊ ਮਾਰਕੀਟ ਪੁਲਿਸ ਸਟੇਸ਼ਨ ਵਿੱਚ ਕੇਸ ਦਰਜ ਕੀਤਾ ਜਾ ਰਿਹਾ ਹੈ, ਅਤੇ ਮਾਲਕ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ, ਉਨ੍ਹਾਂ ਕਿਹਾ।

**ਗੈਰਕਾਨੂੰਨੀ ਹਥਿਆਰਾਂ ਅਤੇ...**

ਪੁਲੀਸ ਸਟੇਸ਼ਨਾਂ ਵਿੱਚ ਤਿੰਨ ਵੱਖ-ਵੱਖ ...

ਕਥਿਤ ਕਾਰਵਾਈਆਂ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਲਈ ਨੈੱਟਵਰਕਾਂ ਦੇ ਅੱਗੇ ਅਤੇ ਪਿੱਛੇ ਦੇ ਲਿੰਕਾਂ ਦੀ ਜਾਂਚ ਕਰ ਰਹੀ ਹੈ। ਜਾਂਚਕਰਤਾ ਵਿਦੇਸ਼ੀ ਹੈਂਡਲਰਾਂ ਦੀ ਭੂਮਿਕਾ ਅਤੇ ਪੰਜਾਬ ਵਿੱਚ ਕੰਮ ਕਰ ਰਹੇ ਹੋਰ ਅਪਰਾਧਿਕ ...

## ਕਵਿਤਾ



ਬੜੀ ਚੰਗੀ ਲੱਗਦੀ ਹੈ ਮੈਨੂੰ,
ਹਰ ਵਾਰ ਵਾਂਗ ਏਸ ਵਾਰ ਦੀ ਵੀ ਕੋਇਲ ਦੀ ਕੂ-ਕੂ।
ਬੜੀ ਮਿੱਠੀ ਲੱਗਦੀ ਹੈ ਮੈਨੂੰ,
ਰਸ ਭਰਿਆ ਅੰਬਾਂ ਦੀ ਮਿਠਾਸ।
ਜਿਵੇਂ ਮੇਰੇ ਸਿਆਲਾਂ ਦੀਆਂ ਲੰਬੀਆਂ ਤੇ ਸ਼ਾਂਤ ਰਾਤਾਂ,
ਉਂਝ ਹੀ ਜੂਨ ਦੀਆਂ ਦੁਪਹਿਰਾਂ ਵੀ ਨੇ ਮੇਰੇ ਲਈ ਬਹੁਤ ਖਾਸ।
ਜਿਵੇਂ ਮਨ ਨੂੰ ਮਸਰੂਰ ਕਰਦੇ ਨੇ ਬੱਚਿਆਂ ਦੀ ਖਿੜੇ ਹਾਸੇ,
ਐਵੇਂ ਹੀ ਮੇਰੇ ਮਨ ਨੂੰ ਇਹ ਦੁਪਹਿਰਾਂ ਆਉਂਦੀਆਂ ਨੇ ਰਾਸ।
ਅੱਜ ਵੀ ਮੈਂ ਭੁੱਲੀ ਨਹੀਂ ਨਾਨਕੇ ਪਿੱਪਲ - ਬੋਹੜ ਦੇ ਹੇਠਾਂ ਖੇਡਣਾ,
ਅੰਤ ਥੱਕ ਕੇ ਮਿੱਠੇ ਪਾਣੀਆਂ ਨਾਲ ਪੀ ਬੁਝਾਉਣੀ ਆਪਣੀ ਪਿਆਸ।
ਬਚਪਨ ਵਰਗੇ ਮਨ ਬਣਾਈ ਰੱਖਣਾ ਸਭ ਲਈ ਦੁਸ਼ਵਾਰ ਹੈ,
ਮੁਆਫ਼ੀ, ਮੇਰੀ ਹਰ ਨਜ਼ਮ ਦੀ ਬੇਰੁਖੀ 'ਚ ਮੇਰੇ ਨਾਲ
ਮੇਰੀ ਕਲਮ ਤੇ ਮੇਰੀ ਕਿਤਾਬ...

-ਅਨੂ

## ਪੰਜਾਬ ਸਰਕਾਰ ਵੱਲੋਂ ਬਿਨ੍ਹਾਂ ਲੇਟ ਫੀਸ ਦਾਖ਼ਲੇ ਦੀ ਤਾਰੀਕ 31 ਅਗਸਤ ਤੱਕ ਵਧਾਉਣ ਦਾ ਸਵਾਗਤ

ਪੈਗ਼ਾਮ-ਏ-ਜਗਤ/ਗੜ੍ਹਸ਼ੰਕਰ
19 ਅਗਸਤ (ਹਰੀ ਕ੍ਰਿਸ਼ਨ ਗੰਗੜ)



ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਵਿਭਾਗ ਵੱਲੋਂ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਲੋਂ ਮਾਨਤਾ ਪ੍ਰਾਪਤ ਕਾਲਜਾਂ ਵਿੱਚ ਸੈਸ਼ਨ 2026-27 ਤਹਿਤ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ਬਿਨਾ ਲੇਟ ਫੀਸ ਤੋਂ ਦਾਖਲੇ ਦੀ ਤਾਰੀਕ 31 ਅਗਸਤ ਤੱਕ ਵਧਾਉਣ ਦੇ ਫੈਸਲੇ ਦਾ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਬਾਰ੍ਹਵੀਂ ਦੀ ਪ੍ਰੀਖਿਆ ਤੋਂ ਬਾਅਦ ਕਿਸੇ ਵੀ ਕੋਰਸ ਵਿੱਚ ਅਜੇ ਤੱਕ ਦਾਖ਼ਲ ਨਹੀਂ ਹੋਏ ਉਨ੍ਹਾਂ ਲਈ ਦਫ਼ਤਰ ਡਾਇਰੈਕਟੋਰੇਟ, ਉਚੇਰੀ ਸਿੱਖਿਆ ਵਿਭਾਗ ਵੱਲੋਂ ਬਿਨਾਂ ਲੇਟ ਫੀਸ ਨਾਲ 31 ਅਗਸਤ ਤੱਕ ਦਾਖ਼ਲੇ ਦੀ ਵਧਾਈ ਤਾਰੀਕ ਦਾ ਫੈਸਲਾ ਸ਼ਲਾਘਾਯੋਗ ਹੈ। ਉਨ੍ਹਾਂ ਦੱਸਿਆ ਕਿ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਵੱਖ ਵੱਖ ਸਥਾਪਿਤ ਅਤੇ ਨਵੇਂ ਕੋਰਸਾਂ ਵਿੱਚ ਦਾਖ਼ਲੇ ਨਿਰਵਿਘਨ ਜਾਰੀ ਹਨ ਅਤੇ ਨਵੇਂ ਸੈਸ਼ਨ ਦੀ ਪੜ੍ਹਾਈ ਵੀ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਕਾਲਜ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਸਬੰਧੀ ਚੱਲ ਰਹੇ ਵਿਸ਼ੇਸ਼ ਦਾਖ਼ਲਾ ਅਤੇ ਕਾਊਂਸਲਿੰਗ ਸੈੱਲ ਵਿੱਚ ਪਹੁੰਚ ਕੇ ਆਪਣਾ ਦਾਖ਼ਲਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਕਾਲਜ ਵਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਐਸ ਐਸੀ, ਓਬੀਸੀ ਵਿਦਿਆਰਥੀਆਂ ਤੋਂ ਸਿਰਫ਼ ਯੂਨੀਵਰਸਿਟੀ ਫੀਸ ਹੀ ਲਈ ਜਾ ਰਹੀ ਹੈ ਅਤੇ ਸੰਸਥਾ ਵਿੱਚ ਹੋਰ ਵੱਖ ਵੱਖ ਵਜ਼ੀਫਾ ਰਾਸ਼ੀ ਸਕੀਮਾਂ ਵੀ ਸਫਲਤਾ ਸਹਿਤ ਚੱਲ ਰਹੀਆਂ ਹਨ ਜਿਨ੍ਹਾਂ ਨਾਲ ਇਲਾਕੇ ਦੇ ਹੋਣਹਾਰ ਅਤੇ ਵੱਖ-ਵੱਖ ਵਰਗਾਂ ਦੇ ਲੋੜਵੰਦ ਵਿਦਿਆਰਥੀਆਂ ਨੂੰ ਵੀ ਵੱਡਾ ਲਾਭ ਮਿਲਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕਾਲਜ ਵਿੱਚ ਪੁੱਜ ਕੇ ਮਾਹਰ ਅਧਿਆਪਕ ਸਾਹਿਬਾਨ ਤੋਂ ਵੱਖ-ਵੱਖ ਕੋਰਸਾਂ ਦੀ ਜਾਣਕਾਰੀ ਹਾਸਿਲ ਕਰਕੇ ਇਹਨਾਂ ਕੋਰਸਾਂ ਵਿੱਚ ਆਪਣੀ ਸੀਟ ਯਕੀਨੀ ਬਣਾ ਲੈਣ ਦੀ ਅਪੀਲ ਕੀਤੀ।

## ਪ੍ਰਦੂਸ਼ਨ ਹੀ ਪ੍ਰਦੂਸ਼ਨ

ਸੁਣਿਆ ਸੀ ਕਿ
ਭਾਰਤ ਵਿੱਚ ਬਹੁਤ ਪ੍ਰਦੂਸ਼ਨ ਹੈ
ਜਿਧਰ ਦੇਖੋ ਹਰ ਤਰਫ਼
ਪ੍ਰਦੂਸ਼ਨ ਹੀ ਪ੍ਰਦੂਸ਼ਨ ਫੈਲਿਆ ਹੈ
ਕਿਤੇ ਪੌਣ ਪਾਣੀ ਦਾ ਪ੍ਰਦੂਸ਼ਨ ਹੈ
ਕਿਤੇ ਗੰਧਲੀ ਗੈਸ ਤੇ ਜ਼ਹਿਰੀਲੇ ਧੂੰਏਂ ਦਾ
ਪ੍ਰਦੂਸ਼ਨ ਹੀ ਪ੍ਰਦੂਸ਼ਨ ਹੈ
ਕਿਤੇ ਅਵਾਜ਼ਾਂ ਦੇ ਸ਼ੋਰ ਦਾ
ਪ੍ਰਦੂਸ਼ਨ ਫੈਲਿਆ ਹੈ
ਗੱਲ ਕੀ ਹਰ ਜਗਾਹ
ਪ੍ਰਦੂਸ਼ਨ ਹੀ ਪ੍ਰਦੂਸ਼ਨ ਹੈ
ਜਿਸਨੇ ਚੌਗਿਰਦੇ ਨੂੰ ਗੰਧਲਾ ਰੱਖਿਆ ਹੈ।
ਪਰ ਇਹ ਵੀ ਸੁਣਿਆ ਸੀ ਕਿ
ਬਾਹਰਲੇ ਮੁਲਕਾਂ ਵਿੱਚ
ਪ੍ਰਦੂਸ਼ਨ ਦਾ ਨਾਮੋ ਨਿਸ਼ਾਨ ਨਹੀਂ
ਸਾਫ਼ ਸੁਥਰਾ ਮਾਹੌਲ ਹੈ ਹਰ ਪਾਸੇ
ਇੱਥੇ ਆ, ਸਮਾਜ ਵਿੱਚ ਵਿਚਰਦੇ
ਦੇਖਿਆ ਕਿ ਇੱਥੇ ਤਾਂ ਭਾਰਤ ਤੋਂ ਵੀ
ਜ਼ਿਆਦਾ ਪ੍ਰਦੂਸ਼ਨ ਫ਼ੈਲਿਆ ਹੋਇਆ ਹੈ
ਦੇਖਣ ਨੂੰ ਤਾਂ ਬੇਸ਼ਕ ਪ੍ਰਦੂਸ਼ਨ ਕਿਤੇ
ਦਿਖਾਈ ਨਹੀਂ ਦਿੰਦਾ
ਕਹਿੰਦੇ ਨੇ ਨਾ ਕਿ
ਢਾਹ ਪਿਆ ਜਾਣੀਏ ਜਾਂ
ਰਾਹ ਪਿਆ ਜਾਣੀਏ
ਬੇਸ਼ਕ ਚੌਗਿਰਦੇ ਪ੍ਰਦੂਸ਼ਨ ਨਹੀਂ ਦਿਖਦਾ
ਪਰ ਗਹੁ ਨਾਲ ਦੇਖੀਏ ਤਾਂ
ਇਨਸਾਨ ਦੇ ਅੰਦਰ
ਪ੍ਰਦੂਸ਼ਨ ਹੀ ਪ੍ਰਦੂਸ਼ਨ ਭਰਿਆ ਪਿਆ ਹੈ
ਕਿਸੇ ਅੰਦਰ ਰੁਤਬੇ ਦਾ ਪ੍ਰਦੂਸ਼ਨ
ਕਿਸੇ ਅੰਦਰ ਪੈਸੇ ਦਾ ਪ੍ਰਦੂਸ਼ਨ
ਕਿਸੇ ਅੰਦਰ ਈਰਖਾ ਦਾ ਪ੍ਰਦੂਸ਼ਨ
ਕਿਸੇ ਅੰਦਰ ਵੱਡਾ ਲੇਖਕ ਹੋਣ ਦਾ
ਰਿਸ਼ਤਿਆਂ ਵਿੱਚ ਪਿਆਰ ਦੀ
ਜਗਾਹ
ਪ੍ਰਦੂਸ਼ਨਤਾ ਨੇ ਲਈ ਹੋਈ ਹੈ
ਇਨਸਾਨ ਕੌਲ ਕਰਾਰ ਨਿਭਾਉਣਾ ਵੀ
ਭੁੱਲ ਗਏ ਨੇ
ਇਕ ਦੂਸਰੇ ਨੂੰ ਮਾਣ ਸਤਿਕਾਰ ਤਾਂ
ਕੀ ਦੇਣਾ
ਹਰ ਕੋਈ ਇਕ ਦੂਸਰੇ ਨੂੰ
ਨੀਚਾ ਦਿਖਾਉਣ ਤੇ ਲੱਗਾ ਹੈ
ਸਮਝ ਨਹੀਂ ਆਉਂਦੀ ਇਨਸਾਨਾਂ
ਦੇ ਅੰਦਰ ਐਨਾ ਪ੍ਰਦੂਸ਼ਨ ਕਿਉਂ ਹੈ
ਚਿੰਤਾ ਵਿਚ ਗ਼ਰਕ ਹੁੰਦੀ
ਜਾ ਰਹੀ ਹਾਂ ਇਹ ਸੋਚ ਸੋਚ ਕੇ
ਕਿ ਬਾਹਰਲੇ ਪ੍ਰਦੂਸ਼ਨ ਨੂੰ ਤਾਂ ਕਿਸੇ
ਨਾ ਕਿਸੇ ਤਰਾਂ ਕੰਟਰੋਲ ਕੀਤਾ ਜਾਏਗਾ
ਪਰ ਇਨਸਾਨਾਂ ਦੇ ਅੰਦਰ ਫ਼ੈਲੇ
ਪ੍ਰਦੂਸ਼ਨ ਨੂੰ ਕਿਸ ਤਰਾਂ
ਕੰਟਰੋਲ ਕੀਤਾ ਜਾ ਸਕੇਗਾ
ਸੋਚਦੀ ਕਿਸ ਮੁਹੱਬਤ ਦਾ ਤੇਲ
ਲੈ ਜੋਤ ਜਗਾਵਾਂ ਕਿ ਇਨਸਾਨਾਂ ਦੇ
ਅੰਦਰ ਫ਼ੈਲੀ ਪ੍ਰਦੂਸ਼ਨਤਾ ਨੂੰ
ਮੈਂ ਦੂਰ ਕਰ ਸਕਾਂ। (ਰਮਿੰਦਰ ਰੰਮੀ)

## ਮੈਂ ਅਧਿਆਪਕ ਹਾਂ

ਮੈਂ ਅਧਿਆਪਕ ਹਾਂ ,ਅਧਿਆਪਨ ਮੇਰਾ ਕਰਮ ਹੈ ,ਮਿਹਨਤ ਮੇਰਾ ਧਰਮ ਹੈ
ਮੇਰਾ ਵਿਸ਼ਾ ਅਸੀਮ ਹੈ ,ਮੇਰਾ ਹਿਰਦਾ ਵਿਸ਼ਾਲ ਹੈ
ਲਗਨ ਦ੍ਰਿੜਤਾ ਅਤੇ ਸਚਾਈ ਹਰ ਪਲ ਮੇਰੇ ਨਾਲ ਹੈ ।
ਗਿਆਨ ਦਾ ਭੰਡਾਰ ਮੈਂ ,ਸ਼ਬਦਾਂ ਦਾ ਸੰਸਾਰ ਮੈਂ
ਸਬਰ ਦੀ ਅਖੀਰ ਮੈਂ ,ਬੱਚੇ ਦੀ ਤਕਦੀਰ ਮੈਂ
ਕੱਚੀ -ਪਿੱਲੀ ਮਿੱਟੀ ਨੂੰ ਦੇਵਾਂ ਸੁੰਦਰ ਅਕਾਰ ਮੈਂ
ਸ਼ਖਸੀਅਤਾਂ ਵਿੱਚ ਰੰਗ ਭਰਾਂ ,ਐਸਾ ਕਲਾਕਾਰ ਮੈਂ ।
ਬੱਚੇ ਲਈ ਆਦਰਸ਼ ਹਾਂ ,ਕੋਮਲ ਸਪਰਸ਼ ਹਾਂ
ਗੂੰਗੇ ਲਈ ਆਵਾਜ਼ ਮੈਂ ,ਦਰਦ ਲਈ ਇਲਾਜ ਮੈਂ
ਮਨਾਂ ਦਾ ਗਿਆਤਾ ਮੈਂ ,ਦਲੀਲਾਂ ਦਾ ਦਾਤਾ ਮੈਂ
ਵਿਚਾਰਾਂ ਦੀ ਖਾਣ ਮੈਂ ,ਮੁਸ਼ਕਿਲਾਂ ਲਈ ਬਾਣ ਮੈਂ
ਕੋਸ਼ਿਸ਼ਾਂ ਦੀ ਸਿਖਰ ਹਾਂ ,ਸਾਗਰਾਂ ਦੀ ਗਹਿਰ ਹਾਂ
ਸਫਲਤਾ ਦੇ ਪੰਧ ਉੱਤੇ ਹਰ ਘੜੀ ਹਰ ਪਹਿਰ ਹਾਂ ।
ਆਲਸਾਂ ਦਾ ਤੋੜ ਮੈਂ ,ਉੱਦਮਾਂ ਦਾ ਜੋੜ ਮੈਂ
ਰਹਿਨੁਮਾਂ ਮੈਂ ਰੋਸ਼ਨੀ ,ਨ੍ਹੇਰਿਆਂ ਨਾਲ ਵੈਰ ਹੈ
ਖਤਮ ਕਰਨਾ ਫਰਜ਼ ਮੇਰਾ ,ਜੋ ਵੀ ਦਿਸਦਾ ਜ਼ਹਿਰ ਹੈ
ਅਮ੍ਰਿਤ ਮੈਂ ਸੰਜੀਵਨੀ ,ਮੌਤ ਨੂੰ ਹਰਾ ਦਿਆਂ
ਜ਼ਿੰਦਗੀ ਦੀਆਂ ਔਕੜਾਂ ਦਾ ਹੱਲ ਮੈਂ ਸਮਝਾ ਦਿਆਂ ।
ਈਮਾਨ ਹਾਂ ,ਵਿਸ਼ਵਾਸ ਹਾਂ ,ਯਕੀਨ ਹਾਂ ਧਰਵਾਸ ਹਾਂ
ਅਣਥੱਕ ਹਾਂ ,ਅਡੋਲ ਹਾਂ ,ਸੰਘਰਸ਼ ਹਾਂ ਮੈਂ ਘੋਲ ਹਾਂ
ਜੋਸ਼ ਹਾਂ ਮੈਂ ਹੋਸ਼ ਹਾਂ ,ਹਿੰਮਤ ਹਾਂ ਸ਼ਾਬਾਸ਼ ਵੀ
ਸਮੁੰਦਰ ਵੀ ਹਾਂ ਆਕਾਸ਼ ਵੀ
ਭੂਗੋਲ ਹਾਂ ,ਇਤਿਹਾਸ ਹਾਂ ,ਹਰ ਸਮਝ ਹਾਂ ਹਰ ਆਸ ਹਾਂ
ਭਾਸ਼ਾ ਦਾ ਵਿਦਵਾਨ ਹਾਂ ,ਗਣਿਤ ਹਾਂ ਵਿਗਿਆਨ ਹਾਂ
ਅੱਖਰ ਵੀ ਹਾਂ ਕਾਗਜ਼ ਵੀ ਹਾਂ ,ਰਚਨਾ ਵੀ ਹਾਂ ਪਾਠਕ ਵੀ ਹਾਂ
ਸਭ ਸਹਿਣ ਦੀ ਤਾਕਤ ਵੀ ਹਾਂ
ਮੈਂ ਸਜ਼ਾ ਵੀ ਹਾਂ ,ਇਨਸਾਫ਼ ਵੀ
ਮੈਂ ਝਿੜਕ ਹਾਂ ਨਸੀਹਤ ਵੀ ਹਾਂ
ਗੁਨਾਹਾਂ ਨੂੰ ਕਰਦਾ ਮਾਫ਼ ਵੀ ।
ਮੈਂ ਫ਼ਰਜ਼ ਹਾਂ ਅਧਿਕਾਰ ਵੀ ,ਕੌਮਾਂ ਦਾ ਪਹਿਰੇਦਾਰ ਹਾਂ
ਮੈਂ ਕਵਚ ਹਾਂ ,ਮੈਂ ਢਾਲ ਹਾਂ ,ਕਮਜ਼ੋਰ ਲਈ ਤਲਵਾਰ ਹਾਂ
ਹੰਝੂ ਵੀ ਹਾਂ ਹਮਦਰਦ ਵੀ ,ਹਾਂ ਬਾਘੜਾ ਮੁਸਕਾਨ ਵੀ
ਖੇੜਾ ਵੀ ਮੈਂ ਗੁਲਜ਼ਾਰ ਮੈਂ ,ਪੰਛੀ ਦਾ ਗੁਲਿਸਤਾਨ ਵੀ ।
ਮੈਂ ਰਾਹ ਵੀ ਹਾਂ ਮੰਜ਼ਿਲ ਵੀ ਹਾਂ ,ਹਮਕਦਮ ਹਾਂ ਹਮਰਾਹ ਵੀ
ਮੁਰਦਾ ਜਿਹਨ ਦੇ ਵਾਸਤੇ ,ਧੜਕਨ ਵੀ ਹਾਂ ਮੈਂ ਸਾਹ ਵੀ।
ਲੱਗਣ ਨਹੀਂ ਦੇਣਾ ਦਾਗ ਕੋਈ ,ਅਣਖ ਤੇ ਇਮਾਨ 'ਤੇ
ਇੱਕ ਦੇ ਕੇ ਵਾਅਦਾ ਰੱਬ ਨੂੰ ਆਇਆ ਹਾਂ ਮੈਂ ਜਹਾਨ 'ਤੇ। -ਪਰਮਪਾਲ ਸੰਧੂ

## ਗ਼ਜ਼ਲ

ਦੋਸਤੋ ਆ ਗਈ ਏ ਰਖੜ ਪੁੰਨਿਆ,
ਕਿਸੇ ਨੇ ਕਿਸੇ ਦਾ ਦੁੱਖ ਨਾ ਸੁਣਿਆ ।
ਧਾਗੇ ਵਿਕ ਗਏ ਵਿਚ ਬਜ਼ਾਰ,
ਸਾਰੇ ਰਿਸ਼ਤੇ ਹੋ ਗਏ ਤਾਰ ਤਾਰ ।
ਕਦੇ ਨਾ ਕਿਸੇ ਨਾਲ ਦੁੱਖ ਵੰਡਾਉਂਦੇ ।
ਮਾੜੇ ਨੂੰ ਉਸਦੀ ਔਕਾਤ ਦਿਖਾਉਂਦੇ ।
ਸੈਣੀ ਸੋਚੇ ਇੱਕਲਾ ਬਹਿ ਕੇ ,
ਕੀਹਨੂੰ ਦੁੱਖ ਸੁਣਾਵਾਂ ਕਹਿ ਕੇ ।
ਦਰਦੀ ਗੁਰੂ ਨਾਲ ਕੀਤੀ ਸਲਾਹ,
ਗੁਰੂ ਕਹਿੰਦਾ ਸਤੀਸ਼ ਤੂੰ ਕਲਮ ਚਲਾ ।
ਦੁੱਖ ਦੁਨੀਆਂ ਦੇ ਇਨੇ ਗਹਿਰੇ,
ਪੰਜ ਭਰ ਦਿਆਂ ਲਿਖ ਲਿਖ ਪਹਿਰੇ ।
ਕਲਮ ਬੋਲਦੀ ਕਦੇ ਨਾ ਡੋਲਦੀ ,
ਜਦੋਂ ਵੀ ਬੋਲਦੀ ਪੜਦੇ ਫੋਲਦੀ ।
ਦੋਸਤੋ ਜ਼ਾਤ ਪਾਤ ਦੀ ਲੜਾਈ ਹੈ ਇਥੇ ,
ਧਰਮ ਦੇ ਨਾਮ ਤੇ ਹੁੰਦੀ ਕਮਾਈ ਹੈ ਇਥੇ ।
ਇਨਸਾਨ ਦਾ ਇਨਸਾਨੀਅਤ ਅਸਲੀ ਧਰਮ ,
ਰੱਬ ਦੀ ਨਿਗਾਹ ਚ ਆਉਣੇ ਸੱਚੇ ਕਰਮ ।
ਕਰ ਲੈ ਸਤੀਸ਼ ਤੂੰ ਸੱਚੇ ਕਰਮਾ ਦੀ ਕਮਾਈ,
ਝੂਠੀ ਇਹ ਦੁਨੀਆ ਜਾਂਦੀ ਏ ਨੋਟ ਉਡਾਈ ।
ਕਾਹਨੂੰ ਕਰਦਾ ਫਿਰਦਾ ਏ ਹਰ ਸਮੇਂ ਮੇਰੀ ਮੇਰੀ,
ਆਰਜ਼ੂ ਨਹੀਂ ਰਹਿ ਗਈ ਤੇਰੇ ਕੋਲ ਲਮੇਰੀ ।
ਇਹ ਪੈਸਾ ਤੇਰੇ ਕਦੇ ਕੰਮ ਨੀ ਆਉਣਾ ,
ਬਾਅਦ ਚ ਸੈਣੀ ਤੈਨੂੰ ਪੈਣਾ ਪਛਤਾਉਣਾ ,।
ਜ਼ਿੰਦਗੀ ਨੇ ਦਿੱਤਾ ਨੀ ਆਪਣਾ ਭੇਤ ,
ਉਮਰ ਤੇਰੀ ਖਿਲਰ ਗਈ ਬਣ ਕੇ ਰੇਤ।

ਲੇਖਕ-ਸਤੀਸ਼ ਕੁਮਾਰ ਸੈਣੀ
(ਪ੍ਰਧਾਨ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ)

## ਨਸ਼ੇ ਤੋਂ ਬਚਾਅ: ਪੰਜਾਬ ਦੀ ਸਾਂਝੀ ਜ਼ਿੰਮੇਵਾਰੀ



ਪੰਜਾਬ ਦੀ ਜਵਾਨੀ ਸੂਬੇ ਦੀ ਸਭ ਤੋਂ ਵੱਡੀ ਤਾਕਤ ਹੈ, ਪਰ ਨਸ਼ਾ ਇਸ ਤਾਕਤ ਨੂੰ ਅੰਦਰੋਂ ਖੋਖਲਾ ਕਰ ਰਿਹਾ ਹੈ। ਨਸ਼ੇ ਦੀ ਸਮੱਸਿਆ ਸਿਰਫ਼ ਸਰਕਾਰ ਜਾਂ ਪੁਲਿਸ ਦੀ ਨਹੀਂ, ਸਗੋਂ ਹਰ ਪਰਿਵਾਰ ਅਤੇ ਸਮਾਜ ਦੀ ਸਾਂਝੀ ਚਿੰਤਾ ਹੈ।

ਨੌਜਵਾਨਾਂ ਨੂੰ ਨਸ਼ੇ ਤੋਂ ਬਚਾਉਣ ਲਈ ਪਰਿਵਾਰਾਂ ਨੂੰ ਬੱਚਿਆਂ ਨਾਲ ਦੋਸਤਾਨਾ ਰਿਸ਼ਤਾ ਬਣਾਉਣਾ, ਉਨ੍ਹਾਂ ਦੀ ਸੰਗਤ ਅਤੇ ਮਾਨਸਿਕ ਪਰੇਸ਼ਾਨੀਆਂ ਨੂੰ ਸਮਝਣਾ ਅਤੇ ਖੇਡਾਂ, ਸਿੱਖਿਆ ਤੇ ਰੁਜ਼ਗਾਰ ਨਾਲ ਜੋੜਨਾ ਹੋਵੇਗਾ। ਸਕੂਲਾਂ ਅਤੇ ਪਿੰਡਾਂ ਵਿੱਚ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਲਗਾਤਾਰ ਜਾਗਰੂਕਤਾ ਵੀ ਜ਼ਰੂਰੀ ਹੈ।

ਜਿਹੜਾ ਵਿਅਕਤੀ ਨਸ਼ੇ ਦੀ ਲਪੇਟ ਵਿੱਚ ਆ ਚੁੱਕਾ ਹੈ, ਉਸਨੂੰ ਸਿਰਫ਼ ਦੋਸ਼ੀ ਸਮਝਣ ਦੀ ਬਜਾਏ ਇਲਾਜ ਅਤੇ ਪੁਨਰਵਾਸ ਦਾ ਮੌਕਾ ਦੇਣਾ ਚਾਹੀਦਾ ਹੈ। ਮਾਹਿਰਾਂ ਦੀ ਸਲਾਹ, ਪਰਿਵਾਰ ਦਾ ਸਹਿਯੋਗ ਅਤੇ ਸਮਾਜ ਦੀ ਹੌਸਲਾ-ਅਫ਼ਜ਼ਾਈ ਉਸਦੀ ਜ਼ਿੰਦਗੀ ਮੁੜ ਸੰਵਾਰ ਸਕਦੀ ਹੈ। ਸਰਕਾਰ ਵੱਲੋਂ ਵੀ ਨਸ਼ਾ ਛੁਡਾਊ ਅਤੇ ਪੁਨਰਵਾਸ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਸਾਨੂੰ ਸੱਭ ਨੂੰ ਸਰਕਾਰ ਦੇ ਉਪਰਾਲੇ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਤੇ ਆਪ ਮੁਹਰੇ ਹੋਕੇ ਪੰਜਾਬ ਨਾਲ ਖੜਨਾਂ ਚਾਹੀਦਾ ਹੈ ॥

ਨਸ਼ਾ ਰੋਕਣਾ ਸਿਰਫ਼ ਇੱਕ ਮੁਹਿੰਮ ਨਹੀਂ, ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਆਓ, ਆਪਣੇ ਘਰ ਤੋਂ ਸ਼ੁਰੂਆਤ ਕਰੀਏ—ਨਸ਼ੇ ਨੂੰ ਨਹੀਂ, ਜ਼ਿੰਦਗੀ ਨੂੰ ਚੁਣੀਏ।
ਜਵਾਨੀ ਜ਼ਿੰਦਾਬਾਦ, ਪੰਜਾਬ ਜ਼ਿੰਦਾਬਾਦ, ਭਾਰਤ ਜ਼ਿੰਦਾਬਾਦ,

-ਜੱਸਪ੍ਰੀਤ ਸਿੰਘ "ਧਿਜਣ

ਅਦਾਰਾ
"ਪੈ.ਗਾਮ-ਏ-ਜਗਤ" ਅਖਬਾਰ ਲਈ
ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ

## ਪ੍ਰਗਤੀ

ਬਹੁਤ ਦੂਰ ਤੱਕ
ਦੌੜੇ ਅਸੀਂ
ਪ੍ਰਗਤੀ ਦਾ ਪਿੱਛਾ ਕਰਦੇ
'ਦਾਸ ਕੈਪੀਟਲ' ਤੋਂ
ਗੋਰਬਾਚੋਵ ਦੇ
ਗਲਾਸਨੋਸਿਤ ਤੱਕ ..
ਹਿਟਲਰ ਦੇ ਦੇਸ ਤੋਂ
ਯੈਲਤਸਿਨ ਦੀਆਂ ਝੂਮਾਂ ਤੱਕ
ਬਹੁਤ ਦੂਰ ਤੱਕ
ਦੌੜੇ ਅਸੀਂ
ਸਿਰਾਂ 'ਤੇ ਝੰਡੇ ਬੰਨ੍ਹ ਕੇ
-ਤੁਰੇ ਸਾਂ-ਤੁਰੇ ਸਾਂ
ਖ਼ੁਦ ਨੂੰ
ਇਨਕਲਾਬ ਦੇ
ਪਹਿਲੇ ਸ਼ਹੀਦ ਚਿਤਵ ਕੇ
ਸਾਡੇ ਪੈਰਾਂ ਦੇ
ਨਾਲ ਨਾਲ
ਚਲਦੀ ਸੀ ਪ੍ਰਗਤੀ
ਸਾਡੇ ਸਿਰਾਂ ਦੇ ਝੰਡੇ ਨਾਲ
ਮਾਰਚ ਕਰਦਾ ਸੀ ਕਾਫ਼ਲਾ
ਕਿਊਬਾ ਤੋਂ ਕੋਰੀਆ ਤੱਕ
ਕਾਸਟਰੋ ਤੋਂ ਕਿੰਮ ਤੱਕ
ਰਾਤ ਦਿਨ-ਦਿਨ ਰਾਤ
ਤੁਰ ਰਹੇ ਹਾਂ ਅਸੀਂ
ਪ੍ਰਗਤੀ ਦੀ ਭਾਲ ਵਿਚ
ਬਹੁਤ ਦੂਰ ਤੱਕ
ਬਹੁਤ ਦੂਰ ਤੱਕ
ਫੈਲ ਰਿਹਾ ਹੈ - ਧਵੰਦ
ਸਾਡੇ ਸੀਨਿਆਂ ਤੋਂ
ਸੜਕਾਂ ਤੱਕ
ਸਾਡੇ ਮੱਥਿਆਂ ਤੋਂ
ਮਾਸਕੋ ਤੱਕ
ਕੌਣ ਸੀ ਉਹ ?
ਜੋ ਸਾਨੂੰ ਲਿਜਾ ਰਿਹਾ ਸੀ -
ਪ੍ਰਗਤੀ ਦੀਆਂ ਪਗਡੰਡੀਆਂ ਤੇ
ਪੀਕਿੰਗ ਤੋਂ ਪਰਾਗ ਤੱਕ
ਕੌਣ ਸੀ ਉਹ
ਜੋ ਸਾਨੂੰ ਭਟਕਾ ਰਿਹਾ ਸੀ
ਪ੍ਰਗਤੀ ਦੀਆਂ ਪਗਡੰਡੀਆਂ ਤੇ
ਵਾਰਸਾ ਤੋਂ ਵਸ਼ਿੰਗਟਨ ਤੱਕ
ਉਹਦੇ ਨਕਸ਼ ਨਿਹਾਰਦੇ ਹਾਂ
ਤਾਂ ਧੂੰਏਂ ਦੇ ਬਦਲਾਂ 'ਚ
ਭਟਕਦਾ ਕੋਈ
ਆਪਣੇ ਹੀ ਕੰਨਾਂ ਨੂੰ
ਪ੍ਰਗਤੀ ਦੀ ਪ੍ਰੀਭਾਸ਼ਾ
ਸਮਝਾ ਰਿਹਾ ਦਿਸਦੇ
ਉਹ ਸਮਝਾ ਰਿਹਾ ਹੈ ਰਾਜ਼
ਪ੍ਰਗਤੀ ਦੇ ਸਫ਼ਰ ਦਾ
ਕੀ ਹੈ ਰਾਜ਼ ?
ਸਵੇ ਤੋਂ ਸਵੇ
ਤੱਕ ਦਾ ਸਫ਼ਰ
ਏਨੀਆਂ ਲੰਮੀਆਂ ਉਮਰਾਂ ਨਿਗਲ
ਜਾਏਗਾ
ਇਹ ਤਾਂ ਸੋਚਿਆ ਵੀ ਨਹੀਂ ਸੀ -
ਤੁਰੇ ਸਾਂ
ਤਾਂ ਸਿਰਫ਼ ਸੋਚਿਆ ਸੀ
ਪ੍ਰਗਤੀ ਨੂੰ ਪਕੜਨਾ
ਪ੍ਰਗਤੀ ਸਾਨੂੰ ਪਕੜ ਲਵੇਗੀ
ਤੌਬਾ ! ਤੌਬਾ !!
ਬਹੁਤ ਦੂਰ ਤੱਕ ਦੌੜੇ ਅਸੀਂ
ਪ੍ਰਗਤੀ ਦਾ ਪਿੱਛਾ ਕਰਦੇ।

-ਲਖਵਿੰਦਰ ਜੌਹਲ


## ਕਵਿਤਾ

ਤੂੰ ਆਸ ਨਾ ਰੱਖੀਂ.....
ਕੋਈ ਵੱਡੀ ਗੱਲ ਨਹੀਂ
ਕਿ ਤੇਰੇ ਲਾਏ ਹੋਏ ਬੂਟੇ
ਬਿਰਖ ਬਣਨ ਤੋਂ ਬਾਅਦ
ਤੈਨੂੰ ਹੀ ਛਾਂ ਦੇਣ ਤੋਂ ਹੋਣ ਇਨਕਾਰੀ
ਜਿਨ੍ਹਾਂ ਨੂੰ ਤੂੰ ਬਖਸ਼ਿਆ
ਅਪਣੇ ਦਿਲ ਵਿਚ ਨਿਵਾਸ
ਉਹੀ ਕਰਨਗੇ ਤੈਨੂੰ ਨਿਰਾਸ਼
ਤੂੰ ਜਿਨ੍ਹਾਂ ਨੂੰ ਨਾ ਕੇਵਲ
ਉੱਡਣਾ ਸਿਖਾਇਆ
ਸਗੋਂ ਅਪਣੇ ਹਿੱਸੇ ਦਾ
ਸੌਂਪਿਆ ਅੰਬਰ ਵੀ
ਉੱਚਾਈਆਂ ਤੇ ਬਹਿ ਕੇ
ਸ਼ਾਇਦ ਦੇਖਣ ਵੀ ਨਾ ਤੇਰੇ ਵੱਲ
ਹਨੇਰੇ ਦੂਰ ਕਰ ਕੇ
ਵੰਡੀ ਰੋਸ਼ਨੀ ਤੂੰ ਜਿਹਨਾਂ ਨੂੰ
ਇਹ ਵੀ ਸੰਭਵ
ਕਿ ਤੇਰੇ ਦੀਵਿਆਂ ਵੱਲ ਭੇਜਣ
ਤਿੱਖੜ-ਤੇਜ਼ ਹਵਾਵਾਂ
ਇਸੇ ਤਰ੍ਹਾਂ ਹੀ ਹੁੰਦਾ ਆਇਆ
ਤੂੰ ਬੂਟੇ ਲਾਉਣੇਂ ਜਾਰੀ ਰੱਖੀਂ
ਆਸਵੰਦ ਬੰਦਾਂ ਨੂੰ
ਸਿਖਾਉਂਦਾ ਰਹੀਂ ਜਾਚ ਉੱਡਣ ਦੀ
ਵੰਡਦਾ ਰਹੀਂ ਚਾਨਣ
ਕਦੇ ਕਿਸੇ ਆਸ ਵਿਚ ਨਾ ਰਹਿੰਦੇ
ਦਰਵੇਸ਼ ਹਮੇਸ਼ਾ ਵੰਡਦੇ ਹੀ ਰਹਿੰਦੇ।

-ਗੁਰਚਰਨ ਸਿੰਘ 'ਜੋਗੀ'

## ਯਾਦਵਿੰਦਰ ਕਲੌਲੀ ਦੀ ਕਲਮ ਤੋਂ...

ਯਾਦਵਿੰਦਰ ਸਿੰਘ ਕਲੋਲੀ ਮੁੱਖ ਰੂਪ ਵਿੱਚ ਥੀਏਟਰ ਨਾਲ ਜੁੜਿਆ ਹੋਇਆ ਹੈ ਅਤੇ ਉਸ ਨੇ ਭਾਜੀ ਗੁਰਸ਼ਰਨ ਸਿੰਘ ਹੋਰਾਂ ਦੇ ਬਹੁਤ ਸਾਰੇ ਨੁੱਕੜ ਨਾਟਕਾਂ ਵਿੱਚ ਬਿਹਤਰੀਨ ਅਦਾਕਾਰੀ ਵਜੋਂ ਆਪਣੀ ਪਹਿਚਾਣ ਬਣਾਈ ਹੈ । ਸਹਿਤ ਪੜਨ ਦੀ ਚੇਟਕ ਨੇ ਉਸ ਨੂੰ ਕਵਿਤਾ ਲਿਖਣ ਵੱਲ ਲਾਇਆ ਤੇ ਉਹ ਛੋਟੀਆਂ ਰਚਨਾਵਾਂ ਰਾਹੀਂ ਵੱਡੀ ਗੱਲ ਕਹਿਣ ਦੀ ਸਮਰੱਥਾ ਰੱਖਦਾ ਹੈ ਉਹ ਆਪਣੀਆਂ ਕਵਿਤਾਵਾਂ ਵਿੱਚ ਵਿੱਚ ਉਹ ਸਮਕਾਲ ਵਿੱਚ ਵਾਪਰ ਰਹੀਆਂ ਘਟਨਾਵਾਂ ਅਤੇ ਸਮਾਜਿਕ ਰਿਸ਼ਤਿਆਂ ਵਿਚਲੀ ਟੁੱਟ ਭੱਜ ਦਾ ਪ੍ਰਗਟਾਵਾ ਕਰਦਾ ਨਜ਼ਰ ਆਉਂਦਾ ਹੈ। ਉਸ ਦੀਆਂ ਰਚਨਾਵਾਂ ਵਿੱਚ ਨੈਤਿਕ ਕਦਰਾਂ ਕੀਮਤਾਂ ਦੀ ਗਿਰਾਵਟ, ਡਾਢੇ ਵੱਲੋਂ ਕੀਤੇ ਜਾ ਰਹੇ ਜ਼ੁਲਮ ਅਤੇ ਮਜ਼ਲੂਮਾਂ ਨੂੰ ਇਕੱਠੇ ਹੋ ਕੇ ਜਾਬਰ ਨੂੰ ਸਬਕ ਸਿਖਾਉਣ ਦੀ ਸੁਰ ਪ੍ਰਧਾਨ ਹੈ । ਉਹ ਬੇਬਾਕੀ ਤੇ ਦਲੇਰੀ ਦਾ ਪੱਲਾ ਨਹੀਂ ਛੱਡਦਾ ਤੇ ਸੰਘਰਸ਼ ਨੂੰ ਹੀ ਮੁਕਤੀ ਦਾ ਰਾਹ ਗਰਦਾਨਦਾ ਹੈ। -ਗੁਰਚਰਨ ਸਿੰਘ ਜੋਗੀ, ਅੰਬਾਲਾ ਸ਼ਹਿਰ, ਹਰਿਆਣਾ।



**ਕਾਇਨਾਤ**

ਅੱਖਾਂ ਖੁੱਲੀਆਂ, ਚੁਫੇਰਾ ਤੱਕਿਆ।
ਕੁਦਰਤ ਦੀ ਕਾਇਨਾਤ ਨੂੰ ਤੱਕਿਆ,
ਭਵਰੇ ਉਡਦੇ, ਜੁਗਨੂੰ ਹੱਸਦੇ ।
ਬਣ ਚਾਨਣ ਜਿਉ, ਸੋਗਾਤ ਨੂੰ ਤੱਕਿਆ।
ਰੰਗ ਬਰੰਗੇ ਪਰਿੰਦੇ ਨੱਚਣ,
ਫੁੱਲ ਪੱਤੀਆਂ ਤੇ ਆਕਾਸ਼ ਨੂੰ ਤੱਕਿਆ।
ਅਨੇਕਾਂ ਭੁੱਖ ਲਈ ਲੜਦੇ ਇੱਥੇ,
ਭੁੱਖਿਆਂ ਤੋਂ ਖੁੱਸੇ ਅਨਾਜ ਨੂੰ ਤੱਕਿਆ।
ਮਹਿੰਗਾਈ ਬੇਰੁਜ਼ਗਾਰੀ ਮੁੱਦਾ ਬਣਦੇ,
ਮੁੱਦਿਆਂ ਤੋਂ ਭੱਜਦੇ ਗੁਨਾਹਗਾਰ ਨੂੰ ਤੱਕਿਆ।
ਵਿਦਿਆ ਵਿਚਾਰੀ ਤਾਂ ਪਰਉਪਕਾਰੀ,
ਵਿੱਦਿਆ ਦੇ ਹੁੰਦੇ ਵਪਾਰ ਨੂੰ ਤੱਕਿਆ।
ਕਈ ਖੁੱਲੇ, ਕਈ ਪਰਦੇ ਪਿੱਛੇ ,
ਹੁੰਦੇ ਜਿਸਮ ਬਾਜ਼ਾਰ ਨੂੰ ਤੱਕਿਆ ।
ਕਦੇ ਵਾੜ ਸੀ ਖੇਤ ਦੀ ਰਾਖੀ ਕਰਦੀ,
ਹੋਈ ਭੇਦਿ ਨਿਲਾਮ ਨੂੰ ਤੱਕਿਆ।
ਇਕੋ ਕੋਇ ਜਨਮੇਂ ਭਰਾਵਾਂ ਦੇ ,
ਬਦਲੇ ਦੀ ਭੁੰਕਾਰ ਨੂੰ ਤੱਕਿਆ ।
ਇਥੋਂ ਤੀਕਰ ਅੱਜ ਦੁਨੀਆ ਵਿੱਚ,
ਅਕਲੋਂ ਵਿਹੂਣੇ ਰਿਵਾਜ ਨੂੰ ਤੱਕਿਆ।
ਦੁਨੀਆ ਚਲਦੀ ਆਪਣੀ ਚਾਲ ,
ਤੇਰੇ ਅੰਦਰਲੇ ਇਨਸਾਨ ਨੂੰ ਤੱਕਿਆ

**ਮਹਿਰਮ**

ਜੜ੍ਹਾਂ 'ਚ ਪਾਣੀ ਸੁੱਕ ਗਿਆ ਏ।
ਰੁੱਖ ਦਾ ਵੱਧਣਾ ਰੁਕ ਗਿਆ ਏ।
ਹਵਾਵਾਂ ਦੇ ਬੁੱਲੇ ਨੇੜੇ ਨਾ ਦਿੱਸਣ,
ਪੱਤਿਆਂ ਦਾ ਲਿਸ਼ਕਣਾ ਮੁੱਕ ਗਿਆ ਏ।
ਮਸਾਂ ਮਸਾਂ ਸੀ ਨੀਂਦਰ ਆਈ,
ਸੁਪਨਾ ਹੀ ਚੰਦਰਾ ਟੁੱਟ ਗਿਆ ਏ।
ਚੰਨ ਤਾਰੇ ਵੀ ਉੱਤੋਂ ਹੱਸਦੇ,
ਮੇਰਾ ਮਹਿਰਮ ਰੁੱਸ ਗਿਆ ਏ।
ਜਿਸ ਨੂੰ ਵੇਖਿਆ ਦਿਨ ਸੀ ਚੜ੍ਹਦਾ,
ਉਹ ਸੂਰਜ ਵੀ ਚੰਦਰਾ ਛੁੱਪ ਗਿਆ ਏ।
ਅੱਖਾਂ ਵਿਚਲੇ ਨੀਰ ਨਾ ਰੁੱਕੇ ,
ਸਬਰ ਦਾ ਬਾਣ ਟੁੱਟ ਗਿਆ ਏ।
ਮੇਰੀ ਉਮਰ ਵੀ ਲਗ ਜਾਏ ਉਹਨੂੰ,
ਸਾਹਾਂ ਦਾ ਕਾਫ਼ਲਾ ਮੁੱਕ ਰਿਹਾ ਏ।

**ਸਿਖਰ ਦੀ ਪੌੜੀ**

ਤੂੰ ਕਿਹੜੀ ਗੱਲ ਤੋਂ ਡਰਦਾ ਏ,
ਕਿਸ ਮੁੱਦੇ ਤੋਂ ਤੂੰ ਆਕੀ ਏ।
ਤੂੰ ਆਪਣੀ ਡਗਰ ਤੇ ਚਲਦਾ ਰਹਿ,
ਅਜੇ ਸਿਖਰ ਦੀ ਪੌੜੀ ਬਾਕੀ ਏ।
ਤੇਰੀਆਂ ਰਾਹਵਾਂ ਵਿਚ ਭਾਵੇਂ ਕੰਡੇ ਨੇ,
ਇਥੇ ਹਰ ਮੋੜ ਤੇ ਭੈੜੇ ਧੰਦੇ ਨੇ ।
ਭਾਈਵਾਲਤਾ ਦੇ ਜਿੰਨੇ ਹਥਕੰਡੇ ਨੇ,
ਇਹ ਸਭ ਧਰਮਾਂ ਦੇ ਵਿੱਚ ਵੰਡੇ ਨੇ।
ਉਚ ਨੀਚਤਾ ਦੀ ਇਥੇ ਬੋਲੀ ਏ,
ਕੋਈ ਸੰਗੀ ਨਾ ਕੋਈ ਬੇਲੀ ਏ ।
ਤੇਰੀ ਹੋਂਦ ਹੀ ਤੇਰੀ ਸਾਥੀ ਏ ।
ਤੂੰ ਆਪਣੀ ਡਗਰ ਤੇ ਚਲਦਾ ਰਹਿ,
ਅਜੇ ਸਿਖਰ ਦੀ ਪੌੜੀ ਬਾਕੀ ਏ।

**ਚਿੱਟਾ ਨੱਚੇ**

ਮੁੱਦਤਾਂ ਤੋਂ ਇੱਥੇ ਭਾਂਬੜ ਮੱਚੇ,
ਬਣ ਕਾਲਖ ਜੁ ਬੱਦਲੀ ਨੱਚੇ ।
ਛੇਵੇਂ ਆਬ ਦੀ ਨਜ਼ਰ ਤੱਕੇ,
ਸਭ ਰਹਿ ਗਏ ਨੇ ਹੱਕੇ ਬੱਕੇ।
ਜ਼ਹਿਰ ਘੁਲੀਆਂ ਫ਼ਸਲਾਂ ਪੱਕੇ,
ਫਿਰ ਸਾਗਰ ਵੱਲ ਮਲਾਹ ਤੱਕੇ,
ਇਹ ਕੈਸੇ ਜਾਲ ਦੇ ਕੈਸੇ ਰੱਸੇ,
ਅੱਗ ਸੁਲਗਦੀ ਪਾਣੀ ਹੱਸੇ,
ਕਈਆਂ ਦੇ ਘਰ ਤਾਹੀਉਂ ਮੱਚੇ,
ਪੰਜਾਬ ਸਿਆਂ ਤੇਰੀ ਭੋਏਂ ਉੱਤੇ,
ਚਿੱਟਾ ਨੱਚੇ ਚਿੱਟਾ ਨੱਚੇ ਚਿੱਟਾ ਨੱਚੇ।

**ਸੁਣਲੋ ਜਰਾ**

ਪਛੜੇ ਹਾਂ, ਰਾਹਵਾਂ ਤੋਂ, ਸੁਣਲੋ ਜਰਾ,
ਧਰਤ ਸੁਹਾਵੀ ਕੀ ਕਹਿੰਦੀ, ਸੁਣਲੋ ਜਰਾ।
ਸੁੱਕ ਗਏ ਬਿਰਖ ਤੇ ਸੁੱਕੀਆ ਜੜ੍ਹਾਂ,
ਸੁੱਕ ਗਏ ਪੱਤੇ ਤੇ ਸੁੱਕੀਆਂ ਰਗਾਂ।
ਇਥੇ ਉੱਡਦੇ ਪੰਛੀ ਦਿਸਦੇ ਨਹੀਂ,
ਮੋਰਾਂ ਦੀ ਉਡਾਰੀ ਤਿਤਲੀਆਂ ਦੇ ਹਾਸੇ,
ਫੁੱਲਾ ਦੇ ਸੰਗ ਸ਼ਹਿਦ ਦੇ ਨਾਤੇ,
ਦਿਸਦੇ ਨਹੀਂ।
ਇਨਾ ਰਾਹਵਾਂ ਤੋਂ ਪੁੱਛੋ ਕਿੱਥੇ ਉਹ ਗਏ,
ਹਵਾਵਾਂ ਤੋਂ ਪੁੱਛੋ ਉਨਾਂ ਦਾ ਪਤਾ।
ਕੋਈ ਬਣੇ ਮੋਹਰੀ, ਕੋਈ ਲੱਭੇ ਰਾਹ,
ਬਹਾਰਾਂ ਦੇ ਵੰਗ ਨੂੰ ਮੁੜ ਮੋੜ ਲਿਆਵੇ,
ਮੇਰੇ ਵਤਨ ਨੂੰ ਮੁੜ ਸਜਾਵੇ,
ਪਛੜੇ ਹਾਂ, ਰਾਹਵਾਂ ਤੋਂ, ਸੁਣਲੋ ਜਰਾ,
ਧਰਤ ਸੁਹਾਵੀ ਕੀ ਕਹਿੰਦੀ, ਸੁਣਲੋ ਜਰਾ।

**ਉੱਠ ਕਿਰਤੀਆਂ**

ਤੂੰ ਉੱਠ ਕਿਰਤੀਆਂ ਅੱਗੇ ਵੱਧ,
ਤੇਰਾ ਬੇਲੀ ਨਾ ਕੋਈ ਸੰਗੀ ਏ।
ਹੌਸਲਾ ਹੀ ਤੈਨੂੰ ਬਚਾਏਗਾ ,
ਕਿਉਂ ਹਿੰਮਤ ਸੂਲੀ ਟੰਗੀ ਏ
ਤੈਨੂੰ ਮਾਰ ਸਮਿਆਂ ਦੀ ਪਈ ਐਸੀ,
ਹਰ ਗੱਲ ਹੋ ਰਹੀ ਬੇਢੰਗੀ ਏ।
ਲੋਕਾਂ ਦਾ ਢਿੱਡ ਪਿਆ ਭਰਦਾ ਏਂ ,
ਤੈਨੂੰ ਫਿਰ ਵੀ ਤੋਟ ਤੇ ਤੰਗੀ ਏ।
ਤਰਲੇ ਮਿੰਨਤਾਂ ਬਹੁਤ ਕਰ ਲਏ,
ਤੂੰ ਇਕੋ ਮੰਗ ਤੇ ਮੰਗੀ ਏ ।
ਗੱਲ ਇਕੱਲੇ ਰਹਿ ਕੇ ਨਹੀਂ ਬਣਨੀ,
ਇਕੱਠਿਆਂ ਦੀ ਗੱਲ ਚੰਗੀ ਏ

**ਰੌਣਕ**

ਜਦ ਵੀ ਉਸਦੀ ਰੌਣਕ ਚੇਤੇ ਆਉਂਦੀ ਏ,
ਸੱਚ ਦੱਸਾ ਉਪਰੋਂ ਹਸਦੀ ਅੰਦਰੋਂ ਰੁਲਾਉਂਦੀ ਏ।
ਹਾਕ ਮਾਰਾਂ ਉਨਾਂ ਬਿਖਰੇ ਰਾਹਾਂ ਨੂੰ,
ਅਜੇ ਵੀ ਜਾਪੇ ਹੋਣਾ ਸਭ ਕੁਝ ਬਾਕੀ ਏ
ਦਹਿਲੀਜ਼ ਤੇ ਖੜ ਤੱਕਾਂ ਉਸਦੇ ਦੀਦਾਰ ਨੂੰ,
ਜਿੱਥੋਂ ਉਸਦਾ ਆਉਣਾ ਅਜੇ ਬਾਕੀ ਏ।
ਲੰਘ ਗਿਆ ਉਹ ਵੇਲਾ ਉਸਦੀ ਰਥਾਈ ਦਾ,

# ਵੈਟਨਰੀ ਯੂਨੀਵਰਸਿਟੀ ਵੱਲੋਂ ਮੱਛੀ ਪਾਲਣ ਸਟਾਰਟ-ਅੱਪ ਅਤੇ ਜਲਜੀਵ ਪੇਸ਼ੇਵਰ ਉੱਦਮੀਆਂ ਦੀ ਮੀਟਿੰਗ ਦਾ ਆਯੋਜਨ

ਲੁਧਿਆਣਾ 19 ਅਗਸਤ (ਪੈਗਾਮ-ਏ-ਜਗਤ)



ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵਿਖੇ ਮੱਛੀ ਪਾਲਣ ਸਟਾਰਟ-ਅੱਪ ਅਤੇ ਜਲਜੀਵ ਪੇਸ਼ੇਵਰ ਉੱਦਮੀਆਂ ਦੀ ਮੀਟਿੰਗ ਰਾਹੀਂ ਮੱਛੀ ਪਾਲਣ ਖੇਤਰ ਵਿੱਚ ਨਵੀਨਤਾ-ਅਧਾਰਤ ਤਕਨਾਲੋਜੀ ਅਤੇ ਸੇਵਾ-ਅਧਾਰਤ ਸਟਾਰਟ-ਅੱਪਸ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਭਾਈਵਾਲ ਧਿਰਾਂ ਨੂੰ ਇਕੱਠਾ ਕੀਤਾ ਗਿਆ । ਇਹ ਪ੍ਰੋਗਰਾਮ ਨੈਸ਼ਨਲ ਇੰਸਟੀਚਿਊਟ ਆਫ਼ ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ-ਫਿਸ਼ਰੀਜ਼ ਇਨੋਵੇਸ਼ਨ ਐਂਡ ਸਟਾਰਟ-ਅੱਪ ਹੱਬ, ਹੈਦਰਾਬਾਦ ਵੱਲੋਂ ਯੂਨੀਵਰਸਿਟੀ ਦੇ ਫਿਸ਼ਰੀਜ਼ ਕਾਲਜ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ । ਮੀਟਿੰਗ ਵਿੱਚ 300 ਤੋਂ ਵੱਧ ਹਿੱਸੇਦਾਰਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਮੱਛੀ ਪਾਲਣ ਵਿਗਿਆਨੀ, ਵਿਦਿਆਰਥੀ, ਮੱਛੀ ਪਾਲਣ ਪੇਸ਼ੇਵਰ, ਸਟਾਰਟ-ਅੱਪ, ਮੱਛੀ ਪਾਲਣ ਅਧਿਕਾਰੀ ਅਤੇ ਕਿਸਾਨ ਸ਼ਾਮਲ ਸਨ। ਇਹ ਰਾਸ਼ਟਰੀ ਸੰਸਥਾ ਮੱਛੀ ਪਾਲਣ ਖੇਤਰ ਵਿੱਚ ਨਵੀਨਕਾਰੀ ਸਟਾਰਟ-ਅੱਪਸ ਨੂੰ ਕਾਨੂੰਨੀ, ਵਿੱਤੀ, ਅਤੇ ਤਕਨੀਕੀ ਸਹਾਇਤਾ ਦੁਆਰਾ ਨਵੇਂ ਵਿਚਾਰਾਂ ਨੂੰ ਸਫਲ ਕਾਰੋਬਾਰੀ ਮਾਡਲਾਂ ਵਿੱਚ ਬਦਲਣ ਲਈ ਸਲਾਹ ਦੇਣ ਅਤੇ ਉਤਸ਼ਾਹਿਤ ਕਰਨ ਲਈ ਇੱਕ ਕੌਮੀ ਮੰਚ ਵਜੋਂ ਕੰਮ ਕਰਦੀ ਹੈ

ਸਮਾਗਮ ਦੇ ਮੁੱਖ ਮਹਿਮਾਨ, ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਆਤਮਨਿਰਭਰ ਅਤੇ ਵਿਕਸਿਤ ਭਾਰਤ ਦੇ ਸੰਕਲਪ ਵਿੱਚ ਸਟਾਰਟ-ਅੱਪਸ ਅਤੇ ਉੱਦਮਤਾ ਦੀ ਮਹੱਤਤਾ 'ਤੇ ਚਾਨਣਾ ਪਾਇਆ। ਵੈਟਨਰੀ, ਡੇਅਰੀ ਅਤੇ ਮੱਛੀ ਪਾਲਣ ਪੇਸ਼ੇਵਰਾਂ ਵਿੱਚ ਸਟਾਰਟ-ਅੱਪਸ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ ਦੇ ਨਿਰੰਤਰ ਯਤਨਾਂ ਨੂੰ ਸਾਂਝਾ ਕਰਦੇ ਹੋਏ, ਉਨ੍ਹਾਂ ਨੇ ਰਾਸ਼ਟਰੀ ਤਰਜੀਹਾਂ ਅਤੇ ਭੋਜਨ ਸੁਰੱਖਿਆ ਦੇ ਅਨੁਸਾਰ ਉੱਭਰ ਰਹੀਆਂ ਤਕਨਾਲੋਜੀਆਂ ਨੂੰ ਪ੍ਰਭਾਵਸ਼ਾਲੀ ਖੇਤਰ-ਪੱਧਰ 'ਤੇ ਅਪਣਾਉਣ ਦੀ ਸਹੂਲਤ ਦੇਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵਿੱਚ ਸਟਾਰਟ-ਅੱਪ ਢਾਂਚੇ ਨੂੰ ਉਤਸ਼ਾਹਿਤ ਕਰਨ ਲਈ ਵੈਟਨਰੀ, ਪਸ਼ੂਧਨ ਅਤੇ ਮੱਛੀ ਪਾਲਣ ਵਿੱਚ ਸੰਭਾਵੀ ਵਿਚਾਰਾਂ ਨੂੰ ਸਾਰਥਕ ਕਰਨ ਲਈ ਵੈਟਨਰੀ ਅਤੇ ਪਸ਼ੂਧਨ ਨਵੀਨਤਾ ਇਨਕਿਊਬੇਸ਼ਨ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਗਈ ਹੈ। ਮਹਿਮਾਨਾਂ ਡਾ. ਕੰਵਰ ਬਰਜਿੰਦਰ ਸਿੰਘ, ਡਾਇਰੈਕਟਰ, ਪੰਜਾਬ ਐਗਰੀਕਲਚਰਲ ਮੈਨੇਜਮੈਂਟ ਐਂਡ ਐਕਸਟੈਂਸ਼ਨ ਟ੍ਰੇਨਿੰਗ ਇੰਸਟੀਚਿਊਟ (ਪਾਮੇਟੀ), ਲੁਧਿਆਣਾ ਅਤੇ ਸ਼੍ਰੀ ਹਰਦੇਵ ਸਿੰਘ, ਡਾਇਰੈਕਟਰ ਅਤੇ ਵਾਰਡਨ ਫਿਸ਼ਰੀਜ਼, ਪੰਜਾਬ ਨੇ ਮੱਛੀ ਪਾਲਕ ਨੌਜਵਾਨਾਂ, ਕਿਸਾਨ ਭਾਈਚਾਰੇ ਅਤੇ ਮਹਿਲਾ ਹਿੱਸੇਦਾਰਾਂ ਵਿੱਚ ਸਟਾਰਟ-ਅੱਪਸ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੀਆਂ ਸਬੰਧਤ ਸੰਸਥਾਵਾਂ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਵੱਖ-ਵੱਖ ਸਕੀਮਾਂ ਅਤੇ ਸਮਰੱਥਾ ਨਿਰਮਾਣ ਸੇਵਾਵਾਂ ਬਾਰੇ ਜਾਣੂ ਕਰਵਾਇਆ।

ਡਾ. ਸਰਵਨਨ ਰਾਜ, ਡਾਇਰੈਕਟਰ (ਖੇਤੀਬਾੜੀ ਵਿਸਥਾਰ), MANAGE ਅਤੇ MANAGE-FISHub ਦੇ ਸੀਈਓ, ਨੇ ਹਿੱਸੇਦਾਰਾਂ ਨੂੰ ਨਵੀਨਤਾ, ਉੱਦਮਤਾ ਅਤੇ ਸਮਰੱਥਾ ਵਿਕਾਸ ਰਾਹੀਂ ਭਾਰਤੀ ਮੱਛੀ ਪਾਲਣ ਖੇਤਰ ਨੂੰ ਬਦਲਣ ਲਈ FISHub ਦੇ ਉਦੇਸ਼ਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਮੱਛੀ ਪਾਲਣ ਸਟਾਰਟ-ਅੱਪਸ ਨੂੰ ਸਲਾਹ ਦੇਣ ਅਤੇ ਪਾਲਣ-ਪੋਸ਼ਣ ਕਰਨ ਅਤੇ ਤਕਨਾਲੋਜੀ ਅਪਣਾਉਣ ਅਤੇ ਵਪਾਰੀਕਰਨ ਨੂੰ ਤੇਜ਼ ਕਰਨ ਲਈ ਉੱਦਮੀਆਂ, ਅਕਾਦਮੀਆਂ, ਸਰਕਾਰੀ ਏਜੰਸੀਆਂ ਅਤੇ ਉਦਯੋਗਾਂ ਵਿਚਕਾਰ ਸਬੰਧਾਂ ਨੂੰ ਸੁਚਾਰੂ ਬਣਾਉਣ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਅਕਾਦਮਿਕ-ਹਿੱਸੇਦਾਰਾਂ ਦੀਆਂ ਮੀਟਿੰਗਾਂ ਦੀ ਮਹੱਤਤਾ 'ਤੇ ਚਾਨਣਾ ਪਾਉਂਦੇ ਹੋਏ ਡਾ. ਰਵਿੰਦਰ ਸਿੰਘ ਗਰੇਵਾਲ, ਨਿਰਦੇਸ਼ਕ ਪਸਾਰ ਸਿੱਖਿਆ ਨੇ ਕਿਹਾ ਕਿ ਇਹ ਸਮਾਗਮ ਵਿਗਿਆਨੀਆਂ, ਵਿਦਿਆਰਥੀਆਂ, ਪੇਸ਼ੇਵਰਾਂ, ਪਸਾਰ ਕਰਮਚਾਰੀਆਂ, ਕਿਸਾਨਾਂ ਅਤੇ ਉੱਦਮੀ ਨੌਜਵਾਨਾਂ ਲਈ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਲਈ ਇੱਕ ਮਹੱਤਵਪੂਰਨ ਸਥਾਨ ਪ੍ਰਦਾਨ ਕਰਦਾ ਹੈ।

# ਡੈਡੀਕੇਟਿਡ ਬ੍ਰਦਰਜ਼ ਗਰੁੱਪ ਪੰਜਾਬ ਨੇ 329 ਵੇਂ ਸਨਮਾਨ ਸਮਾਰੋਹ ਵਿੱਚ ਹੋਣਹਾਰ ਵਿਦਿਆਰਥਣ ਜਪਸੀਰਤ ਕੌਰ ਨੂੰ ਕੀਤਾ ਸਨਮਾਨਿਤ

ਪਟਿਆਲਾ, 19 ਅਗਸਤ (ਪੈਗਾਮ-ਏ-ਜਗਤ)



ਡੈਡੀਕੇਟਿਡ ਬ੍ਰਦਰਜ਼ ਗਰੁੱਪ ਰਜਿਸਟਰਡ ਪੰਜਾਬ ਪਟਿਆਲਾ ਦੇ ਸੰਸਥਾਪਕ ਅਤੇ ਆਜੀਵਨ ਪ੍ਰਧਾਨ ਡਾ.ਰਾਕੇਸ਼ ਵਰਮੀ ਦੀ ਸਰਪ੍ਰਸਤੀ ਹੇਠ 329ਵਾਂ ਮਾਸਿਕ ਸਨਮਾਨ ਸਮਾਰੋਹ ਭਾਸ਼ਾ ਭਵਨ ਪਟਿਆਲਾ ਵਿਖੇ ਹੋਣਹਾਰ ਵਿਦਿਆਰਥਣ ਜਪਸੀਰਤ ਕੌਰ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਗਿਆ। ਅਮਰਿੰਦਰ ਸਿੰਘ ਦੀਪਕ ਅਤੇ ਅਮਨਪ੍ਰੀਤ ਕੌਰ ਦੀ ਬੇਟੀ ਨੇ ਅਥੱਕ ਮਿਹਨਤੀ ਤੇ ਲਗਨ ਨਾਲ ਪੜਾਈ ਵਿੱਚੋਂ ਵਧੀਆ ਅੰਕ ਪ੍ਰਾਪਤ ਕੀਤੇ ਹਨ ਆਪਣੇ ਮਾਤਾ ਪਿਤਾ ਅਤੇ ਦਾਦਾ ਦਾਦੀ ਦੀਆਂ ਸਿਖਿਆਵਾਂ ਨੂੰ ਵੀ ਆਪਣੇ ਜੀਵਨ ਵਿੱਚ ਅਪਨਾਉਂਦੀ ਹੈ ਜਪਸੀਰਤ ਕੌਰ ਦੀ ਸੁੰਦਰ ਲਿਖਾਈ, ਭਾਸ਼ਣ ਪ੍ਰਤੀ ਯੋਗਤਾ ਵਿੱਚ ਪ੍ਰਾਪਤੀਆਂ, ਅਨੁਸ਼ਾਸਨਤਾ, ਦ੍ਰਿੜਤਾ, ਆਗਿਆਕਾਰੀ, ਸਾਫ ਦਿਲ, ਸੱਚਾਈ ਨੂੰ ਪਿਆਰ ਕਰਨ ਵਾਲੀ ਆਪਣੇ ਅਧਿਆਪਿਕਾਵਾਂ ਵੱਲੋਂ ਦਿੱਤੀ ਗਈ ਜਿੰਮੇਵਾਰੀ ਨਿਭਾਉਣ ਲਈ ਮੈਡਲ, ਸਰਟੀਫਿਕੇਟ, ਸਟੇਸ਼ਨਰੀ ਗਿਫਟ ਦੇ ਕੇ ਜਪਸੀਰਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਸੁਰਿੰਦਰ ਸਿੰਘ ਚੱਢਾ ਚੇਅਰਮੈਨ ਸਿੱਖਿਆ ਸ਼ਾਸਤਰੀ ਅਤੇ ਚੰਦਨ ਕੁਮਾਰੀ ਪ੍ਰਿੰਸੀਪਲ ਨੇ ਕਿਹਾ ਜੇਕਰ ਵਿਦਿਆਰਥਣ 5 - 7 ਸਾਲ ਆਪਣਾ ਜੀਵਨ ਬਣਾਉਣ ਲਈ ਆਪਣੇ ਮਿਥੇ ਟੀਚੇ ਵੱਲ ਇਕਾਗਰਤਾ ਨਾਲ ਧਿਆਨ ਦੇਵੇ ਤਾਂ ਆਉਣ ਵਾਲਾ ਜੀਵਨ ਬਹੁਤ ਸੁਖਾਲਾ ਹੋ ਜਾਂਦਾ ਹੈ। ਇਸ ਮੌਕੇ ਡਾ.ਰਾਕੇਸ਼ ਵਰਮੀ, ਡਾ. ਰਿਸ਼ਮਾ ਕੋਹਲੀ ਮੰਚ ਸੰਚਾਲਿਕਾ, ਹਰਪ੍ਰੀਤ ਸਿੰਘ ਸੰਧੂ ਮੈਨੇਜਿੰਗ ਡਾਇਰੈਕਟਰ ਗਰੁੱਪ ਆਫ ਡੈਫੋਡਿਲਜ਼ ਸਕੂਲਜ਼ , ਕਾਕਾ ਰਾਮ ਵਰਮਾ ਚੀਫ ਟ੍ਰੇਨਰ ਮੁਢਲੀ ਸਹਾਇਤਾ ਫਸਟ ਏਡ, ਡਾ.ਰਾਕੇਸ਼ ਵਰਮੀ ਸੰਸਥਾਪਕ ਡੀ.ਬੀ.ਜੀ, ਅਮਨਇੰਦਰ ਸਿੰਘ ਸੈਣੀ, ਵਿਕਾਸ ਗੋਇਲ, ਦਿਲਪ੍ਰੀਤ ਸਿੰਘ ਬੈਨੀਪਾਲ, ਚਮਨ ਲਾਲ ਦੱਤ, ਐਡਵੋਕੇਟ ਰਣਦੀਪ ਸਿੰਘ, ਬਸ਼ੀਰ ਸਿਆਣੀ, ਡਾ.ਜੀ.ਐਸ ਆਨੰਦ, ਚਰਨਜੀਤ ਸਿੰਘ ਚੰਨੀ ਮਿਊਜ਼ੀਕਲ ਗਰੁੱਪ ਸਮੇਤ ਹਾਜ਼ਰ ਰਹੇ। ਇਹ ਜਾਣਕਾਰੀ ਅਮਨਇੰਦਰ ਸਿੰਘ ਸੈਣੀ ਨੇ ਦਿੱਤੀ।

# ਪੀੜਤਾਂ ਦੀ ਮਦਦ ਕਰਕੇ, ਗੋਲਡ ਮੈਡਲ ਅਤੇ ਪ੍ਰਸ਼ੰਸਾ ਪੱਤਰ ਪਾਉ : ਡਾਕਟਰ ਰਾਕੇਸ਼ ਵਰਮੀ

ਪਟਿਆਲਾ, 19 ਅਗਸਤ (ਪੈਗਾਮ-ਏ-ਜਗਤ)



ਅੰਤਰਰਾਸ਼ਟਰੀ ਮਾਨਵਤਾ ਬਚਾਉ ਦਿਵਸ ਮੌਕੇ ਫਸਟ ਏਡ, ਸੇਫਟੀ, ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਕਾਕਾ ਰਾਮ ਵਰਮਾ ਅਤੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ ਵਲੋਂ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਐਨ ਸੀ ਸੀ ਕੇਡਿਟਜ਼, ਐਨ ਐਸ ਐਸ ਵਲੰਟੀਅਰਾਂ, ਸਕਾਊਟ ਗਾਈਡ ਨੂੰ ਦਸਿਆ ਕਿ ਸੰਯੁਕਤ ਰਾਸ਼ਟਰ ਵਲੋਂ ਅੰਤਰਰਾਸ਼ਟਰੀ ਪੱਧਰ ਤੇ ਮਾਨਵਤਾ ਨੂੰ ਆਪਦਾਵਾਂ, ਜੰਗਾਂ ਅਤੇ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ ਦੌਰਾਨ ਬਚਾਉਣ ਤੇ ਜ਼ੋਰ ਦਿੱਤਾ ਹੈ।

ਜਿਸ ਹਿੱਤ ਵੱਧ ਤੋਂ ਵੱਧ ਵਿਦਿਆਰਥੀਆਂ, ਨੋਜਵਾਨਾਂ ਨੂੰ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ, ਪੀੜਤਾਂ ਨੂੰ ਬਚਾਉਣ ਦੀਆਂ ਟ੍ਰੇਨਿੰਗਾਂ ਕਰਵਾਉਣ ਤੇ ਜ਼ੋਰ ਦਿੱਤਾ ਹੈ। ਕਿਉਂਕਿ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ ਸਮੇਂ ਮੌਕੇ ਤੇ ਠੀਕ ਫਸਟ ਏਡ ਨਾ ਮਿਲਣ ਕਾਰਨ 80% ਪੀੜਤਾਂ ਦੀ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਮੌਤਾਂ ਹੋ ਰਹੀਆਂ ਹਨ।

ਭਾਰਤ ਦੇ ਪ੍ਰਧਾਨ ਮੰਤਰੀ ਜੀ ਨੇ ਆਜ਼ਾਦੀ ਦਿਵਸ ਮੌਕੇ ਦੇਸ਼ ਵਾਸੀਆਂ ਦੀ ਸੁਰੱਖਿਆ ਅਤੇ ਪੀੜਤਾਂ ਦੀ ਮਦਦ ਕਰਨ ਲਈ ਵੱਧ ਤੋਂ ਵੱਧ ਵਿਦਿਆਰਥੀਆਂ, ਨੋਜਵਾਨਾਂ ਨੂੰ ਸਿਵਲ ਡਿਫੈਂਸ ਵਲੰਟੀਅਰਾਂ ਵਜੋਂ ਤਿਆਰ ਕਰਨ ਤੇ ਜ਼ੋਰ ਦਿੱਤਾ ਹੈ। ਸ੍ਰੀ ਕਾਕਾ ਰਾਮ ਵਰਮਾ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ ਫਸਟ ਏਡ ਟ੍ਰੇਨਰ ਨੇ ਨਾਗਰਿਕ ਸੁਰੱਖਿਆ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਟ੍ਰੇਨਿੰਗਾਂ, ਅਭਿਆਸ ਅਤੇ ਮੌਕ ਡਰਿੱਲਾਂ ਦੀ ਮਹੱਤਤਾ ਦੱਸੀ। ਡਾਕਟਰ ਰਾਕੇਸ਼ ਵਰਮੀ ਨੇ ਕਿਹਾ ਕਿ ਜੇਕਰ ਕੋਈ ਵਿਦਿਆਰਥੀ, ਨਾਗਰਿਕ, ਕਰਮਚਾਰੀ ਦੁਰਘਟਨਾਵਾਂ ਸਮੇਂ ਜ਼ਖਮੀਆਂ ਜਾਂ ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਬੇਹੋਸ਼ੀ, ਸਦਮੇਂ ਗੈਸਾਂ, ਧੂੰਏਂ, ਅੱਗਾਂ ਦੌਰਾਨ ਪੀੜਤਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਲਈ ਮਦਦ ਕਰਦਾ ਤਾਂ ਉਨ੍ਹਾਂ ਨੂੰ ਡੀ ਬੀ ਜੀ ਵਲੋਂ ਗੋਲਡ ਮੈਡਲ ਅਤੇ ਪ੍ਰਸ਼ੰਸਾ ਪੱਤਰ ਦੇਕੇ ਸਨਮਾਨਿਤ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਦੀਆਂ ਟ੍ਰੇਨਿੰਗਾਂ ਅਤੇ ਸਰਟੀਫਿਕੇਟ ਵੀ ਮੁਫ਼ਤ ਵਿੱਚ ਦਿੱਤੇ ਜਾਂਦੇ ਹਨ। ਜਿਸ ਹਿੱਤ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਟਿਆਲਾ ਨੂੰ ਬੇਨਤੀ ਪੱਤਰ ਵੀ ਸੌਂਪਿਆ ਗਿਆ ਹੈ। ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਐਨ ਸੀ ਸੀ ਕੇਡਿਟਜ਼ ਅਤੇ ਦੂਜੇ ਵਿਦਿਆਰਥੀਆਂ ਨੂੰ ਡੀ ਬੀ ਜੀ ਵਲੋਂ ਗੋਲਡ ਮੈਡਲ ਅਤੇ ਪ੍ਰਸ਼ੰਸਾ ਪੱਤਰ ਦੇਕੇ ਸਨਮਾਨਿਤ ਕੀਤਾ ਹੈ। ਪ੍ਰਿੰਸੀਪਲ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਆਪਣੇ ਬਚਾਉ ਅਤੇ ਪੀੜਤਾਂ ਦੀਆਂ ਜਾਨਾਂ ਬਚਾਉਣ ਲਈ ਹਰੇਕ ਵਿਦਿਆਰਥੀ, ਅਧਿਆਪਕ, ਨਾਗਰਿਕ ਨੂੰ ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਦੀਆਂ ਟ੍ਰੇਨਿੰਗਾਂ ਲੈਣੀਆਂ ਚਾਹੀਦੀਆਂ ਹਨ।

# ਪੰਚਕੂਲਾ ਦੇ ਦੋ ਬਜ਼ੁਰਗ ਹਾਰਟ ਪੇਸ਼ੈਂਟਾਂ ਨੂੰ ਪ੍ਰੋਟੈਕਟਿਡ ਪੀਸੀਆਈ ਨਾਲ ਮਿਲਿਆ ਨਵਾਂ ਜੀਵਨ

ਪੰਚਕੂਲਾ, 19 ਅਗਸਤ (ਪੈਗਾਮ-ਏ-ਜਗਤ)



ਜਾਨਲੇਵਾ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਪੰਚਕੂਲਾ ਦੇ ਦੋ ਬਜ਼ੁਰਗ ਮਰੀਜ਼ਾਂ ਨੂੰ ਲਿਵਾਸਾ ਹਸਪਤਾਲ, ਮੋਹਾਲੀ ਵਿੱਚ ਸਫਲਤਾਪੂਰਵਕ ਕੀਤੀ ਗਈ 'ਪ੍ਰੋਟੈਕਟਿਡ ਐਂਜੀਓਪਲਾਸਟੀ ਵਿਦ ਸਟੈਂਟਿੰਗ' ਤੋਂ ਬਾਅਦ ਨਵਾਂ ਜੀਵਨ ਮਿਲਿਆ।

ਬੁੱਧਵਾਰ ਨੂੰ ਪੰਚਕੂਲਾ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਚੇਅਰਮੈਨ-ਕਾਰਡੀਅਕ ਸਾਇੰਸਜ਼, ਲਿਵਾਸਾ ਹਸਪਤਾਲ, ਡਾ. ਹਰਿੰਦਰ ਕੇ. ਬਾਲੀ ਨੇ ਦੱਸਿਆ ਕਿ ਇਹਨਾਂ ਜਟਿਲ ਪ੍ਰਕਿਰਿਆਵਾਂ ਦੌਰਾਨ ਅਸਥਾਈ ਬਲੱਡ ਸਰਕੂਲੇਟਰੀ ਸਹਾਇਤਾ ਪ੍ਰਦਾਨ ਕਰਨ ਲਈ ਦੁਨੀਆ ਦੇ ਸਭ ਤੋਂ ਛੋਟੇ ਮਕੈਨੀਕਲ ਹਾਰਟ ਪੰਪ 'ਇੰਪੈਲਾ' ਦੀ ਵਰਤੋਂ ਕੀਤੀ ਗਈ ਸੀ।

ਪਹਿਲੇ ਮਾਮਲੇ ਵਿੱਚ, ਇੱਕ 78 ਸਾਲਾ ਪੁਰਸ਼ ਮਰੀਜ਼ ਨੂੰ ਗੰਭੀਰ 'ਐਕਿਊਟ ਮਾਇਓਕਾਰਡੀਅਲ ਇਨਫਾਰਕਸ਼ਨ' (ਹਾਰਟ ਅਟੈਕ) ਦੀ ਸ਼ਿਕਾਇਤ ਤੋਂ ਬਾਅਦ ਭਰਤੀ ਕਰਵਾਇਆ ਗਿਆ ਸੀ। ਉਹਨਾਂ ਦੀਆਂ ਤਿੰਨੋਂ ਕੋਰੋਨਰੀ ਧਮਨੀਆਂ, ਜਿਹਨਾਂ ਵਿੱਚ ਮੁੱਖ ਖੱਬੀ ਧਮਨੀ ਵੀ ਸ਼ਾਮਲ ਸੀ, ਵਿੱਚ ਭਾਰੀ ਮਾਤਰਾ ਵਿੱਚ ਕੈਲਸ਼ੀਅਮ ਜੰਮਿਆ ਹੋਇਆ ਸੀ ਅਤੇ ਉਹ ਗੰਭੀਰ ਰੂਪ ਵਿੱਚ ਬਲਾਕ ਸਨ।

ਡਾ. ਬਾਲੀ ਨੇ ਕਿਹਾ, ਛੋਟੇ ਆਕਾਰ ਦੇ ਇਸ ਹਾਰਟ ਪੰਪ (ਇੰਪੈਲਾ) ਨੂੰ ਪੱਟ ਦੀ ਧਮਨੀ (ਫੇਮੋਰਲ ਆਰਟਰੀ) ਦੇ ਜ਼ਰੀਏ ਬਿਨਾਂ ਕਿਸੇ ਸਰਜਰੀ ਦੇ ਅੰਦਰ ਪਾਇਆ ਗਿਆ। ਪੂਰੀ ਐਂਜੀਓਪਲਾਸਟੀ ਅਤੇ ਸਟੈਂਟਿੰਗ ਪ੍ਰਕਿਰਿਆ ਇੱਕੋ ਵਾਰ ਵਿੱਚ ਪੂਰੀ ਕਰ ਲਈ ਗਈ। ਇਸ ਵਿੱਚ 'ਲੈਫਟ ਮੇਨ ਬਾਇਫਰਕੇਸ਼ਨ ਸਟੈਂਟਿੰਗ' ਅਤੇ 'ਰਾਈਟ ਕੋਰੋਨਰੀ ਆਰਟਰੀ ਸਟੈਂਟਿੰਗ' ਕੀਤੀ ਗਈ। ਧਮਨੀਆਂ ਵਿੱਚ ਬਹੁਤ ਜ਼ਿਆਦਾ ਕੈਲਸ਼ੀਅਮ ਹੋਣ ਕਾਰਨ ਇਸ ਪ੍ਰਕਿਰਿਆ ਨੂੰ 'ਓਪਟੀਕਲ ਕੋਹੇਰੈਂਸ ਟੋਮੋਗ੍ਰਾਫੀ' ਨਾਮਕ ਇੰਟ੍ਰਾਕੋਰੋਨਰੀ ਇਮੇਜਿੰਗ ਦੀ ਨਿਗਰਾਨੀ ਹੇਠ ਅੰਜਾਮ ਦਿੱਤਾ ਗਿਆ। ਡਾ. ਬਾਲੀ ਨੇ ਦੱਸਿਆ ਕਿ ਮਰੀਜ਼ ਦੇ ਦਿਲ ਵਿੱਚ ਪੰਜ ਸਟੈਂਟ ਲਗਾਏ ਗਏ ਅਤੇ ਓਪਟੀਕਲ ਕੋਹੇਰੈਂਸ ਟੋਮੋਗ੍ਰਾਫੀ ਰਾਹੀਂ ਸਟੈਂਟ ਦੀ ਸਹੀ ਸਥਿਤੀ ਦੀ ਪੁਸ਼ਟੀ ਕੀਤੀ ਗਈ। ਦਿਲ ਦੇ ਸਥਿਰ ਹੋਣ ਤੋਂ ਬਾਅਦ ਐਂਜੀਓਪਲਾਸਟੀ ਦੇ ਅੰਤ ਵਿੱਚ ਪੰਪ ਨੂੰ ਕੱਢ ਦਿੱਤਾ ਗਿਆ। ਮਰੀਜ਼ ਨੂੰ ਦੋ ਦਿਨ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਸੀ ਅਤੇ ਇਲਾਜ ਦੇ ਦੋ ਸਾਲ ਬਾਅਦ ਵੀ ਉਹ ਪੂਰੀ ਤਰ੍ਹਾਂ ਤੰਦਰੁਸਤ ਹਨ।

ਦੂਜੀ ਮਰੀਜ਼ 80 ਸਾਲਾ ਔਰਤ ਸੀ, ਜਿਹਨਾਂ ਨੂੰ ਗੰਭੀਰ ਹਾਰਟ ਅਟੈਕ ਅਤੇ 'ਕਾਰਡੀਓਜੇਨਿਕ ਸ਼ੌਕ' ਦੇ ਖਤਰੇ ਕਾਰਨ ਭਰਤੀ ਕਰਵਾਇਆ ਗਿਆ ਸੀ। ਉਹਨਾਂ ਦੇ ਦਿਲ ਦਾ ਮੁੱਖ ਪੰਪਿੰਗ ਹਿੱਸਾ-ਲੈਫਟ ਵੈਂਟ੍ਰੀਕਲ - ਬਹੁਤ ਕਮਜ਼ੋਰ ਸੀ ਅਤੇ ਦਿਲ ਦਾ ਖੱਬਾ ਵਾਲਵ ਲੀਕ ਕਰ ਰਿਹਾ ਸੀ।

ਡਾ. ਬਾਲੀ ਨੇ ਦੱਸਿਆ, ÷ਇੰਪੈਲਾ ਹਾਰਟ ਪੰਪ ਦੀ ਵਰਤੋਂ ਕਰਕੇ 'ਪ੍ਰੋਟੈਕਟਿਡ ਪੀਸੀਆਈ' ਰਾਹੀਂ ਖੱਬੀ ਮੁੱਖ ਧਮਨੀ ਦੀ ਐਂਜੀਓਪਲਾਸਟੀ ਅਤੇ ਸਟੈਂਟਿੰਗ ਸਫਲਤਾਪੂਰਵਕ ਕੀਤੀ ਗਈ। ਮਰੀਜ਼ ਨੂੰ ਤਿੰਨ ਦਿਨਾਂ ਤੱਕ ਇੰਪੈਲਾ ਸਪੋਰਟ ਦੀ ਲੋੜ ਪਈ, ਜਿਸ ਤੋਂ ਬਾਅਦ ਹੌਲੀ-ਹੌਲੀ ਪੰਪ ਨੂੰ ਹਟਾ ਲਿਆ ਗਿਆ।

ਡਾ. ਬਾਲੀ ਨੇ ਅੱਗੇ ਜਾਣਕਾਰੀ ਦਿੱਤੀ ਕਿ 'ਪ੍ਰੋਟੈਕਟਿਡ ਪੀਸੀਆਈ' ਕਮਜ਼ੋਰ ਦਿਲ, ਕਈ ਧਮਨੀਆਂ ਵਿੱਚ ਬਲਾਕੇਜ ਜਾਂ ਹੋਰ ਬਿਮਾਰੀਆਂ ਨਾਲ ਜੂਝ ਰਹੇ ਉੱਚ-ਜੋਖਮ ਵਾਲੇ ਮਰੀਜ਼ਾਂ ਦੀ ਐਂਜੀਓਪਲਾਸਟੀ ਦੌਰਾਨ ਸਰੀਰ ਵਿੱਚ ਖੂਨ ਦੇ ਸਰਕੂਲੇਸ਼ਨ ਅਤੇ ਕਾਰਡੀਅਕ ਆਊਟਪੁੱਟ ਨੂੰ ਆਮ ਬਣਾਏ ਰੱਖਦਾ ਹੈ। ਉਹਨਾਂ ਕਿਹਾ ਕਿ ਸਹੀ ਮਰੀਜ਼ਾਂ ਦੀ ਚੋਣ ਕਰਕੇ ਇਹ ਤਕਨੀਕ ਉਦੋਂ ਵੀ ਜਟਿਲ ਕੋਰੋਨਰੀ ਇਲਾਜ ਨੂੰ ਸੰਭਵ ਬਣਾਉਂਦੀ ਹੈ ਜਦੋਂ ਬਾਈਪਾਸ ਸਰਜਰੀ ਦਾ ਵਿਕਲਪ ਮੌਜੂਦ ਨਾ ਹੋਵੇ। ਅਜਿਹੀਆਂ ਜਟਿਲ ਪ੍ਰਕਿਰਿਆਵਾਂ ਨੂੰ ਅੰਜਾਮ ਦੇਣ ਲਈ ਉੱਚ ਤਕਨੀਕੀ ਮੁਹਾਰਤ, 'ਹਾਰਟ ਟੀਮ' ਦ੍ਰਿਸ਼ਟੀਕੋਣ ਅਤੇ ਬਹੁ-ਮਾਹਰ ਤਾਲਮੇਲ ਦਾ ਹੋਣਾ ਬਹੁਤ ਜ਼ਰੂਰੀ ਹੈ। ਸੀਈਓ-ਲਿਵਾਸਾ ਹਸਪਤਾਲ, ਅਨੁਰਾਗ ਯਾਦਵ ਨੇ ਕਿਹਾ, ਅਸੀਂ ਪੂਰੇ ਖੇਤਰ ਵਿੱਚ ਉੱਨਤ ਦਿਲ ਦੀ ਦੇਖਭਾਲ ਦੀਆਂ ਸਹੂਲਤਾਂ ਉਪਲਬਧ ਕਰਵਾਉਣ ਲਈ ਵਚਨਬੱਧ ਹਾਂ। ਤਜਰਬੇਕਾਰ ਮਾਹਰ ਟੀਮਾਂ, ਅਤਿ-ਆਧੁਨਿਕ ਤਕਨਾਲੋਜੀ ਅਤੇ ਮਜ਼ਬੂਤ ਬਹੁ-ਵਿਸ਼ੇਸ਼ ਦ੍ਰਿਸ਼ਟੀਕੋਣ ਨਾਲ ਲਿਵਾਸਾ ਹਸਪਤਾਲ ਜਟਿਲ ਅਤੇ ਉੱਚ-ਜੋਖਮ ਵਾਲੇ ਦਿਲ ਦੇ ਮਾਮਲਿਆਂ ਦਾ ਇਲਾਜ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਹੈ।

# ਝੋਨੇ ਅਤੇ ਬਾਸਮਤੀ ਦੇ ਕੀੜੇ-ਮਕੌੜਿਆਂ ਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਲਗਾਇਆ ਪਿੰਡ ਘਨੌਰ ਕਲਾਂ ਵਿਖੇ ਜਾਗਰੂਕਤਾ ਕੈਂਪ

ਧੂਰੀ, 18 ਅਗਸਤ (ਪੈਗਾਮ-ਏ-ਜਗਤ)



ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਜਾਗਰੂਕਤਾ ਕੈਂਪਾਂ ਦੀ ਲੜੀ ਨੂੰ ਜਾਰੀ ਰੱਖਦਿਆਂ ਪੀ.ਏ.ਯੂ.-ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਵੱਲੋਂ ਪਿੰਡ ਘਨੌਰ ਕਲਾਂ ਵਿਖੇ ਝੋਨੇ ਅਤੇ ਬਾਸਮਤੀ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਸਬੰਧੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਕੇਂਦਰ ਦੇ ਇੰਚਾਰਜ ਡਾ. ਅਸ਼ੋਕ ਕੁਮਾਰ ਗਰਗ, ਸੀਨੀਅਰ ਪਸਾਰ ਵਿਗਿਆਨੀ ਨੇ ਕਿਸਾਨਾਂ ਨੂੰ ਝੋਨੇ ਅਤੇ ਬਾਸਮਤੀ ਵਿੱਚ ਆਉਣ ਵਾਲੇ ਮੁੱਖ ਕੀੜੇ-ਮਕੌੜਿਆਂ, ਜਿਵੇਂ ਤਣੇ ਦੇ ਗੰਡੂਏ ਅਤੇ ਪੱਤਾ ਲਪੇਟ ਸੁੰਡੀ, ਦੀ ਪਛਾਣ ਅਤੇ ਪ੍ਰਭਾਵਸ਼ਾਲੀ ਰੋਕਥਾਮ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਕੀਟਨਾਸ਼ਕਾਂ ਦਾ ਛਿੜਕਾਅ ਕੇਵਲ ਉਸ ਸਮੇਂ ਹੀ ਕੀਤਾ ਜਾਵੇ ਜਦੋਂ ਕੀੜੇ ਦੀ ਗਿਣਤੀ ਆਰਥਿਕ ਨੁਕਸਾਨ ਪੱਧਰ ਤੋਂ ਵੱਧ ਹੋਵੇ। ਇਸ ਨਾਲ ਬੇਲੋੜੇ ਕੀਟਨਾਸ਼ਕਾਂ ਦੀ ਵਰਤੋਂ, ਖਰਚੇ ਅਤੇ ਵਾਤਾਵਰਨ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਘਟਾਇਆ ਜਾ ਸਕਦਾ ਹੈ। ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ ਉਨ੍ਹਾਂ ਦੱਸਿਆ ਕਿ ਫ਼ਸਲ ਦੇ ਨਿਸਰਨ ਤੋਂ ਪਹਿਲਾਂ, ਜੇਕਰ ਇਸ ਕੀੜੇ ਦਾ ਹਮਲਾ ਨਜ਼ਰ ਆਵੇ ਤਾਂ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਨੂੰ ਫ਼ਸਲ ਦੇ ਉੱਪਰਲੇ ਹਿੱਸੇ 'ਤੇ ਦੋ ਵਾਰ ਫੇਰਨਾ ਇੱਕ ਪ੍ਰਭਾਵਸ਼ਾਲੀ ਅਤੇ ਸਸਤਾ ਤਰੀਕਾ ਹੈ। ਹਾਲਾਂਕਿ, ਰੱਸੀ ਫੇਰਨ ਸਮੇਂ ਖੇਤ ਵਿੱਚ ਪਾਣੀ ਖੜ੍ਹਾ ਹੋਣਾ ਜ਼ਰੂਰੀ ਹੈ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਪੀ.ਏ.ਯੂ. ਵੱਲੋਂ ਸਿਫਾਰਸ਼ ਕੀਤੇ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਬਿਮਾਰੀਆਂ ਤੋਂ ਬਚਾਅ ਲਈ ਕਿਸਾਨਾਂ ਨੂੰ ਯੂਰੀਏ ਦੀ ਬੇਲੋੜੀ ਅਤੇ ਵੱਧ ਵਰਤੋਂ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਗਈ। ਉਨ੍ਹਾਂ ਝੋਨੇ ਦੇ ਬੌਣੇਪਣ ਵਾਲੇ ਵਿਸ਼ਾਣੂ ਰੋਗ ਬਾਰੇ ਵੀ ਕਿਸਾਨਾਂ ਨੂੰ ਸੁਚੇਤ ਕੀਤਾ, ਜੋ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ। ਇਸ ਲਈ ਖੇਤਾਂ ਦੀ ਨਿਯਮਤ ਨਿਗਰਾਨੀ ਕਰਨ ਅਤੇ ਕੀੜੇ ਦੀ ਮੌਜੂਦਗੀ ਪਤਾ ਲੱਗਣ 'ਤੇ ਪੀ.ਏ.ਯੂ. ਵੱਲੋਂ ਸਿਫਾਰਸ਼ ਕੀਤੇ ਕੀਟਨਾਸ਼ਕਾਂ, ਜਿਵੇਂ ਪੈਕਸਾਲੋਨ, ਚੈੱਸ ਅਤੇ ਉਲਾਲਾ ਆਦਿ ਦੀ ਵਰਤੋਂ ਕਰਨ ਬਾਰੇ ਜਾਣਕਾਰੀ ਦਿੱਤੀ ਗਈ। ਡਾ. ਗਰਗ ਨੇ ਝੋਨੇ ਵਿੱਚ ਫੋਕ ਦੀ ਸਮੱਸਿਆ ਨੂੰ ਘਟਾਉਣ ਲਈ ਪੋਟਾਸ਼ੀਅਮ ਨਾਈਟ੍ਰੇਟ ਦੀ ਵਰਤੋਂ ਬਾਰੇ ਵੀ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਲੋੜ ਅਨੁਸਾਰ ਗੋਭ 'ਤੇ 1.5 ਫ਼ੀਸਦੀ ਪੋਟਾਸ਼ੀਅਮ ਨਾਈਟ੍ਰੇਟ ਦਾ ਛਿੜਕਾਅ ਕੀਤਾ ਜਾ ਸਕਦਾ ਹੈ। ਝੰਡਾ ਰੋਗ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਉੱਲੀ ਨਾਲ ਹੋਣ ਵਾਲੀ ਬਿਮਾਰੀ ਹੈ, ਜਿਸ ਨਾਲ ਪ੍ਰਭਾਵਿਤ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਥੱਲੇ ਤੋਂ ਉੱਪਰ ਵੱਲ ਮੁਰਝਾ ਕੇ ਸੁੱਕਣ ਲੱਗ ਪੈਂਦੇ ਹਨ। ਬਿਮਾਰੀ ਵਾਲੇ ਬੂਟੇ ਆਮ ਬੂਟਿਆਂ ਨਾਲੋਂ ਉੱਚੇ ਹੁੰਦੇ ਹਨ ਅਤੇ ਜ਼ਮੀਨ ਤੋਂ ਉੱਪਰਲੀਆਂ ਪੋਰੀਆਂ ਤੋਂ ਜੜ੍ਹਾਂ ਵੀ ਬਣਾ ਲੈਂਦੇ ਹਨ। ਉਨ੍ਹਾਂ ਸਲਾਹ ਦਿੱਤੀ ਕਿ ਅਜਿਹੇ ਬੂਟਿਆਂ ਨੂੰ ਪਨੀਰੀ ਅਤੇ ਮੁੱਖ ਫ਼ਸਲ ਵਿੱਚੋਂ ਪੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ ਤਾਂ ਜੋ ਬਿਮਾਰੀ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਇਸ ਮੌਕੇ ਕਿਸਾਨਾਂ ਨੂੰ ਸਤੰਬਰ ਮਹੀਨੇ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਲਗਾਏ ਜਾ ਰਹੇ ਕਿਸਾਨ ਮੇਲਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਇਨ੍ਹਾਂ ਮੇਲਿਆਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਇਸ ਤੋਂ ਇਲਾਵਾ ਪੇਂਡੂ ਬੱਚਿਆਂ ਲਈ ਯੂਨੀਵਰਸਿਟੀ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਕੋਰਸਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ।

ਕੈਂਪ ਲਗਾਉਣ ਵਿੱਚ ਪਿੰਡ ਦੇ ਸ. ਅਮਰੀਕ ਸਿੰਘ, ਮੁਖਤਿਆਰ ਸਿੰਘ, ਗੁਰਮੀਤ ਸਿੰਘ, ਪਰਦੀਪ ਸਿੰਘ ਅਤੇ ਹੋਰ ਕਿਸਾਨਾਂ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਕੈਂਪ ਦੌਰਾਨ ਕਿਸਾਨਾਂ ਲਈ ਪਸ਼ੂਆਂ ਵਾਸਤੇ ਧਾਤਾਂ ਦੇ ਚੂਰੇ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤੀ ਸਾਹਿਤ ਦੀ ਵਿਕਰੀ ਵੀ ਕੀਤੀ ਗਈ।

## ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ 20 ਅਗਸਤ ਨੂੰ ਸੰਗਰੂਰ ਜ਼ਿਲ੍ਹੇ ਵਿੱਚ ਸਥਾਨਕ ਛੁੱਟੀ

ਸੰਗਰੂਰ, 19 ਅਗਸਤ (ਪੈਗਾਮ-ਏ-ਜਗਤ)

ਡਿਪਟੀ ਕਮਿਸ਼ਨਰ, ਸ਼੍ਰੀਮਤੀ ਪੂਨਮਦੀਪ ਕੌਰ ਵੱਲੋਂ ਹੁਕਮ ਜਾਰੀ ਕੀਤੇ ਗਏ ਹਨ ਕਿ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ 20 ਅਗਸਤ 2026, ਦਿਨ ਵੀਰਵਾਰ ਨੂੰ ਸੰਗਰੂਰ ਜ਼ਿਲ੍ਹੇ ਵਿੱਚ ਸਥਾਨਕ ਛੁੱਟੀ ਰਹੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਲੌਂਗੋਵਾਲ ਵਿਖੇ ਵੱਡੀ ਗਿਣਤੀ ਵਿੱਚ ਲੋਕ ਪਹੁੰਚ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ। ਇਸ ਦੇ ਮੱਦੇਨਜ਼ਰ ਜ਼ਿਲ੍ਹਾ ਸੰਗਰੂਰ ਦੇ ਸਮੂਹ ਸਰਕਾਰੀ ਅਤੇ ਅਰਧ-ਸਰਕਾਰੀ ਦਫ਼ਤਰਾਂ ਸਮੇਤ ਸਮੂਹ ਵਿਦਿਅਕ ਅਦਾਰਿਆਂ, ਸਰਕਾਰੀ ਅਤੇ ਗੈਰ-ਸਰਕਾਰੀ, ਵਿੱਚ 20 ਅਗਸਤ 2026 ਨੂੰ ਸਥਾਨਕ ਛੁੱਟੀ ਐਲਾਨੀ ਗਈ ਹੈ। ਇਹ ਹੁਕਮ ਉਨ੍ਹਾਂ ਸਕੂਲਾਂ ਅਤੇ ਕਾਲਜਾਂ 'ਤੇ ਲਾਗੂ ਨਹੀਂ ਹੋਵੇਗਾ, ਜਿੱਥੇ 20 ਅਗਸਤ ਨੂੰ ਬੋਰਡ ਜਾਂ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ/ ਪ੍ਰੈਕਟੀਕਲ ਪ੍ਰੀਖਿਆਵਾਂ ਹੋਣੀਆਂ ਨਿਰਧਾਰਤ ਹਨ।

## ਥਾਣਾ ਮਮਦੋਟ ਦੀ ਪੁਲਿਸ ਵੱਲੋਂ ਹੈਰੋਇਨ, ਆਈਸ ਅਤੇ ਨਜਾਇਜ਼ ਅਸਲੇ ਸਮੇਤ ਦੋ ਵਿਅਕਤੀਆਂ ਨੂੰ ਕੀਤਾ ਗਿਆ ਕਾਬੂ

ਮਮਦੋਟ, 19 ਅਗਸਤ (ਪੈਗਾਮ-ਏ-ਜਗਤ)

ਥਾਣਾ ਮਮਦੋਟ ਦੀ ਪੁਲਿਸ ਵੱਲੋਂ ਨਸ਼ਾ ਅਤੇ ਅਸਲੇ ਦੇ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤੇ ਜਾਣ ਦੀ ਖਬਰ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ ਐਸ ਆਈ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਜਦ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਮਮਦੋਟ ਫਿਰੋਜ਼ਪੁਰ ਰੋਡ ਪਰ ਸਾਧਾ ਸੁਲਤਾਨੀਆ ਦੇ ਡੇਰੇ ਪਾਸ ਪੁੱਜੀ ਤਾਂ ਇੱਕ ਕਰੇਟਾ ਗੱਡੀ ਨੰਬਰੀ PB 22 X 4508 ਰੰਗ ਚਿੱਟਾ ਆਉਂਦੀ ਦਿਖਾਈ ਦਿੱਤੀ ਜਿਸਨੂੰ ਉਹਨਾਂ ਵੱਲੋਂ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕੀਤਾ ਗਿਆ। ਜਿਨਾਂ ਦੀ ਪਹਿਚਾਣ 1 ਸਾਹਿਲ ਕੰਬੋਜ ਪੁੱਤਰ ਬਲਵੀਰ ਚੰਦ,2 ਗਗਨਦੀਪ ਸਿੰਘ ਉਰਫ ਗੱਗੀ ਪੁੱਤਰ ਜੁਪਿੰਦਰ ਸਿੰਘ ਵਾਸੀਆਨ ਜਲਾਲਾਬਾਦ ਥਾਣਾ ਸਿਟੀ ਜਲਾਲਾਬਾਦ ਅਤੇ ਜਿਨਾਂ ਪਾਸੋ 101.64 ਗ੍ਰਾਮ ਹੈਰੋਇਨ, 12.54 ਗ੍ਰਾਮ ਆਈਸ, 1 ਦੇਸੀ ਕੱਟਾ 315 ਬੋਰ,1 ਪਿਸਟਲ ਮਾਰਕਾ NORINCOCAL.30 BORE MADE AS CHINA, 2 ਮੈਗਜ਼ੀਨ ਪਿਸਟਲ ਅਤੇ 2 ਜਿੰਦਾ ਰੌਂਦ ,1 ਕੰਪਿਊਟਰ ,1 ਗੱਡੀ ਕਰੇਟਾ PB 22 X 4508 ਰੰਗ ਚਿੱਟਾ ਬਰਾਮਦ ਕੀਤੀ ਗਈ ਹੈ। ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਅਤੇ ਅਗਲੇਰੀ ਕਾਰਵਾਈ ਜਾਰੀ ਹੈ।

# ਕਸਤੂਰਬਾ ਗਾਂਧੀ ਸਕੂਲ ਖਾਈ ਵਿੱਚ ਵਿਦਿਆਰਥਣਾਂ ਦੇ ਹੋਸਟਲ ਲਈ ਸਰਵ ਸਮਾਜ ਸਭਾ ਨੇ ਭੇਟ ਕੀਤੇ 25 ਗੱਦੇ

ਪੈਗਾਮ-ਏ-ਜਗਤ
ਰਤੀਆ, 19 ਅਗਸਤ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)



ਸਰਵ ਸਮਾਜ ਸਭਾ ਰਤੀਆ ਵੱਲੋਂ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ ਖਾਈ ਵਿੱਚ ਵਿਦਿਆਰਥਣਾਂ ਦੇ ਹੋਸਟਲ ਲਈ 25 ਗੱਦੇ ਭੇਟ ਕਰਨ ਅਤੇ ਬੂਟੇ ਲਗਾਉਣ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਸਤਪਾਲ ਜਿੰਦਲ ਨੇ ਕੀਤੀ। ਇਸ ਮੌਕੇ ਸੀਨੀਅਰ ਉਪ ਪ੍ਰਧਾਨ ਕੈਪਟਨ ਜਗਜੀਤ ਸਿੰਘ, ਬਲਿੰਦਰ ਸ਼ਰਮਾ, ਜਨਰਲ ਸਕੱਤਰ ਡਾ. ਨਾਇਬ ਸਿੰਘ ਮੰਡੇਰ ਸਣੇ ਸਭਾ ਦੇ ਕਈ ਮੈਂਬਰਾਂ ਨੇ ਸ਼ਿਰਕਤ ਕੀਤੀ। ਵਿਦਿਆਲੇ ਦੇ ਪ੍ਰਿੰਸੀਪਲ ਅਬਨੀਸ਼ ਗਰਗ, ਵਾਰਡਨ ਮਹੇਸ਼ੀ, ਲੈਕਚਰਾਰ ਚਰਨਜੀਤ ਸਿੰਘ ਸਣੇ ਸਟਾਫ ਮੈਂਬਰਾਂ ਨੇ ਸਭਾ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਸਵਾਗਤ ਕੀਤਾ। ਪ੍ਰੋਗਰਾਮ ਦੌਰਾਨ ਸਭਾ ਮੈਂਬਰਾਂ ਨੇ ਬੂਟੇ ਲਗਾ ਕੇ ਵਾਤਾਵਰਨ

ਕੈਪਟਨ ਜਗਜੀਤ ਸਿੰਘ ਅਤੇ ਐਡਵੋਕੇਟ ਬਲਿੰਦਰ ਸ਼ਰਮਾ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੀਵਨ ਵਿੱਚ ਟੀਚਾ ਨਿਰਧਾਰਤ ਕਰਕੇ ਮਿਸ਼ਨ ਦੇ ਰੂਪ ਵਿੱਚ ਪੜ੍ਹਾਈ ਕਰਨੀ ਚਾਹੀਦੀ ਹੈ ਅਤੇ ਆਪਣੇ ਵਿਦਿਆਲੇ, ਪਰਿਵਾਰ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਧੀਆਂ ਫੌਜ, ਪ੍ਰਸ਼ਾਸਨ ਅਤੇ ਸਿਵਲ ਸੇਵਾਵਾਂ ਸਣੇ ਵੱਖ-ਵੱਖ ਖੇਤਰਾਂ ਵਿੱਚ ਉੱਚ ਅਹੁਦਿਆਂ 'ਤੇ ਪਹੁੰਚ ਕੇ ਦੇਸ਼ ਦਾ ਮਾਣ ਵਧਾ ਰਹੀਆਂ ਹਨ। ਸਭਾ ਦੇ ਜਨਰਲ ਸਕੱਤਰ ਡਾ. ਜਾਣਕਾਰੀ ਦਿੰਦਿਆਂ ਦੱਸਿਆ ਕਿ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ ਖਾਈ ਦੇ ਹੋਸਟਲ ਵਿੱਚ ਲਗਭਗ 140 ਵਿਦਿਆਰਥਣਾਂ ਰਹਿ ਕੇ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਦਿਆਰਥਣਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਸਮੇਂ-ਸਮੇਂ 'ਤੇ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਸਹਿਯੋਗ ਪ੍ਰਦਾਨ ਕਰ ਰਹੀਆਂ ਹਨ, ਜੋ ਸ਼ਲਾਘਾਯੋਗ ਪਹਿਲ ਹੈ।

ਇਸ ਮੌਕੇ ਸਰਵ ਸਮਾਜ ਸਭਾ ਵੱਲੋਂ ਵਿਦਿਆਰਥਣਾਂ ਦੇ ਹੋਸਟਲ ਲਈ 25 ਗੱਦੇ ਵਿਦਿਆਲੇ ਨੂੰ ਭੇਟ ਕਿਹਾ ਕਿ ਸਮਾਜ ਦੀਆਂ ਧੀਆਂ ਦੀ ਸਿੱਖਿਆ ਅਤੇ ਸਹੂਲਤਾਂ ਲਈ ਸਹਿਯੋਗ ਦਾ ਇਹ ਸਿਲਸਿਲਾ ਅੱਗੇ ਵੀ ਜਾਰੀ ਰਹੇਗਾ। ਵਿਦਿਆਲੇ ਦੇ ਪ੍ਰਿੰਸੀਪਲ ਅਬਨੀਸ਼ ਗਰਗ ਨੇ ਸਰਵ ਸਮਾਜ ਸਭਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਵੱਲੋਂ ਵਿਦਿਆਲੇ ਦੀਆਂ ਲੋੜਾਂ ਵਿੱਚ ਸਹਿਯੋਗ ਕਰਨਾ ਵਿਦਿਆਰਥਣਾਂ ਲਈ ਬਹੁਤ ਲਾਭਦਾਇਕ ਹੈ। ਪ੍ਰੋਗਰਾਮ ਤੋਂ ਬਾਅਦ ਵਾਰਡਨ ਮਹੇਸ਼ੀ ਨੇ ਸਭਾ ਮੈਂਬਰਾਂ ਨੂੰ ਹੋਸਟਲ ਦਾ ਦੌਰਾ ਕਰਵਾਇਆ।

ਮੈਂਬਰਾਂ ਨੇ ਹੋਸਟਲ ਦੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਜਗਜੀਤ ਸਿੰਘ ਢਿੱਲੋਂ, ਰਣਧੀਰ ਮੌਲੀਆ, ਡਾ. ਸੁਨੀਲ ਇੰਦੋਰਾ, ਰਾਜਪਾਲ ਗਰੋਵਰ, ਬਿੰਨਾ ਜਿੰਦਲ, ਸੁਰਿੰਦਰ ਗਰਗ, ਇਕਬਾਲ ਸਿੰਘ, ਧਰਮਪਾਲ ਸ਼ਰਮਾ, ਕੁਲਦੀਪ ਸਿੰਘ ਨੰਗਲ ਸਣੇ ਵਿਦਿਆਲਾ ਸਟਾਫ ਦੇ ਸੋਨੂੰ ਗਰਗ, ਘਣਸ਼ਿਆਮ, ਸੁਨੀਤਾ ਮੋਂਗਾ, ਰੁਪਿੰਦਰ ਕੌਰ, ਸਰਿਤਾ

# ਡੀਸੀ ਡਾ. ਵਿਵੇਕ ਭਾਰਤੀ ਨੇ ਰਤੀਆ ਉਪ ਮੰਡਲ ਦੇ ਮਾਲ ਵਿਭਾਗ ਦੀ ਸਮੀਖਿਆ ਮੀਟਿੰਗ ਵਿੱਚ ਲੰਬਿਤ ਕੰਮਾਂ ਦਾ ਸਮਾਂਬੱਧ ਨਿਪਟਾਰਾ ਯਕੀਨੀ ਬਣਾਉਣ ਦੇ ਦਿੱਤੇ ਨਿਰਦੇਸ਼

ਪੈਗਾਮ-ਏ-ਜਗਤ/ਰਤੀਆ, 19 ਅਗਸਤ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)



ਡੀਸੀ ਡਾ. ਵਿਵੇਕ ਭਾਰਤੀ ਦੀ ਪ੍ਰਧਾਨਗੀ ਹੇਠ ਬੁੱਧਵਾਰ ਨੂੰ ਲਘੂ ਸਕੱਤਰੇਤ ਦੇ ਐਸਡੀਐਮ ਦਫ਼ਤਰ ਵਿੱਚ ਮਾਲ ਵਿਭਾਗ ਨਾਲ ਸਬੰਧਤ ਕੰਮਾਂ ਦੀ ਪ੍ਰਗਤੀ ਦੀ ਸਮੀਖਿਆ ਨੂੰ ਲੈ ਕੇ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਇੰਤਕਾਲ, ਡਿਜੀਟਲ ਫਸਲ ਸਰਵੇ, ਤਤੀਮਾ ਕਟਿੰਗ ਅਤੇ ਮਾਲ ਵਿਭਾਗ ਨਾਲ ਸਬੰਧਤ ਹੋਰ ਲੰਬਿਤ ਕੰਮਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ।

ਡੀਸੀ ਡਾ. ਵਿਵੇਕ ਭਾਰਤੀ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨ ਐਗਰੀ-ਸਟੈਕ ਆਈਡੀ ਬਣਾਉਣ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਲੰਬਿਤ ਅਰਜ਼ੀਆਂ ਦਾ ਤਰਜੀਹ ਦੇ ਆਧਾਰ 'ਤੇ ਨਿਪਟਾਰਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਦਾ ਲਾਭ ਸਮੇਂ 'ਤੇ ਮਿਲ ਸਕੇ, ਇਸ ਲਈ ਉਨ੍ਹਾਂ ਦੀ ਐਗਰੀ-ਸਟੈਕ ਆਈਡੀ ਨਾਲ ਸਬੰਧਤ ਪ੍ਰਕਿਰਿਆ ਵਿੱਚ ਕਿਸੇ ਕਿਸਮ ਦੀ ਬੇਲੋੜੀ ਦੇਰੀ ਨਹੀਂ ਹੋਣੀ ਚਾਹੀਦੀ। ਇੰਤਕਾਲ ਦੇ ਲੰਬਿਤ ਮਾਮਲਿਆਂ 'ਤੇ ਵਿਸ਼ੇਸ਼ ਧਿਆਨ

ਡੀਸੀ ਨੇ ਕਿਹਾ ਕਿ ਸਾਰੇ ਪਟਵਾਰੀਆਂ ਦੇ ਕੰਮ ਦੀ ਪ੍ਰਗਤੀ ਦੀ ਨਿਯਮਤ ਸਮੀਖਿਆ ਹੋਣੀ ਚਾਹੀਦੀ ਹੈ। ਜਿਨ੍ਹਾਂ ਮਾਮਲਿਆਂ ਵਿੱਚ ਬੇਲੋੜੀ ਦੇਰੀ ਹੋ ਰਹੀ ਹੈ, ਉਨ੍ਹਾਂ ਦਾ ਤਰਜੀਹ ਨਾਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ-ਆਪਣੇ ਖੇਤਰ ਵਿੱਚ ਪਟਵਾਰੀਆਂ ਦੇ ਕੰਮ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਕਰਨ ਅਤੇ ਲੋੜ ਪੈਣ 'ਤੇ ਸਬੰਧਤ ਕਰਮਚਾਰੀਆਂ ਨਾਲ ਮੀਟਿੰਗ ਕਰਕੇ ਸਮੱਸਿਆਵਾਂ ਦਾ ਹੱਲ ਕਰਵਾਉਣ।

### ਡਿਜੀਟਲ ਫਸਲ ਸਰਵੇ ਦੀਆਂ ਤਿਆਰੀਆਂ ਦੀ ਸਮੀਖਿਆ

ਇਸ ਦੌਰਾਨ ਡਿਜੀਟਲ ਫਸਲ ਸਰਵੇ ਦੀਆਂ ਤਿਆਰੀਆਂ ਦੀ ਵੀ ਸਮੀਖਿਆ ਕੀਤੀ ਗਈ। ਡੀਸੀ ਨੇ ਨਿਰਦੇਸ਼ ਦਿੱਤੇ ਕਿ ਡਿਜੀਟਲ ਫਸਲ ਸਰਵੇ ਦਾ ਕੰਮ ਨਿਰਧਾਰਤ ਸਮੇਂ ਅਨੁਸਾਰ ਸ਼ੁਰੂ ਕਰਵਾਇਆ ਜਾਵੇ ਅਤੇ ਸਾਰੇ ਸਬੰਧਤ ਕੰਮ ਵਿੱਚ ਜ਼ਿਲ੍ਹਾ ਪੱਧਰ 'ਤੇ ਕਿਸੇ ਕਿਸਮ ਦੀ ਦੇਰੀ ਨਹੀਂ ਹੋਣੀ ਚਾਹੀਦੀ। ਸਬੰਧਤ ਅਧਿਕਾਰੀ ਰੋਜ਼ਾਨਾ ਕੰਮ ਦੀ ਪ੍ਰਗਤੀ ਦੀ ਸਮੀਖਿਆ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਜ਼ਿਲ੍ਹਾ ਪੱਧਰ 'ਤੇ ਨਿਰਧਾਰਤ ਟੀਚੇ ਅਨੁਸਾਰ ਕੰਮ ਅੱਗੇ ਵੱਧ ਰਿਹਾ ਹੈ।

### ਅਧਿਕਾਰੀਆਂ ਨੂੰ ਨਿਯਮਤ ਨਿਗਰਾਨੀ ਦੇ ਨਿਰਦੇਸ਼

ਡੀਸੀ ਡਾ. ਵਿਵੇਕ ਭਾਰਤੀ ਨੇ ਕਿਹਾ ਕਿ ਐਗਰੀ-ਸਟੈਕ ਆਈਡੀ, ਇੰਤਕਾਲ, ਡਿਜੀਟਲ ਫਸਲ ਸਰਵੇ ਅਤੇ ਹੋਰ ਮਾਲ ਕੰਮਾਂ ਦੀ ਨਿਯਮਤ ਆਧਾਰ 'ਤੇ ਨਿਗਰਾਨੀ ਕੀਤੀ ਜਾਵੇ। ਸਬੰਧਤ ਅਧਿਕਾਰੀ ਲੰਬਿਤ ਮਾਮਲਿਆਂ ਦੀ ਸੂਚੀ ਤਿਆਰ ਰੱਖਣ ਅਤੇ ਹਰੇਕ ਮਾਮਲੇ ਦੀ ਸਥਿਤੀ

# ਚੱਬੇਵਾਲ ਹਲਕੇ ਨੂੰ ਮਿਲੇ 5 ਕਰੋੜ ਦੀ ਗ੍ਰਾਂਟ ਦੇ ਗੱਫੇ : ਵਿਧਾਇਕ ਡਾ. ਇਸ਼ਾਂਕ ਕੁਮਾਰ



ਪੈਗ਼ਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

"ਸਾਡੇ ਪਿੰਡਾਂ ਵਿੱਚ ਲੋਕਾਂ ਦੀਆਂ ਰੋਜ਼ਾਨਾ ਲੋੜਾਂ ਨਾਲ ਜੁੜੀਆਂ ਬੁਨਿਆਦੀ ਸਹੂਲਤਾਂ ਅਤੇ ਜਨਤਕ ਸੁਵਿਧਾਵਾਂ ਹੋਣੀਆਂ

**• ਚੱਬੇਵਾਲ ਵਾਸੀਆਂ ਦੀ ਸੇਵਾ ਲਈ ਆਪਣੀ ਵਚਨਬੱਧਤਾ ਦੁਹਰਾਈ**

ਚਾਹੀਦੀਆਂ ਹਨ। ਵਿਕਾਸ ਹਰ ਪਿੰਡ ਤੱਕ ਪਹੁੰਚਣਾ ਚਾਹੀਦਾ ਹੈ ਅਤੇ ਇਹ ਵਿਕਾਸ ਲੋਕਾਂ ਦੀਆਂ ਅਸਲ ਲੋੜਾਂ ਦੇ ਅਨੁਸਾਰ ਹੋਣਾ ਚਾਹੀਦਾ ਹੈ,"ਇਹ ਗੱਲ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਹੁਸ਼ਿਆਰਪੁਰ ਸਥਿਤ ਬੀ.ਡੀ.ਪੀ.ਓ. ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਕਹੀ। ਇਸ ਮੀਟਿੰਗ ਵਿੱਚ ਡੀਡੀਪੀਓ ਸੰਦੀਪ ਸਿੰਘ, ਬੀਡੀਪੀਓ ਮਾਹਿਲਪੁਰ ਕੰਵਲਜੀਤ ਸਿੰਘ, ਬੀਡੀਪੀਓ ਹੁਸ਼ਿਆਰਪੁਰ-2 ਪਲਵਿੰਦਰ ਸਿੰਘ ਵੀ ਸ਼ਾਮਲ ਹੋਏ।

ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਚੱਬੇਵਾਲ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਲਈ ਜਾਰੀ ਕੀਤੀ ਜਾ ਰਹੀ 5 ਕਰੋੜ ਰੁਪਏ ਦੀ ਗ੍ਰਾਂਟ ਸਬੰਧੀ ਬੀ.ਡੀ.ਪੀ.ਓ. ਅਧਿਕਾਰੀਆਂ, ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਹੋਰ ਨੁਮਾਇੰਦਿਆਂ ਨਾਲ ਇਹ ਵਿਸਥਾਰਪੂਰਵਕ ਮੀਟਿੰਗ ਕੀਤੀ। ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਇਸ ਗ੍ਰਾਂਟ ਦੀ ਵਰਤੋਂ ਵੱਖ-ਵੱਖ ਪਿੰਡਾਂ ਦੀਆਂ ਲੋੜਾਂ ਅਤੇ ਤਰਜੀਹਾਂ ਦੇ ਅਨੁਸਾਰ ਵਿਕਾਸ ਕਾਰਜਾਂ ਲਈ ਕੀਤੀ ਜਾਵੇਗੀ। ਇਸ ਤਹਿਤ ਗਲੀਆਂ, ਨਾਲੀਆਂ ਅਤੇ ਸੀਵਰੇਜ, ਸਟੇਡੀਅਮ, ਖੇਡ ਮੈਦਾਨ , ਧਰਮਸ਼ਾਲਾ , ਕਮਿਊਨਿਟੀ ਹਾਲ, ਪਾਰਕ, ਝੂਲੇ, ਓਪਨ ਜਿਮ, ਜਿਮ ਦਾ ਸਾਮਾਨ, ਛੱਪੜਾਂ ਦੀ ਚਾਰਦੀਵਾਰੀ, ਪੁਲੀਆਂ, ਪੀਣ ਵਾਲੇ ਪਾਣੀ ਲਈ ਟਿਊਬਵੈੱਲ ਅਤੇ ਹੋਰ ਜ਼ਰੂਰੀ ਜਨਤਕ ਬੁਨਿਆਦੀ ਢਾਂਚੇ ਨਾਲ ਸਬੰਧਤ ਕੰਮ ਕਰਵਾਏ ਜਾਣਗੇ। ਇਸ ਤੋਂ ਇਲਾਵਾ ਲਾਇਬ੍ਰੇਰੀਆਂ ਅਤੇ ਲੋਕਾਂ ਲਈ ਹੋਰ ਸਾਂਝੀਆਂ ਸਹੂਲਤਾਂ ਨੂੰ ਵੀ ਵਿਕਸਿਤ ਕਰਨ 'ਤੇ ਧਿਆਨ ਦਿੱਤਾ ਜਾਵੇਗਾ।

ਮੀਟਿੰਗ ਦੌਰਾਨ ਵੱਖ-ਵੱਖ ਪਿੰਡਾਂ ਦੇ ਵਿਕਾਸ ਕਾਰਜਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਉਪਲਬਧ ਫੰਡਾਂ ਦੀ ਵਰਤੋਂ ਲੋਕਾਂ ਨੂੰ ਸਿੱਧਾ ਲਾਭ ਪਹੁੰਚਾਉਣ ਵਾਲੇ ਕੰਮਾਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾਵੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਉਨ੍ਹਾਂ ਦੀਆਂ ਮੁੱਖ ਤਰਜੀਹਾਂ ਵਿੱਚੋਂ ਇੱਕ ਹੈ। ਪਾਰਕਾਂ, ਕਮਿਊਨਿਟੀ ਹਾਲਾਂ, ਓਪਨ ਜਿਮਾਂ ਅਤੇ ਖੇਡ ਸਹੂਲਤਾਂ ਵਰਗੇ ਪ੍ਰੋਜੈਕਟ ਪਿੰਡਾਂ ਦੇ ਲੋਕਾਂ ਦੀ ਜੀਵਨ-ਸ਼ੈਲੀ ਅਤੇ ਸਹੂਲਤਾਂ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਦੇ ਹੋਏ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ 5 ਕਰੋੜ ਰੁਪਏ ਦੀ ਇਹ ਗ੍ਰਾਂਟ ਚੱਬੇਵਾਲ ਹਲਕੇ ਦੇ ਪਿੰਡਾਂ ਵਿੱਚ ਚੱਲ ਰਹੇ ਅਤੇ ਪ੍ਰਸਤਾਵਿਤ ਵਿਕਾਸ ਕਾਰਜਾਂ ਨੂੰ ਹੋਰ ਰਫ਼ਤਾਰ ਦੇਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਲੋੜਾਂ ਨੂੰ ਪਹਿਲ ਦੇ ਕੇ ਹਲਕੇ ਵਿੱਚ ਵਿਕਾਸ ਦੀ ਪ੍ਰਕਿਰਿਆ ਨੂੰ ਲਗਾਤਾਰ ਅੱਗੇ ਵਧਾਇਆ ਜਾਵੇਗਾ। ਇਸ ਮੌਕੇ ਡਾ. ਇਸ਼ਾਂਕ ਕੁਮਾਰ ਨੇ ਚੱਬੇਵਾਲ ਹਲਕੇ ਦੇ ਲੋਕਾਂ ਦੀ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਉਹ ਪੂਰੀ ਮਿਹਨਤ, ਸਮਰਪਣ ਅਤੇ ਇਮਾਨਦਾਰੀ ਨਾਲ ਹਲਕੇ ਦੇ ਲੋਕਾਂ ਦੀ ਸੇਵਾ ਕਰਦੇ ਰਹਿਣਗੇ।

# ਰੈੱਡ ਕਰਾਸ ਨਸ਼ਾ ਮੁਕਤੀ ਕੇਂਦਰ ਨਵਾਂਸ਼ਹਿਰ ਵੱਲੋਂ ਸੈਮੀਨਾਰ ਆਯੋਜਿਤ



ਪੈਗ਼ਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਰੈੱਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ , ਧਰਮਸ਼ਾਲਾ ਭੁੱਚਰਾਂ ਨਵਾਂਸ਼ਹਿਰ ਵਲੋਂ ਗੁਰਸੇਵਾ ਗਰੁੱਪ ਆਫ ਨਰਸਿੰਗ ਕਾਲਜ ਪਨਾਮ (ਗੜ੍ਹਸ਼ੰਕਰ) ਵਿਖੇ "ਹਰ ਘਰ ਤਿਰੰਗਾ 2026" ਮੁਹਿੰਮ ਤਹਿਤ ਅਜਾਦੀ ਦਾ ਦਿਹਾੜਾ ਮਨਾਇਆ ਗਿਆ। ਇਸ ਦੀ ਪ੍ਰਧਾਨਗੀ ਡਾ. ਜਸਵੀਰ ਕੌਰ(ਪ੍ਰਿੰਸੀਪਲ) ਨੇ ਕੀਤੀ। ਇਸ ਮੌਕੇ ਤੇ ਸ. ਚਮਨ ਸਿੰਘ, ਪ੍ਰੋਜੈਕਟ ਡਾਇਰੈਕਟਰ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਜੋ ਕਿ 15 ਅਗਸਤ 2020 ਨੂੰ ਸ਼ੁਰੂ ਹੋਈ ਸੀ, ਉਨਾਂ ਦੇ ਅੰਕੜਿਆ ਸਮੇਤ ਜਾਣਕਾਰੀ ਸਾਂਝੀ ਕੀਤੀ ਕਿ ਸਾਡਾ ਜ਼ਿਲ੍ਹਾ ਸਮੇਤ ਪੰਜਾਬ ਇਸ ਵਿੱਚ ਸ਼ਾਮਲ ਹੈ। ਸੋ ਅੱਜ ਦੇਸ਼ ਵਿੱਚ ਸਕੂਲ ਦੇ ਬੱਚਿਆਂ ਅਤੇ ਛੋਟੀ ਉਮਰ ਦੇ ਲੜਕੇ ਅਤੇ ਲੜਕੀਆਂ ਵੀ ਨਸ਼ੇ ਦੀ ਗ੍ਰਿਫਤ ਵਿੱਚ ਆ ਰਹੀਆਂ ਹਨ, ਜਿਨਾਂ ਦੇ ਨਤੀਜੇ ਬਹੁਤ ਹੀ ਭਿਆਨਕ ਆ ਰਹੇ ਹਨ ਕਿਉਂਕਿ ਨਸ਼ੇ ਕਰਨ ਵਾਲੇ ਨੌਜਵਾਨਾਂ ਦੇ ਨਾਲ ਨਾਲ ਉਸ ਦਾ ਪੂਰਾ ਪਰਿਵਾਰ ਅਤੇ ਰਿਸ਼ਤੇਦਾਰ ਵੀ ਪ੍ਰਭਾਵਿਤ ਹੁੰਦੇ ਹਨ, ਇਸ ਨਾਲ ਪਰਿਵਾਰ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਜਾਂਦਾ ਹੈ। ਉਨਾਂ ਨੇ ਸਮੂਹ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਤੁਸੀ ਕਦੇ ਵੀ ਨਸ਼ੀਲੀ ਵਸਤੂ ਦਾ ਸੇਵਨ ਨਹੀਂ ਕਰਨਾ। ਜੇਕਰ ਤੁਹਾਡੀ ਜਿੰਦਗੀ ਵਿੱਚ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ ਤੁਸੀ ਆਪਣੇ ਮਾਤਾ ਪਿਤਾ ਜਾਂ ਅਧਿਆਪਕ ਨਾਲ ਸਾਂਝੀ ਕਰ ਸਕਦੇ ਹੋ। ਰਾਸ਼ਟਰੀ ਗੀਤ ਬੰਦੇ ਮਾਤਰਮ ਦੇ ਗਾਇਨ ਸਮੇਂ ਸਤਿਕਾਰ ਸਹਿਤ ਹਿੱਸਾ ਲਿਆ ।ਇਸ ਮੌਕੇ ਤੇ ਸ੍ਰੀਮਤੀ ਕਮਲਜੀਤ ਕੌਰ, ਕੌਂਸਲਰ ਨੇ ਸੈਂਟਰ ਬਾਰੇ ਜਾਣਕਾਰੀ ਸਾਂਝੀ ਕੀਤੀ ਕਿ ਕੋਈ ਵੀ ਵਿਅਕਤੀ ਜੋ ਨਸ਼ੇ ਦਾ ਆਦੀ ਹੈ, ਉਹ ਆਪਣੀ ਇੱਛਾ ਅਨੁਸਾਰ ਸੈਂਟਰ ਵਿਖੇ ਇੱਕ ਮਹੀਨੇ ਲਈ ਦਾਖਿਲ ਰਹਿ ਕੇ ਆਪਣਾ ਮੁਫਤ ਵਿੱਚ ਇਲਾਜ ਕਰਵਾ ਸਕਦਾ ਹੈ। ਪਰੋਫੈਸਰ ਅਕਸ਼ਿਤਾ ਜੀ ਨੇ ਆਈ ਹੋਈ ਟੀਮ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਨਸ਼ਾ ਮੁਕਤ ਭਾਰਤ ਮੁਹਿੰਮ ਨੂੰ ਸਫਲ ਕਰਨ ਲਈ ਸਹਿਯੋ ਕਰਦੇ ਰਹਿਣਗੇ ਇਸ ਮੌਕੇ ਤੇ ਕਾਲਜ ਦੇ ਸਟਾਫ ਮੈਂਬਰ ਕਵਲਦੀਪ ਕੌਰ, ਕਿਰਨ ਬਾਲਾ, ਨਰਿੰਦਰ ਕੌਰ, ਮਹਿੰਦਰ ਸ਼ਰਮਾਂ , ਜਤਿੰਦਰ ਕੌਰ, ਚਰਨਜੀਤ ਕੌਰ, ਹਰਪ੍ਰੀਤ ਕੌਰ, ਹਰਜੀਤ ਗਿੱਲ ਅਤੇ ਵਿਦਿਆਰਥੀ ਹਾਜਿਰ ਸਨ।

# ਮਹਾਨ ਕੀਰਤਨ ਦਰਬਾਰ ਅਤੇ ਲੜੀਵਾਰ ਗੁਰਮਤਿ ਸਮਾਗਮ ਕਰਵਾਉਣ ਸੰਬੰਧੀ ਹੋਈ ਇਕੱਤਰਤਾ ਦੌਰਾਨ ਜਥੇਬੰਦੀਆਂ ਦਾ ਭਰਵਾਂ ਇਕੱਠ

**• ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੂੰ ਸੌਂਪੀ ਗਈ ਸਮੁੱਚੇ ਕਾਰਜਾਂ ਦੀ ਸਰਪ੍ਰਸਤੀ**



ਪੈਗ਼ਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 557 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਠਵੇਂ ਮਹਾਨ ਕੀਰਤਨ ਦਰਬਾਰ ਕਰਵਾਉਣ ਦੀਆਂ ਤਿਆਰੀਆਂ ਅਰੰਭ ਕਰਨ ਸੰਬੰਧੀ ਇਕ ਬਹੁਤ ਭਰਵੀਂ ਮੀਟਿੰਗ ਸਥਾਨਕ ਗੁਰਦੁਆਰਾ ਗੁਰੂ ਅੰਗਦ ਨਗਰ ਨਵਾਂਸ਼ਹਿਰ ਵਿਖੇ ਹੋਈ ਜਿਸ ਵਿਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਜ਼ਿਲ੍ਹਾ ਹੁਸ਼ਿਆਰਪੁਰ, ਜ਼ਿਲ੍ਹਾ ਲੁਧਿਆਣਾ ਅਤੇ ਜ਼ਿਲ੍ਹਾ ਜਲੰਧਰ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿਚ ਸਮੂਹ ਧਾਰਮਿਕ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਕਰੀਬ ਦੋ ਸੌ ਤੋਂ ਵੱਧ ਨੁਮਾਇੰਦਿਆਂ ਨੇ ਭਾਗ ਲਿਆ।

ਇਸ ਇਕੱਤਰਤਾ ਵਿਚ ਸ਼ਾਮਲ ਹੋਣ ਲਈ ਬਾਬਾ ਸਤਨਾਮ ਸਿੰਘ ਕਿਲਾ ਅਨੰਦਗੜ੍ਹ ਸਾਹਿਬ ਵਾਲੇ ਅਤੇ ਪੰਥ ਦੇ ਪ੍ਰਸਿੱਧ ਵਿਦਵਾਨ ਗਿਆਨੀ ਸਰਬਜੀਤ ਸਿੰਘ ਜੀ ਲੁਧਿਆਣੇ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚੇ ਜਿਨਾਂ ਦਾ ਸਮੁੱਚੀਆਂ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਮੁਤਾਬਕ ਇਸ ਸਾਲ ਦੇ ਤਿੰਨ ਰੋਜ਼ਾ ਕੀਰਤਨ ਦਰਬਾਰ ਮਿਤੀ 14, 15 ਅਤੇ 16 ਨਵੰਬਰ ਨੂੰ ਹਰ ਸਾਲ ਦੀ ਤਰ੍ਹਾਂ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ ਨਵਾਂਸ਼ਹਿਰ ਵਿਖੇਕਰਵਾਏ ਜਾ ਰਹੇ ਹਨ।

ਇਸ ਮੀਟਿੰਗ ਵਿਚ ਜਸਵੀਰ ਸਿੰਘ ਢਿੱਲੋਂ ਮਾਛੀਵਾੜਾ, ਕੁਲਜਿੰਦਰਜੀਤ ਸਿੰਘ ਸੋਢੀ ਬੰਗਾ, ਸੁਖਵੰਤ ਸਿੰਘ ਚੀਮਾ, ਸੁਸਾਇਟੀ ਸਰਪ੍ਰਸਤ ਉੱਤਮ ਸਿੰਘ ਸੇਠੀ, ਉਪ ਮੁੱਖ ਸੇਵਾਦਾਰ ਦੀਦਾਰ ਸਿੰਘ, ਜਗਜੀਤ ਸਿੰਘ ਜਨਰਲ ਸਕੱਤਰ, ਜਗਦੀਪ ਸਿੰਘ ਕੈਸ਼ੀਅਰ, ਪਰਮਿੰਦਰ ਸਿੰਘ ਕੰਵਲ, ਇੰਦਰਜੀਤ ਸਿੰਘ ਬਾਹੜਾ, ਕੁਲਵੰਤ ਕੌਰ ਕੌਂਸਲਰ, ਰਿਤੂ ਬਰਵਾਲ ਕੌਂਸਲਰ, ਗੁਰਜੀਤ ਕੌਰ ਸਰਪੰਚ ਰਾਮਰਾਏਪੁਰ, ਚਰਨ ਸਿੰਘ ਗੋਬਿੰਦਪੁਰ, ਊਧਮ ਸਿੰਘ ਗੋਬਿੰਦਪੁਰ, ਹਰਜਿੰਦਰ ਸਿੰਘ ਅਟਾਰੀ, ਹਰਦੀਪ ਸਿੰਘ ਗੜ੍ਹ ਪਧਾਣਾ, ਰਜਿੰਦਰ ਸਿੰਘ ਚੱਕ ਸਿੰਘਾ, ਸਤਵਿੰਦਰ ਸਿੰਘ ਨੌਰਾ, ਜੋਗਾ ਸਿੰਘ ਐਸਡੀਓ, ਰਵਿੰਦਰ ਸਿੰਘ ਆਈ ਟੀ ਓ ਚੱਕਦਾਨਾ, ਦਿਲਬਾਗ ਸਿੰਘ ਉਸਮਾਨਪੁਰ, ਸਤਨਾਮ ਸਿੰਘ ਰੁੜਕੀ ਖਾਸ, ਰਛਪਾਲ ਸਿੰਘ, ਸੁਰਿੰਦਰ ਸਿੰਘ ਕਰਮ ਲਧਾਣਾ, ਰਾਜਵਿੰਦਰ ਸਿੰਘ ਗੁੱਲਪੁਰ, ਗਿਆਨ ਸਿੰਘ, ਰਾਮ ਪਾਲ ਰਾਏ, ਗੁਰਪਾਲ ਸਿੰਘ, ਜਸਕਰਨ ਸਿੰਘ, ਧਰਮਕੋਟ, ਕਲਵਿੰਦਰ ਸਿੰਘ ਭੀਨ, ਗੁਰਚਰਨ ਸਿੰਘ ਪਾਬਲਾ , ਇੰਦਰਜੀਤ ਸ਼ਰਮਾ, ਬਖਸ਼ੀਸ਼ ਸਿੰਘ ਸੈਣੀ, ਰਣਜੀਤ ਸਿੰਘ ਰੋਪੜ, ਅਤੇ ਵਡੀ ਗਿਣਤੀ ਵਿਚ ਸੰਗਤਾਂ ਵਲੋਂ ਸ਼ਮੂਲੀਅਤ ਕੀਤੀ ਗਈ।

# ਐਨ.ਐਚ.ਐਮ. ਮੁਲਾਜ਼ਮਾਂ ਵੱਲੋਂ ਕੈਬਨਿਟ ਮੰਤਰੀ ਡਾਕਟਰ ਰਵਜੋਤ ਸਿੰਘ ਦੇ ਦਫ਼ਤਰ ਦਾ ਘਿਰਾਓ ਕੀਤਾ, ਮੰਗ ਪੱਤਰ ਦਿੱਤਾ



ਪੈਗ਼ਾਮ-ਏ-ਜਗਤ/ਹੁਸ਼ਿਆਰਪੁਰ
(ਸਤਨਾਮ ਸਿੰਘ ਸਹੂੰਗੜਾ)

ਐਨ.ਐਚ.ਐਮ ਇਮਪਲੋਈ ਯੂਨੀਅਨ ਹੁਸ਼ਿਆਰਪੁਰ ਵੱਲੋਂ ਕੈਬਨਿਟ ਮੰਤਰੀ ਡਾਕਟਰ ਰਵਜੋਤ ਸਿੰਘ ਦੇ ਦਫਤਰ ਦਾ ਘਿਰਾਓ ਕੀਤਾ ਗਿਆ। ਜਿਸ ਦੇ ਤਹਿਤ ਜ਼ਿਲ੍ਹਾ ਪ੍ਰਧਾਨ ਸ਼੍ਰੀਮਤੀ ਨੀਰੂ ਸਰਮਲ ਵੱਲੋਂ ਅਗਵਾਈ ਕਰਦਿਆਂ ਸਿਵਲ ਸਰਜਨ ਦਫਤਰ ਵਿਖੇ ਪੰਜਵੇਂ ਦਿਨ ਲਗਾਤਾਰ ਧਰਨਾ ਲਗਾਇਆ ਗਿਆ ਅਤੇ ਨਾਅਰੇਬਾਜ਼ੀ ਕੀਤੀ ਗਈ।

ਸਰਕਾਰ ਵਿਰੁੱਧ ਰੋਸ ਵੀ ਪ੍ਰਗਟ ਕੀਤਾ ਗਿਆ। ਜ਼ਿਲ੍ਹੇ ਭਰ ਵਿੱਚੋਂ ਲਗਭਗ 100 ਦੇ ਕਰੀਬ ਮੁਲਾਜ਼ਮ ਇਕੱਠੇ ਹੋਏ ਅਤੇ ਸਿਵਲ ਹਸਪਤਾਲ ਹੁਸ਼ਿਆਰਪੁਰ ਤੋਂ ਲੈ ਕੇ ਕੈਬਿਨਟ ਮੰਤਰੀ ਡਾਕਟਰ ਰਵਜੋਤ ਦੇ ਦਫਤਰ ਤੱਕ ਰੋਸ ਮਾਰਚ ਕੀਤਾ ਗਿਆ। ਰੋਸ ਮਾਰਚ ਦੇ ਦੌਰਾਨ ਜਦੋਂ ਐਨ ਐਚ ਐਮ ਮੁਲਾਜ਼ਮ ਡਾਕਟਰ ਰਵਜੋਤ ਦੇ ਦਫਤਰ ਪਹੁੰਚੇ ਤਾਂ ਅੱਗਿਓਂ ਦਫਤਰ ਦੇ ਮੁਲਾਜ਼ਮਾਂ ਵੱਲੋਂ ਤਾਲਾ ਲਗਾ ਦਿੱਤਾ ਗਿਆ। ਜਿਸ ਦੇ ਰੋਸ਼ ਵਜੋਂ ਮੁਲਾਜ਼ਮਾਂ ਨੇ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਵਿਰੋਧ ਪ੍ਰਦਰਸ਼ਨ ਕੀਤਾ। ਇਸ ਮੌਕੇ ਥਾਣਾ ਸਿਟੀ ਤੋਂ ਪੁਲਿਸ ਬੁਲਾਈ ਗਈ, ਪਰ ਮੁਲਾਜ਼ਮਾਂ ਦਾ ਰੋਹ ਇਨਾ ਜ਼ਿਆਦਾ ਸੀ, ਕਿ ਪੁਲਿਸ ਵੀ ਉਹਨਾਂ ਨੂੰ ਰੋਕਣ ਤੋਂ ਨਾਕਾਮ ਰਹੀ। ਦਫਤਰੀ ਸਟਾਫ ਦੁਆਰਾ ਦੱਸਿਆ ਗਿਆ ਕਿ ਕੈਬਨਟ ਮੰਤਰੀ ਇਸ ਵਕਤ ਦਿੱਲੀ ਗਏ ਹੋਏ ਹਨ। ਫਿਰ ਉਹਨਾਂ ਦੀ ਗੈਰਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ ਵੱਲੋਂ ਮੰਗ ਪੱਤਰ ਲਿਆ ਗਿਆ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਸੁਣੀਆਂ ਗਈਆਂ। ਕੈਬਨਿਟ ਮੰਤਰੀ ਦੇ ਪੀ ਏ ਲਵਦੀਪ ਸਿੰਘ ਵੱਲੋਂ ਅਸ਼ਵਾਸਨ ਦਿੱਤਾ ਗਿਆ, ਕਿ ਤੁਹਾਡੀਆਂ ਮੰਗਾਂ ਪਹਿਲ ਦੇ ਅਧਾਰ ਤੇ ਹੱਲ ਕੀਤੀਆਂ ਜਾਣਗੀਆਂ। ਜ਼ਿਲਾ ਪ੍ਰਧਾਨ ਸ੍ਰੀਮਤੀ ਨੀਰੂ ਸਰਮਲ ਵੱਲੋਂ ਦੱਸਿਆ ਗਿਆ ਕਿ ਮੰਗਾਂ ਮੰਨੇ ਜਾਣ ਤੱਕ ਸਿਵਲ ਸਰਜਨ ਦਫਤਰ ਵਿਖੇ ਧਰਨਾ ਪ੍ਰਦਰਸ਼ਨ ਜਾਰੀ ਰਹੇਗਾ। ਇਸ ਮੌਕੇ ਸੁਮੀਤ ਸ਼ਰਮਾ, ਤਰੁਣਜੀਤ ਕੁਮਾਰ, ਮੁਹੰਮਦ ਆਸਿਫ, ਬਿਨੀ ਮਲਹੋਤਰਾ, ਸੰਦੀਪ ਕੁਮਾਰ, ਹਰਮੇਸ਼ ਕੁਮਾਰ, ਧਰਮਪ੍ਰੀਤ ਪਾਲ ਕੌਰ, ਡਾਕਟਰ ਅਰਚਨਾ ਆਦਿ ਹਾਜ਼ਰ ਸਨ।

# ਅਕਾਲੀ ਦਲ ਵਾਰਿਸ ਪੰਜਾਬ ਦੇ ਵਧ ਰਹੇ ਗ੍ਰਾਫ ਕਾਰਨ ਸਾਰੀਆਂ ਪਾਰਟੀਆਂ ਬੁਖਲਾਹਟ 'ਚ : ਜਥੇਦਾਰ ਲਖਵਿੰਦਰ ਸਿੰਘ



ਪੈਗ਼ਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ)

ਅਜਨੋਹਾ ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਦੇ ਦਿਨੋਂ ਦਿਨ ਪੰਜਾਬ ਵਿੱਚ ਵਧ ਰਹੇ ਗ੍ਰਾਫ ਕਾਰਨ ਸਾਰੀਆਂ ਪਾਰਟੀਆਂ ਬੁਖਲਾਹਟ ਵਿੱਚ ਆ ਗਈਆਂ ਹਨ, ਇਸ ਕਰਕੇ ਉਹ ਪਾਰਟੀ ਤੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਬਦਨਾਮ ਕਰਨ ਲਈ ਆਪਣਾ ਹਰ ਹਰਬਾ ਵਰਤ ਰਹੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੱਕ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਬਾਤ ਕਰਦਿਆਂ ਜਥੇਦਾਰ ਲਖਵਿੰਦਰ ਸਿੰਘ ਨਡਾਲੋਂ ਨੇ ਕੀਤਾ। ਉਨ੍ਹਾਂ ਕਿਹਾ ਕਿ ਸਾਰੀਆਂ ਪਾਰਟੀਆਂ ਭਾਵੇਂ ਗੁੰਮਰਾਹ ਕਰਨ ਲਈ ਜਿਹੜੇ ਮਰਜ਼ੀ ਹੀਲੇ ਵਰਤ ਲੈਣ ਪਰ ਹੁਣ ਪੰਜਾਬੀ ਇਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਉਣਗੇ ਤੇ ਉਹ ਆਉਣ ਵਾਲੀਆਂ 2027 ਵਿਧਾਨ ਸਭਾ ਚੋਣਾਂ ਵਿੱਚ ਵਾਰਿਸ ਪੰਜਾਬ ਪਾਰਟੀ ਦੇ ਐਮ. ਐੱਲ. ਏ. ਬਹੁਮਤ ਨਾਲ ਜਿਤਾ ਕੇ ਵਿਧਾਨ ਸਭਾ ਵਿਚ ਭੇਜਣਗੇ। ਇਸ ਮੌਕੇ ਭਾਈ ਰਣਜੋਧ ਸਿੰਘ ਨਡਾਲੋਂ, ਅਮਰਜੀਤ ਸਿੰਘ ਖਾਲਸਾ ਜਾਂਗਲੀਆਣਾ,ਧਰਮਿੰਦਰ ਸਿੰਘ ਸੋਨੂੰ ਨਡਾਲੋਂ, ਬਾਬਾ ਜਰਨੈਲ ਸਿੰਘ ਨਡਾਲੋਂ, ਸਰਬਪ੍ਰੀਤ ਸਿੰਘ ਨਡਾਲੋਂ, ਸਤਨਾਮ ਸਿੰਘ ਪੰਜੌੜ, ਗੁਰਚਰਨ ਸਿੰਘ ਪੰਜੌੜ ਆਦਿ ਹਾਜ਼ਰ ਸਨ।

# ਹੁਸ਼ਿਆਰਪੁਰ ਦੀਆਂ ਔਰਤਾਂ ਨੇ ਮਨਾਇਆ ਤੀਆਂ ਦਾ ਤਿਉਹਾਰ



ਪੈਗ਼ਾਮ-ਏ-ਜਗਤ
ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)

ਹੁਸ਼ਿਆਰਪੁਰ ਐਨਕਲੇਵ ਦੀਆਂ ਮਹਿਲਾਵਾਂ ਵੱਲੋਂ ਤੀਆਂ ਦਾ ਤਿਉਹਾਰ ਸਥਾਨਕ ਹੋਟਲ ਵਿੱਚ ਬੜੇ ਉਤਸ਼ਾਹ, ਖੁਸ਼ੀ ਅਤੇ ਰਵਾਇਤੀ ਰੰਗਾਂ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਆਯੋਜਨ ਸਮਾਜ ਸੇਵਿਕਾ ਹਰਵਿੰਦਰ ਖੱਖ ਦੀ ਅਗਵਾਈ ਹੇਠ ਕੀਤਾ ਗਿਆ।

ਜਿਸ ਵਿੱਚ ਵੱਖ-ਵੱਖ ਉਮਰ ਵਰਗ ਦੀਆਂ ਮਹਿਲਾਵਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਘਰੇਲੂ ਕੰਮਕਾਜ ਵਿੱਚ ਰੁੱਝੀਆਂ ਮਹਿਲਾਵਾਂ ਦੇ ਨਾਲ-ਨਾਲ ਸਿੱਖਿਆ, ਪ੍ਰਸ਼ਾਸਨ, ਸਮਾਜ ਸੇਵਾ ਅਤੇ ਹੋਰ ਉੱਚ ਅਹੁਦਿਆਂ 'ਤੇ ਕਾਰਜਰਤ ਮਹਿਲਾਵਾਂ ਨੇ ਵੀ ਹਾਜ਼ਰੀ ਭਰੀ ਅਤੇ ਸਮਾਗਮ ਦੀ ਸ਼ਲਾਘਾ ਕੀਤੀ। ਸਮਾਗਮ ਸਥਲ ਨੂੰ ਪੰਜਾਬੀ ਸੱਭਿਆਚਾਰ ਦੇ ਅਨੁਕੂਲ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ। ਮਹਿਲਾਵਾਂ ਰੰਗ-ਬਿਰੰਗੇ ਪਰੰਪਰਾਗਤ ਪਹਿਰਾਵਿਆਂ ਵਿੱਚ ਪਹੁੰਚੀਆਂ, ਜਿਸ ਨਾਲ ਤੀਜ ਤਿਉਹਾਰ ਦੀ ਰੌਣਕ ਹੋਰ ਵੀ ਵਧ ਗਈ।

ਇਸ ਦੌਰਾਨ ਲੋਕ ਗੀਤਾਂ, ਗਿੱਧੇ, ਸੱਭਿਆਚਾਰਕ ਪੇਸ਼ਕਾਰੀਆਂ ਅਤੇ ਵੱਖ-ਵੱਖ ਮਨੋਰੰਜਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਗੀਦਾਰਾਂ ਨੇ ਪੂਰੇ ਜੋਸ਼ ਨਾਲ ਹਿੱਸਾ ਲਿਆ। ਮਹਿਲਾਵਾਂ ਨੇ ਇੱਕ-ਦੂਜੇ ਨੂੰ ਤੀਜ ਦੀਆਂ ਵਧਾਈਆਂ ਦਿੰਦਿਆਂ ਸਮਾਜਿਕ ਏਕਤਾ ਅਤੇ ਸੱਭਿਆਚਾਰਕ ਵਿਰਾਸਤ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਪ੍ਰਧਾਨ ਅਤੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੀ ਇੰਚਾਰਜ ਮੈਡਮ ਕਰਮਜੀਤ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਗ੍ਰਾਮ ਪੰਚਾਇਤ ਕੱਕੋਂ ਦੀ ਸਰਪੰਚ ਅਨੀਤਾ ਰਾਣੀ ਵੀ ਹਾਜ਼ਰ ਸਨ। ਆਯੋਜਕਾਂ ਵੱਲੋਂ ਦੋਵਾਂ ਮਹਿਮਾਨਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਵਾਗਤ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਮੈਡਮ ਕਰਮਜੀਤ ਕੌਰ ਨੇ ਕਿਹਾ ਕਿ ਤੀਜ ਸਿਰਫ਼ ਇੱਕ ਰਵਾਇਤੀ ਤਿਉਹਾਰ ਨਹੀਂ, ਸਗੋਂ ਮਹਿਲਾਵਾਂ ਦੀ ਸ਼ਕਤੀ, ਆਤਮ-ਵਿਸ਼ਵਾਸ ਅਤੇ ਸਮਾਜਿਕ ਭਾਗੀਦਾਰੀ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਮਹਿਲਾ ਹਰ ਖੇਤਰ ਵਿੱਚ ਆਪਣੀ ਯੋਗਤਾ ਦਾ ਲੋਹਾ ਮਨਵਾ ਰਹੀ ਹੈ ਅਤੇ ਸਮਾਜ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਮਹਿਲਾਵਾਂ ਨੂੰ ਸਿੱਖਿਆ, ਸਵੈ-ਨਿਰਭਰਤਾ ਅਤੇ ਸਮਾਜਿਕ ਜਾਗਰੂਕਤਾ ਅਪਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਸ਼ਕਤ ਮਹਿਲਾ ਹੀ ਸਸ਼ਕਤ ਪਰਿਵਾਰ ਅਤੇ ਸਸ਼ਕਤ ਸਮਾਜ ਦੀ ਨੀਂਹ ਹੁੰਦੀ ਹੈ। ਕਰਮਜੀਤ ਕੌਰ ਨੇ ਕਿਹਾ, "ਮਹਿਲਾਵਾਂ ਅੱਜ ਹਰ ਖੇਤਰ ਵਿੱਚ ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ। ਧੀਆਂ ਨੂੰ ਬਿਹਤਰ ਸਿੱਖਿਆ ਅਤੇ ਮੌਕੇ ਪ੍ਰਦਾਨ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਜਦੋਂ ਮਹਿਲਾਵਾਂ ਸਵੈ-ਨਿਰਭਰ ਬਣਦੀਆਂ ਹਨ ਤਾਂ ਪਰਿਵਾਰ, ਸਮਾਜ ਅਤੇ ਦੇਸ਼ ਸਾਰੇ ਮਜ਼ਬੂਤ ਹੁੰਦੇ ਹਨ।

ਅਜਿਹੇ ਸੱਭਿਆਚਾਰਕ ਸਮਾਗਮ ਮਹਿਲਾਵਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ, ਵਿਚਾਰ ਸਾਂਝੇ ਕਰਨ ਅਤੇ ਸਮਾਜਿਕ ਤੌਰ 'ਤੇ ਸਸ਼ਕਤ ਬਣਨ ਦਾ ਮੌਕਾ ਦਿੰਦੇ ਹਨ।"ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਮਹਿਲਾਵਾਂ ਦੇ ਉੱਥਾਨ ਅਤੇ ਸਸ਼ਕਤੀਕਰਨ ਲਈ ਕਈ ਯੋਜਨਾਵਾਂ ਚਲਾ ਰਹੀ ਹੈ, ਜਿਨ੍ਹਾਂ ਦਾ ਲਾਭ ਹਰ ਮਹਿਲਾ ਤੱਕ ਪਹੁੰਚਣਾ ਚਾਹੀਦਾ ਹੈ। ਇਸ ਮੌਕੇ ਸਰਪੰਚ ਅਨੀਤਾ ਰਾਣੀ ਨੇ ਵੀ ਮਹਿਲਾਵਾਂ ਨੂੰ ਤੀਜ ਦੀਆਂ ਵਧਾਈਆਂ ਦਿੰਦਿਆਂ ਸਮਾਜ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਦੀ ਸਰਾਹਨਾ ਕੀਤੀ।

# ਡੇਰਾ ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ ਸੰਤ ਸਮਾਜ ਨੇ ਕੀਤੀ ਜ਼ਰੂਰੀ ਮੀਟਿੰਗ



ਬੰਗਾ (ਸਤਨਾਮ ਸਿੰਘ ਸਹੂੰਗੜਾ)

ਡੇਰਾ ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਮੀਟਿੰਗ ਹੋਈ। ਜਿਸ ਵਿਚ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੇ ਸੰਤ ਮਹਾਂਪੁਰਸ਼ ਅਤੇ ਡੇਰੇ ਸਨਮਾਨਯੋਗ ਅਤੇ ਸਤਿਕਾਰਯੋਗ ਹੁੰਦੇ ਹਨ।

ਸਾਨੂੰ ਸਾਰਿਆਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪਿਛਲੇ ਦਿਨੀ ਇੱਕ ਧਰਮੀ ਸਮਾਗਮ ਵਿੱਚ ਪ੍ਰਵਚਨਾਂ ਦੌਰਾਨ ਸਭਾ ਦੇ ਕੈਸ਼ੀਅਰ ਸੰਤ ਜਸਵਿੰਦਰ ਸਿੰਘ ਡਾਂਡੀਆਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸਤਿਕਾਰ ਦੀ ਗੱਲ ਕਹੀ ਸੀ। ਸਾਰਾ ਸੰਤ ਸਮਾਜ ਸਨਮਾਨਯੋਗ ਅਤੇ ਇੱਕਜੁਟ ਹੈ। ਸੁਸਾਇਟੀ ਦੇ ਚੇਅਰਮੈਨ ਸੰਤ ਮਹਿੰਦਰਪਾਲ ਪੰਡਵਾਂ ਚੇਅਰਮੈਨ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਦਿਹਾੜਾ ਆ ਰਿਹਾ ਹੈ। ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਕਰਨੀਆਂ ਚਾਹੀਦੀਆਂ ਹਨ, ਉਪਰੰਤ ਉਹਨਾਂ ਮੀਟਿੰਗ ਵਿੱਚ ਆਉਣ ਤੇ ਸਾਰਿਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਚੇਅਰਮੈਨ ਸੰਤ ਮਹਿੰਦਰਪਾਲ ਪੰਡਵਾਂ, ਪੰਜਾਬ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ, ਸੈਕਟਰੀ ਸੰਤ ਨਿਰਮਲ ਦਾਸ ਅਵਾਦਾਨ, ਕੈਸ਼ੀਅਰ ਸੰਤ ਜਸਵਿੰਦਰ ਸਿੰਘ ਸੱਚਖੰਡ ਡਾਂਡੀਆਂ, ਸੰਤ ਸਤਨਾਮ ਦਾਸ ਰੱਜਰ ਮਹਿਦੂਦ, ਸੰਤ ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋਂ ਦੁਆਬਾ, ਸੰਤ ਜਸਵਿੰਦਰ ਦਾਸ ਪੰਡਵਾਂ, ਸੰਤ ਹਾਕਮ ਦਾਸ ਸੰਧਵਾਂ, ਸੰਤ ਆਤਮਾ ਦਾਸ ਅੱਪਰਾ, ਸੰਤ ਬਲਵੀਰ ਦਾਸ ਸਾਹਰੀ, ਸੰਤ ਹਰਜਿੰਦਰ ਪਾਲ, ਸੰਤ ਗੁਰਮੀਤ ਰਾਮ ਹਾਜੀਪੁਰ, ਸੰਤ ਸਤਨਾਮ ਸਿੰਘ ਨਰੂੜ, ਸੰਤ ਟਹਿਲ ਨਾਥ ਨੰਗਲ ਖੇੜਾ, ਸੰਤ ਗੰਗੋਤਰੀ ਦਾਸ ਫਗਵਾੜਾ, ਜੱਥੇਦਾਰ ਸਰੂਪ ਸਿੰਘ ਖਲਵਾੜਾ, ਰੋਸ਼ਨ ਸੈਂਪਲੇ ਜਲੰਧਰ, ਦੇਸ਼ ਰਾਜ ਚੱਕ ਗੁਰੂ, ਬਿਹਾਰੀ ਲਾਲ ਨੰਗਲ ਭਾਖੜਾ, ਸੋਮ ਨਾਥ ਗੜ੍ਹਸ਼ੰਕਰ, ਮਦਨ ਲਾਲ ਰੰਧਾਵਾ, ਬੀਬੀ ਹਰਦੀਪ ਕੌਰ ਮੋਰੋਂ, ਮਹੰਤ ਕੇਸਵਾ ਨੰਦ ਕੁੱਕੜਾਂ, ਸੰਤ ਸਰੂਪ ਗਿਰ ਰਾਹੋਂ, ਸੰਤ ਮੋਹਨ ਦਾਸ ਲਖਨਪਾਲ, ਸੰਤ ਸੁਖਵਿੰਦਰ ਦਾਸ ਚੱਕ ਕਲਾਲ, ਸੰਤ ਸ਼ਾਮ ਦਾਸ ਭੰਡੇਰਾਂ, ਸੰਤ ਗੁਰਮੀਤ ਦਾਸ, ਸੰਤ ਹਰਵਿੰਦਰ ਲੱਲੀਆਂ, ਸੰਤ ਮਹਿੰਦਰ ਪਾਲ ਬੀਰਮਪੁਰ, ਸੰਤ ਨਿਰਮਲ ਸਿੰਘ ਬਘਾਣਾ, ਸੰਤ ਓਮ ਲਾਲ ਨੂਰਪੁਰ, ਸੰਤ ਪਵਨ ਕੁਮਾਰ ਮਨਰਾਈਆਂ, ਸੰਤ ਕਪੂਰ ਦਾਸ ਜਲੰਧਰ, ਸੰਤ ਬਿਸੰਬਰ ਦਾਸ, ਸੰਤ ਸੁਰਜੀਤ ਦਾਸ ਹਰਿਆਣਾ, ਸੁਰਜੀਤ ਸਿੰਘ ਖੇੜਾ, ਸੰਤ ਗੁਰਬਚਨ ਸਿੰਘ ਤੇ ਜਗਦੀਸ਼ ਸੁਮਨ ਆਦਿ ਹਾਜ਼ਰ ਸਨ।

# ਕੌਮੀ ਇਨਸਾਫ ਮੋਰਚੇ ਦੇ ਸੱਦੇ ਤੇ 21 ਅਗਸਤ ਨੂੰ ਬੰਦ ਦੇ ਸੱਦੇ ਨੂੰ ਪੂਰਨ ਰੂਪ ਵਿੱਚ ਹਮਾਇਤ : ਆਗੂ



ਪੈਗ਼ਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ 15 ਅਗਸਤ ਨੂੰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਲਈ ਕੀਤੇ ਗਏ ਰੋਸ ਪ੍ਰਦਰਸ਼ਨ ਮਗਰੋਂ ਚੰਡੀਗੜ੍ਹ ਪੁਲਿਸ ਵੱਲੋਂ ਚਾਰ ਵੱਖ-ਵੱਖ ਐਫ ਆਈ ਆਰਾਂ ਦਰਜ ਕਰਨ ਅਤੇ 17 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਕੌਮੀ ਇਨਸਾਫ ਮੋਰਚੇ ਵੱਲੋਂ 21 ਅਗਸਤ ਨੂੰ ਬੰਦ ਦੇ ਸੱਦੇ ਦਾ ਪੂਰਨ ਰੂਪ ਵਿੱਚ ਸਮਰਥਨ ਕਰਦਿਆਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਵੱਖ ਵੱਖ ਧਾਰਮਿਕ ਰਾਜਸੀ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਗੁਰਨਾਮ ਸਿੰਘ ਸਿੰਗੜੀਵਾਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਕਰਨੈਲ ਸਿੰਘ ਲਵਲੀ ਅਕਾਲੀ ਦਲ ਵਾਰਸ ਪੰਜਾਬ ਦੇ,ਅਜੇ ਮੱਲ ਮੁੱਖ ਬੁਲਾਰਾ ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ,ਵਿਕਾਸ ਹੰਸ ਭਗਵਾਨ ਵਾਲਮੀਕ ਧਰਮ ਰਕਸ਼ਾ ਸਮਿਤੀ, ਜਥੇਦਾਰ ਗੁਰਪ੍ਰੀਤ ਸਿੰਘ ਚੀਮਾ ਅਰਬਾਂ ਖਰਬਾਂ ਦਲ ਪੰਥ,ਅਨਿਲ ਕੁਮਾਰ ਬਾਗਾ ਪ੍ਰਧਾਨ ਅੰਬੇਡਕਰ ਸੈਨਾ ਯੂਨੀਅਨ ਪੰਜਾਬ, ਲਾਰਸ ਚੌਧਰੀ ਪ੍ਰਧਾਨ ਕ੍ਰਿਸਚਨ ਨੈਸ਼ਨਲ ਫਰੰਟ ਇੰਡੀਆ, ਬਲਰਾਜ ਸਿੱਧੂ ਰਵਿਦਾਸੀਆ ਧਰਮ ਸੰਗਠਨ, ਹਰਵਿੰਦਰ ਸਿੰਘ ਹੀਰਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈੱਸ ਕਾਨਫਰੰਸ ਕਰਦਿਆਂ ਕੀਤਾ ਇਸ ਸਮੇਂ ਆਗੂਆਂ ਨੇ ਸਾਂਝੇ ਤੌਰ ਤੇ ਮੰਗ ਕਰਦਿਆਂ ਕਿਹਾ ਕਿ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਰਾਜੋਆਣਾ ਭਾਈ ਪਰਮਜੀਤ ਸਿੰਘ ਭਿਓਰਾ ਭਾਈ ਜਗਤਾਰ ਸਿੰਘ ਤਾਰਾ, ਜਗਤਾਰ ਸਿੰਘ ਜੱਗੀ ਜੌਹਲ ਅਤੇ ਹੋਰ ਬੰਦੀ ਸਿੰਘਾਂ ਨੂੰ ਤੁਰੰਤ ਬਣਦੀ ਪੈਰੋਲ ਅਤੇ ਰਿਹਾਈ ਦਿੱਤੀ ਜਾਵੇ ਇਸ ਸਮੇਂ ਆਗੂਆਂ ਨੇ ਕਿਹਾ ਕਿ ਆਪਣੀਆਂ ਜਾਇਜ਼ ਮੰਗਾਂ ਲਈ ਜਮਹੂਰੀ ਢੰਗ ਅਤੇ ਸੰਗਤਾਂ ਨੂੰ ਪਰਚਿਆਂ ਵਿੱਚ ਨਾਮਜ਼ਦ ਕਰਨਾ ਸਰਕਾਰ ਅਤੇ ਪ੍ਰਸ਼ਾਸਨ ਦੀ ਦਮਨਕਾਰੀ ਸੋਚ ਨੂੰ ਦਰਸਾਉਂਦਾ ਹੈ ਕਿ ਪੁਲਿਸ ਵੱਲੋਂ ਲਗਾਏ ਗਏ ਦੋਸ਼ ਅਜੇ ਕੇਵਲ ਦੋਸ਼ ਹਨ, ਅਦਾਲਤ ਵੱਲੋਂ ਸਾਬਤ ਕੀਤਾ ਗਿਆ ਸੱਚ ਨਹੀਂ। ਸਿੱਖਾਂ ਦੇ ਧਾਰਮਿਕ ਕਕਾਰ ਕਿਰਪਾਨ ਨੂੰ ਬਿਨਾਂ ਨਿਰਪੱਖ ਜਾਂਚ ਅਪਰਾਧਿਕ ਹਥਿਆਰ ਵਜੋਂ ਪੇਸ਼ ਕਰਨਾ ਸਿੱਖ ਧਾਰਮਿਕ ਮਰਿਆਦਾ ਅਤੇ ਸੰਵਿਧਾਨਕ ਹੱਕਾਂ ਦਾ ਅਪਮਾਨ ਹੈ ਇਸ ਸਮੇਂ ਆਗੂਆਂ ਨੇ ਸ਼ਹਿਰ ਵਾਸੀਆਂ ਅਤੇ ਪ੍ਰਸ਼ਾਸਨ ਤੋਂ ਪੂਰਨ ਰੂਪ ਵਿੱਚ ਸਹਿਯੋਗ ਦੀ ਮੰਗ ਕੀਤੀ ਇਸ ਸਮੇਂ ਆਗੂਆਂ ਨੇ ਸਾਂਝੇ ਤੌਰ ਤੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ:

-ਚਾਰਾਂ ਐਫਆਈਆਰਾਂ ਨੂੰ ਰੱਦ ਕੀਤਾ ਜਾਵੇ।

-ਨਾਮਜ਼ਦ ਆਗੂਆਂ, ਵਰਕਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ-ਪਰੇਸ਼ਾਨ ਕਰਨਾ ਬੰਦ ਕੀਤਾ ਜਾਵੇ।

-ਸਮੁੱਚੇ ਘਟਨਾਕ੍ਰਮ ਅਤੇ ਪੁਲਿਸ ਕਾਰਵਾਈ ਦੀ ਨਿਰਪੱਖ ਨਿਆਇਕ ਜਾਂਚ ਕਰਵਾਈ ਜਾਵੇ।

ਬੰਦੀ ਸਿੰਘਾਂ ਦੀ ਰਿਹਾਈ ਦੇ ਲੰਮੇ ਸਮੇਂ ਤੋਂ ਲਟਕਦੇ ਮਸਲੇ ਦਾ ਗੱਲਬਾਤ ਰਾਹੀਂ ਤੁਰੰਤ ਹੱਲ ਕੀਤਾ ਜਾਵੇ ਇਸ ਸਮੇਂ ਆਗੂਆਂ ਨੇ ਕਿਹਾ ਕਿ ਜਬਰ, ਗ੍ਰਿਫਤਾਰੀਆਂ ਅਤੇ ਪਰਚੇ ਸਿੱਖ ਕੌਮ ਦੀ ਹੱਕ-ਸੱਚ ਅਤੇ ਇਨਸਾਫ ਲਈ ਉੱਠਦੀ ਆਵਾਜ਼ ਨੂੰ ਦਬਾ ਨਹੀਂ ਸਕਦੇ ਇਸ ਸਮੇਂ ਪ੍ਰਿੰਸੀਪਲ ਗੁਰਨਾਮ ਸਿੰਘ ਜਸਵੀਰ ਸਿੰਘ ਕਾਕਾ ਗੁੱਜਰ, ਸਨੀ ਖੋਸਲਾ, ਕਾਕਾ ਸਰਪੰਚ, ਸ਼ਮੀ ਸਰੋਆ ਅੰਮ੍ਰਿਤਪਾਲ ਸਿੰਘ ਸਨੀ, ਪਰਮਜੀਤ ਸਿੰਘ ਮਿੰਟੂ, ਮਲਕੀਅਤ ਸਿੰਘ ਖਾਲਸਾ ਸੁਖਵਿੰਦਰ ਸਿੰਘ ਟਿੱਬਾ ਸਾਹਿਬ, ਹਰਦੀਪ ਸਿੰਘ ਦੀਪ ਚੱਗਰਾ, ਰਣਜੀਤ ਸਿੰਘ ਸਾਬੀ, ਲਖਵੀਰ ਸਿੰਘ ਲਵੀ, ਮਨਜੀਤ ਸਿੰਘ ਜੰਡਾ, ਮਲਕੀਤ ਸਿੰਘ

# 'ਖੇਡਾਂ ਵਤਨ ਪੰਜਾਬ ਦੀਆਂ 2026' ਸਬੰਧੀ ਮਸ਼ਾਲ 20 ਅਗਸਤ ਨੂੰ ਜ਼ਿਲ੍ਹੇ ਵਿੱਚ ਪੁਜੇਗੀ : ਡਿਪਟੀ ਕਮਿਸ਼ਨਰ



ਪੈਗ਼ਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ 2026' ਸਬੰਧੀ ਮਸ਼ਾਲ ਮਾਰਚ 20 ਅਗਸਤ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਪੁੱਜੇਗੀ । ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਦੀ ਮਸ਼ਾਲ ਦੀ ਆਮਦ ਅਤੇ ਬਲਾਕ ਪੱਧਰ 'ਤੇ ਹੋਣ ਵਾਲੇ ਵੱਖ-ਵੱਖ ਸਮਾਗਮਾਂ ਸਬੰਧੀ ਵਿਭਾਗਾਂ ਦੇ ਅਧਿਕਾਰੀਆਂ ਦੀ ਡਿਊਟੀ ਲਗਾਈ ਅਤੇ ਉਹਨਾਂ ਨੂੰ ਢੁਕਵੇਂ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਮਸ਼ਾਲ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਹੋ ਕੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਪੁੱਜੇਗੀ। ਉਨ੍ਹਾਂ ਦੱਸਿਆ ਕਿ ਇਸ ਮਸ਼ਾਲ ਦਾ ਰਾਤ ਦਾ ਠਹਿਰਾਓ ਵੀ ਐਸ.ਬੀ.ਐਸ ਨਗਰ ਵਿਖੇ ਹੀ ਕੀਤਾ ਜਾਵੇਗਾ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਗਈ ਕਿ ਉਹ ਵੱਧ ਤੋਂ ਵੱਧ ਬੱਚਿਆਂ ਦੀ ਵਿੱਚ ਭਾਗੀਦਾਰੀ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਮਾਗਮਾਂ ਦੌਰਾਨ ਬੱਚਿਆਂ ਦੀ ਸਿਹਤ ਦਾ ਵੀ ਪੂਰਾ ਧਿਆਨ ਰੱਖਿਆ ਜਾਵੇ ਅਤੇ ਬੱਚਿਆਂ ਦੀ ਰਿਫਰੈਸ਼ਮੈਂਟ ਦਾ ਵੀ ਪੂਰਾ ਧਿਆਨ ਰੱਖਿਆ ਜਾਵੇ। ਉਹਨਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਮਸ਼ਾਲ ਦੇ ਨਾਲ ਇੱਕ ਐਂਬੂਲੈਂਸ ਦਾ ਪ੍ਰਬੰਧ ਵੀ ਕੀਤਾ ਜਾਵੇ। ਇਸ ਦੇ ਨਾਲ ਹੀ ਪੀਣ ਵਾਲੇ ਪਾਣੀ ਅਤੇ ਸੁਰੱਖਿਆ ਦੇ ਮੁਕੰਮਲ ਪ੍ਰਬੰਧ ਕੀਤੇ ਜਾਣ।

ਇਸ ਤੋਂ ਇਲਾਵਾ ਪੁਲਿਸ ਵਿਭਾਗ ਨੂੰ ਮਸ਼ਾਲ ਦੇ ਆਗਮਨ ਅਤੇ ਸਮਾਗਮ ਦੌਰਾਨ ਸੁਰੱਖਿਆ ਦੇ

# ਪੰਜਾਬ ਦੀ ਪਵਿੱਤਰ ਧਰਤੀ 'ਤੇ ਭਾਜਪਾ ਦੀ ਫਿਰਕੂ ਸਿਆਸਤ ਲਈ ਕੋਈ ਥਾਂ ਨਹੀਂ: ਐਮ.ਪੀ. ਕੰਗ



ਅੰਧੇਰੀ (ਮਾਜਰੀ)/ਐਸ.ਏ.ਐਸ. ਨਗਰ
19 ਅਗਸਤ (ਪੈਗਾਮ-ਏ-ਜਗਤ)

ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਸ. ਮਾਲਵਿੰਦਰ ਸਿੰਘ ਕੰਗ ਨੇ ਅੱਜ ਕਿਹਾ ਕਿ ਪੰਜਾਬ ਦੀ ਪਵਿੱਤਰ ਧਰਤੀ 'ਤੇ ਭਾਜਪਾ ਦੀ ਫਿਰਕੂ ਸਿਆਸਤ ਲਈ ਕੋਈ ਥਾਂ ਨਹੀਂ ਹੈ, ਕਿਉਂਕਿ ਪੰਜਾਬ ਦੇ ਲੋਕ ਹਮੇਸ਼ਾ ਆਪਸੀ ਭਾਈਚਾਰੇ, ਸਦਭਾਵਨਾ ਅਤੇ ਲੋਕਤੰਤਰਿਕ ਕਦਰਾਂ-ਕੀਮਤਾਂ ਦੇ ਹੱਕ ਵਿੱਚ ਖੜ੍ਹੇ ਰਹੇ ਹਨ।

- ਸਤਿੰਦਰ ਜੈਨ ਦੀ ਗ੍ਰਿਫ਼ਤਾਰੀ ਭਾਜਪਾ ਦਾ ਸਿਰਫ਼ ਸਿਆਸੀ ਸਟੰਟ; ਭਾਜਪਾ ਨੂੰ ਪੰਜਾਬ ਵਿੱਚ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆ ਰਿਹਾ: ਐਮ.ਪੀ.

ਖਰੜ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਦੌਰੇ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਐਮ.ਪੀ. ਕੰਗ ਨੇ ਕਿਹਾ ਕਿ ਭਗਵਾਨ ਸ੍ਰੀ ਰਾਮ ਦੇ ਨਾਮ 'ਤੇ ਸਿਆਸਤ ਕਰਨ ਵਾਲੀ ਭਾਜਪਾ ਅਯੁੱਧਿਆ ਵਿਖੇ ਰਾਮ ਮੰਦਰ ਲਈ ਪ੍ਰਾਪਤ ਦਾਨ ਵਿੱਚ ਕਥਿਤ ਬੇਨਿਯਮੀਆਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਖ਼ਿਲਾਫ਼ ਕੋਈ ਮਿਸਾਲੀ ਕਾਰਵਾਈ ਕਰਨ ਵਿੱਚ ਨਾਕਾਮ ਰਹੀ ਹੈ।

ਅਯੁੱਧਿਆ ਰਾਮ ਮੰਦਰ ਟਰੱਸਟ ਦੇ ਦੋ ਟਰੱਸਟੀਆਂ ਨੂੰ ਵਿਸ਼ੇਸ਼ ਜਾਂਚ ਟੀਮ ਵੱਲੋਂ ਕਲੀਨ ਚਿੱਟ ਦਿੱਤੇ ਜਾਣ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਾਰਵਾਈ ਪਹਿਲਾਂ ਹੀ ਉਮੀਦ ਅਨੁਸਾਰ ਸੀ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਰਾਮ ਭਗਤਾਂ ਦੀ ਆਸਥਾ ਅਤੇ ਸ਼ਰਧਾ ਨਾਲ ਖਿਲਵਾੜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸਮਾਜ ਨੂੰ ਫਿਰਕੂ ਆਧਾਰ 'ਤੇ ਵੰਡਣ ਦੀ ਕਿਸੇ ਵੀ ਕੋਸ਼ਿਸ਼ ਨੂੰ ਕਦੇ ਵੀ ਸਵੀਕਾਰ ਨਹੀਂ ਕਰਨਗੇ।

ਐਮ.ਪੀ. ਕੰਗ ਨੇ ਕਿਹਾ ਕਿ ਭਾਜਪਾ ਵੱਲੋਂ ਪੰਜਾਬ ਦੇ ਇੰਚਾਰਜ ਵਾਰ-ਵਾਰ ਬਦਲੇ ਜਾਣਾ ਵੀ ਇਸ ਗੱਲ ਦਾ ਸੰਕੇਤ ਹੈ ਕਿ ਪਾਰਟੀ ਨੂੰ ਸੂਬੇ ਵਿੱਚ ਆਪਣੀ ਕੋਈ ਸਿਆਸੀ ਜ਼ਮੀਨ ਤਿਆਰ ਹੁੰਦੀ ਨਜ਼ਰ ਨਹੀਂ ਆ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹਮੇਸ਼ਾ ਸਿਹਤਮੰਦ ਲੋਕਤੰਤਰਿਕ ਰਵਾਇਤਾਂ ਦਾ ਸਮਰਥਨ ਕਰਦੇ ਆਏ ਹਨ ਅਤੇ ਮੌਜੂਦਾ ਭਗਵੰਤ ਸਿੰਘ ਮਾਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਹਨ।

ਉਨ੍ਹਾਂ ਕਿਹਾ ਕਿ ਲੋਕ-ਪੱਖੀ ਯੋਜਨਾਵਾਂ, ਪਾਰਦਰਸ਼ੀ ਪ੍ਰਸ਼ਾਸਨ ਅਤੇ ਸਰਬਪੱਖੀ ਵਿਕਾਸ ਭਗਵੰਤ ਸਿੰਘ ਮਾਨ ਸਰਕਾਰ ਦੀਆਂ ਮੁੱਖ ਤਰਜੀਹਾਂ ਹਨ ਅਤੇ ਲੋਕ ਇਨ੍ਹਾਂ ਨੀਤੀਆਂ ਦੀ ਸ਼ਲਾਘਾ ਕਰ ਰਹੇ ਹਨ।

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਤਿੰਦਰ ਜੈਨ ਦੀ ਗ੍ਰਿਫ਼ਤਾਰੀ ਨੂੰ ਭਾਜਪਾ ਦਾ ਮਹਿਜ਼ ਸਿਆਸੀ ਸਟੰਟ ਕਰਾਰ ਦਿੰਦਿਆਂ ਐਮ.ਪੀ. ਕੰਗ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਵੀ ਅਜਿਹੀਆਂ ਗ੍ਰਿਫ਼ਤਾਰੀਆਂ ਦਾ ਨਤੀਜਾ ਸਿਆਸੀ ਬਦਲਾਖੋਰੀ ਅਤੇ ਪਰੇਸ਼ਾਨੀ ਤੋਂ ਇਲਾਵਾ ਕੁਝ ਨਹੀਂ ਨਿਕਲਿਆ। ਉਨ੍ਹਾਂ ਕਿਹਾ ਕਿ ਮੌਜੂਦਾ ਕਾਰਵਾਈ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਸਰਕਾਰ ਦੀ ਚੰਗੀ ਕਾਰਗੁਜ਼ਾਰੀ ਤੋਂ ਭਾਜਪਾ ਦੀ ਘਬਰਾਹਟ ਦਾ ਨਤੀਜਾ ਜਾਪਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ ਪੰਜਾਬ ਦੇ ਲੋਕ ਇਸ ਪਾਰਟੀ 'ਤੇ ਭਰੋਸਾ ਨਹੀਂ ਕਰਨਗੇ।

ਇਸ ਦੌਰਾਨ ਐਮ.ਪੀ. ਕੰਗ ਨੇ ਆਪਣੀ ਐਮ.ਪੀ. ਲੈਡ ਸਕੀਮ ਤਹਿਤ ਅੰਧੇਰੀ ਅਤੇ ਮਿਰਜ਼ਾਪੁਰ ਪਿੰਡਾਂ ਦੇ ਵਸਨੀਕਾਂ ਨੂੰ ਪੀਣ ਵਾਲੇ ਪਾਣੀ ਦੇ ਦੋ ਟੈਂਕਰ ਸੌਂਪੇ। ਇਸ ਤੋਂ ਇਲਾਵਾ ਉਨ੍ਹਾਂ ਭਗਤ ਮਾਜਰਾ, ਬੜੀ ਕਰੌਰਾਂ ਅਤੇ ਨਵਾਂ ਗਾਓਂ ਦੇ ਵਾਰਡ ਨੰਬਰ 7 ਵਿਖੇ ਤਿੰਨ ਓਪਨ ਜਿੰਮਾਂ ਦਾ ਉਦਘਾਟਨ ਵੀ ਕੀਤਾ।

ਉਨ੍ਹਾਂ ਦੱਸਿਆ ਕਿ ਦੋ ਪੀਣ ਵਾਲੇ ਪਾਣੀ ਦੇ ਟੈਂਕਰਾਂ ਅਤੇ ਤਿੰਨ ਓਪਨ ਜਿੰਮਾਂ ਲਈ ਕੁੱਲ 16.75 ਲੱਖ ਰੁਪਏ ਦੀ ਰਾਸ਼ੀ ਐਮ.ਪੀ. ਲੈਡ ਫੰਡ ਵਿੱਚੋਂ ਜਾਰੀ ਕੀਤੀ ਗਈ ਹੈ। ਇਸ ਮੌਕੇ ਸਬੰਧਤ ਪਿੰਡਾਂ ਦੇ ਸਰਪੰਚਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਅਤੇ ਵਰਕਰ ਵੀ ਮੌਜੂਦ ਸਨ।

# ਕੇਂਦਰੀ ਸਿਹਤ ਮੰਤਰਾਲੇ ਦੀ ਟੀਮ ਵੱਲੋਂ ਫ਼ਿਰੋਜ਼ਪੁਰ ਵਿੱਚ ਸਿਹਤ ਸੇਵਾਵਾਂ ਤੇ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਦੀ ਕੀਤੀ ਜਾਵੇਗੀ ਸਮੀਖਿਆ



ਪੈਗਾਮ-ਏ-ਜਗਤ/ਫਿਰੋਜ਼ਪੁਰ
19 ਅਗਸਤ (ਗੁਰਮੇਜ ਸਿੰਘ)

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਭਾਰਤ ਸਰਕਾਰ ਵੱਲੋਂ ਭੇਜੀ ਗਈ ਕੇਂਦਰੀ ਟੀਮ ਵੱਲੋਂ ਅੱਜ ਦਫ਼ਤਰ ਸਿਵਲ ਸਰਜਨ ਦਾ ਦੌਰਾ ਕੀਤਾ ਗਿਆ। ਦੋ ਮੈਂਬਰੀ ਟੀਮ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਭਾਰਤ ਸਰਕਾਰ ਦੀ ਡਿਪਟੀ ਡਾਇਰੈਕਟਰ ਦੀਕਸ਼ਾ ਸਚਦੇਵਾ ਅਤੇ ਜੂਨੀਅਰ ਸਟੈਟੀਕਲ ਅਫ਼ਸਰ ਸ਼੍ਰੇਸ਼ ਕੁਮਾਰ ਮੌਰਿਆ ਨੇ ਦਫ਼ਤਰ ਸਿਵਲ ਸਰਜਨ ਵਿਖੇ ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫ਼ਸਰ, ਮੈਡੀਕਲ ਅਫ਼ਸਰ ਅਤੇ ਪੈਰਾ-ਮੈਡੀਕਲ ਸਟਾਫ ਨਾਲ ਮੀਟਿੰਗ ਕੀਤੀ ਗਈ।

- ਐਸ.ਐਮ.ਓਜ਼ ਅਤੇ ਪੈਰਾ ਮੈਡੀਕਲ ਸਟਾਫ ਨਾਲ ਕੀਤੀ ਮੀਟਿੰਗ

ਡਿਪਟੀ ਡਾਇਰੈਕਟਰ ਦੀਕਸ਼ਾ ਸਚਦੇਵਾ ਨੇ ਦੱਸਿਆ ਕਿ ਟੀਮ ਵਲੋਂ ਗੈਰ ਸੰਚਾਰੀ ਰੋਗ, ਜਨਮ ਅਤੇ ਮੌਤ ਅਤੇ ਆਈ.ਡੀ.ਐਸ.ਪੀ. ਪ੍ਰੋਗਰਾਮਾਂ ਨਾਲ ਸਬੰਧਤ ਪੋਰਟਲਾਂ 'ਤੇ ਦਰਜ ਅੰਕੜਿਆਂ ਦੀ ਨਿਗਰਾਨੀ ਕੀਤੀ ਜਾਵੇਗੀ। ਜ਼ਿਲ੍ਹਾ ਹਸਪਤਾਲ ਅਤੇ ਵੱਖ-ਵੱਖ ਕਮਿਊਨਿਟੀ ਸਿਹਤ ਕੇਂਦਰਾਂ ਵਿਖੇ ਪਹੁੰਚ ਕਰਕੇ ਸਿਹਤ ਸੇਵਾਵਾਂ ਦੀ ਗੁਣਵੱਤਾ, ਮਰੀਜ਼ਾਂ ਨੂੰ ਮਿਲ ਰਹੀਆਂ ਸੇਵਾਵਾਂ, ਰਿਕਾਰਡ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਹਾਸਲ ਕੀਤੀ ਜਾਵੇਗੀ। ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਅਤੇ ਸਿਹਤ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਟੀਮ ਵਲੋਂ ਸੁਝਾਅ ਦਿੱਤੇ ਜਾਣਗੇ। ਇਸ ਮੌਕੇ ਦੀਕਸ਼ਾ ਸਚਦੇਵਾ ਨੇ ਦੱਸਿਆ ਕਿ ਇਹਨਾਂ ਅੰਕੜਿਆਂ ਦੇ ਆਧਾਰ 'ਤੇ ਹੀ ਕੇਂਦਰ ਸਰਕਾਰ ਨੂੰ ਸਿਹਤ ਸੰਬੰਧੀ ਨੀਤੀਆਂ ਬਣਾਉਣ ਵਿੱਚ ਮਦਦ ਮਿਲਦੀ ਹੈ।

ਇਸ ਮੌਕੇ ਸਿਵਲ ਸਰਜਨ ਡਾ. ਮੀਨਾਕਸ਼ੀ ਢੀਂਗਰਾ ਅਤੇ ਡਾ. ਸੁਸ਼ਮਾ ਠੱਕਰ ਸਹਾਇਕ ਸਿਵਲ ਸਰਜਨ ਵੱਲੋਂ ਕੇਂਦਰੀ ਟੀਮ ਨੂੰ ਜ਼ਿਲ੍ਹੇ ਵਿੱਚ ਚੱਲ ਰਹੇ ਗੈਰ ਸੰਚਾਰੀ ਰੋਗ ਪ੍ਰੋਗਰਾਮ, ਜਨਮ ਮੌਤ ਅਤੇ ਆਈ.ਡੀ.ਐਸ.ਪੀ. ਪ੍ਰੋਗਰਾਮਾਂ ਸੰਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਹੋਰ ਸਬੰਧਤ ਕਰਮਚਾਰੀ ਵੀ ਹਾਜ਼ਰ ਸਨ।

# ਭਾਰਤ ਵਿਕਾਸ ਪ੍ਰੀਸ਼ਦ ਕ੍ਰਿਸ਼ਨ ਸ਼ਾਖਾ ਵੱਲੋਂ ਭਾਰਤ ਮਾਤਾ ਦੀ ਚੌਂਕੀ ਅਤੇ ਦੇਸ਼ ਭਗਤੀ ਸੰਧਿਆ ਦਾ ਸ਼ਾਨਦਾਰ ਆਯੋਜਨ



ਪੈਗਾਮ-ਏ-ਜਗਤ/ਕਰਨਾਲ
19 ਅਗਸਤ (ਪ੍ਰਵੀਨ ਵਾਲੀਆ)

ਭਾਰਤ ਵਿਕਾਸ ਪ੍ਰੀਸ਼ਦ, ਕ੍ਰਿਸ਼ਨ ਸ਼ਾਖਾ, ਕਰਨਾਲ ਵੱਲੋਂ ਸਨਾਤਨ ਧਰਮ ਮੰਦਰ, ਕੁੰਜਪੁਰਾ ਰੋਡ, ਕਰਨਾਲ ਵਿਖੇ ਸ਼ਾਨਦਾਰ "ਭਾਰਤ ਮਾਤਾ ਦੀ ਚੌਂਕੀ ਅਤੇ ਦੇਸ਼ ਭਗਤੀ ਸੰਧਿਆ" ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਲਗਭਗ 100 ਮੈਂਬਰਾਂ ਅਤੇ ਸ਼ਰਧਾਲੂਆਂ ਨੇ ਉਤਸ਼ਾਹ ਨਾਲ ਭਾਗ ਲੈ ਕੇ ਰਾਸ਼ਟਰ ਭਗਤੀ ਦੇ ਮਾਹੌਲ ਨੂੰ ਹੋਰ ਵੀ ਜੀਵੰਤ ਬਣਾ ਦਿੱਤਾ।

ਪ੍ਰੋਗਰਾਮ ਦਾ ਮੁੱਖ ਆਕਰਸ਼ਣ ਦੇਸ਼ ਭਗਤੀ ਸੰਗੀਤ ਰਿਹਾ। ਭਾਰਤ ਵਿਕਾਸ ਪ੍ਰੀਸ਼ਦ, ਕ੍ਰਿਸ਼ਨ ਸ਼ਾਖਾ ਦੇ ਕਈ ਮੈਂਬਰਾਂ ਨੇ ਦੇਸ਼ ਭਗਤੀ ਨਾਲ ਭਰੇ ਗੀਤਾਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਦੇ ਕੇ ਹਾਜ਼ਰ ਸਾਰੇ ਲੋਕਾਂ ਵਿੱਚ ਰਾਸ਼ਟਰ ਪ੍ਰੇਮ ਦੀ ਭਾਵਨਾ ਜਗਾਈ। ਇਸ ਦੇ ਨਾਲ ਹੀ ਸੁਸ਼ਮਾ ਮਿਊਜ਼ਿਕ ਅਕੈਡਮੀ ਤੋਂ ਆਏ ਕਲਾਕਾਰਾਂ ਅਤੇ ਮੈਂਬਰਾਂ ਨੇ ਵੀ ਇੱਕ ਤੋਂ ਵੱਧ ਕੇ ਇੱਕ ਰੰਗਾਰੰਗ ਦੇਸ਼ ਭਗਤੀ ਗੀਤ ਪੇਸ਼ ਕੀਤੇ, ਜਿਨ੍ਹਾਂ 'ਤੇ ਹਾਜ਼ਰ ਜਨਸਮੂਹ ਨੇ ਤਾੜੀਆਂ ਨਾਲ ਕਲਾਕਾਰਾਂ ਦਾ ਉਤਸ਼ਾਹ ਵਧਾਇਆ।

ਪੂਰੇ ਪ੍ਰੋਗਰਾਮ ਦੌਰਾਨ ਮੰਦਰ ਕੰਪਲੈਕਸ 'ਭਾਰਤ ਮਾਤਾ ਕੀ ਜੈ' ਅਤੇ 'ਵੰਦੇ ਮਾਤਰਮ' ਦੇ ਜੈਕਾਰਿਆਂ ਨਾਲ ਗੂੰਜਦਾ ਰਿਹਾ। ਦੇਸ਼ ਭਗਤੀ ਗੀਤਾਂ ਅਤੇ ਸੰਗੀਤ ਦੀਆਂ ਪੇਸ਼ਕਾਰੀਆਂ ਨੇ ਮਾਹੌਲ ਨੂੰ ਭਾਵਪੂਰਨ ਅਤੇ ਜੋਸ਼ ਨਾਲ ਭਰ ਦਿੱਤਾ। ਮੁੱਖ ਮਹਿਮਾਨ ਸ਼ਿਵਨਾਥ ਕਪੂਰ ਜੀ ਨੇ ਆਪਣੀ ਹਾਜ਼ਰੀ ਨਾਲ ਮੈਂਬਰਾਂ ਦਾ ਹੌਸਲਾ ਵਧਾਇਆ। ਪ੍ਰੋਗਰਾਮ ਵਿੱਚ ਸ਼ਾਖਾ ਮੈਂਬਰਾਂ ਦੇ ਨਾਲ ਉਨ੍ਹਾਂ ਦੇ ਪਰਿਵਾਰਾਂ ਨੇ ਵੀ ਵੱਧ-ਚੜ੍ਹ ਕੇ ਭਾਗੀਦਾਰੀ ਕੀਤੀ। ਸਾਰਿਆਂ ਨੇ ਮਿਲ ਕੇ ਸੁਤੰਤਰਤਾ ਸੈਨਾਨੀਆਂ ਅਤੇ ਰਾਸ਼ਟਰ ਪ੍ਰਤੀ ਆਪਣਾ ਸਨਮਾਨ ਅਤੇ ਸ਼ੁਕਰਾਨਾ ਪ੍ਰਗਟ ਕੀਤਾ।

ਪ੍ਰੋਗਰਾਮ ਦੇ ਸਫਲ ਆਯੋਜਨ ਵਿੱਚ ਸ਼ਾਖਾ ਪ੍ਰਧਾਨ ਸ਼੍ਰੀਮਤੀ ਸੋਨੀਆ ਮਹਿਤਾ ਅਤੇ ਸ਼ਾਖਾ ਸਕੱਤਰ ਸ਼੍ਰੀਮਤੀ ਸੁਮਨ ਅਰੋੜਾ ਦਾ ਮਹੱਤਵਪੂਰਨ ਮਾਰਗਦਰਸ਼ਨ ਅਤੇ ਸਹਿਯੋਗ ਰਿਹਾ। ਉਨ੍ਹਾਂ ਦੀ ਅਗਵਾਈ ਹੇਠ ਸ਼ਾਖਾ ਦੇ ਮੈਂਬਰਾਂ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਸਰਗਰਮ ਭੂਮਿਕਾ ਨਿਭਾਈ। ਪ੍ਰੋਗਰਾਮ ਦੇ ਸਮਾਪਨ ਤੋਂ ਬਾਅਦ ਸਾਰੇ ਹਾਜ਼ਰ ਸ਼ਰਧਾਲੂਆਂ ਲਈ ਲੰਗਰ ਪ੍ਰਸ਼ਾਦ ਦਾ ਪ੍ਰਬੰਧ ਕੀਤਾ ਗਿਆ, ਜਿਸ ਨੂੰ ਸਾਰਿਆਂ ਨੇ ਸ਼ਰਧਾ ਨਾਲ ਗ੍ਰਹਿਣ ਕੀਤਾ। ਭਾਰਤ ਵਿਕਾਸ ਪ੍ਰੀਸ਼ਦ, ਕ੍ਰਿਸ਼ਨ ਸ਼ਾਖਾ ਵੱਲੋਂ ਆਯੋਜਿਤ ਇਹ ਪ੍ਰੋਗਰਾਮ ਰਾਸ਼ਟਰ ਪ੍ਰੇਮ, ਸਮਾਜਿਕ ਏਕਤਾ ਅਤੇ ਸੱਭਿਆਚਾਰਕ ਭਾਗੀਦਾਰੀ ਦੀ ਸੁੰਦਰ ਉਦਾਹਰਨ ਬਣਿਆ। ਪ੍ਰੋਗਰਾਮ ਨੇ ਹਾਜ਼ਰ ਸਾਰੇ ਲੋਕਾਂ ਦੇ ਮਨ ਵਿੱਚ ਦੇਸ਼ ਪ੍ਰਤੀ ਪਿਆਰ, ਸਤਿਕਾਰ ਅਤੇ ਸਮਰਪਣ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ।

# ਬਠਿੰਡਾ ਜੇਲ੍ਹ ਦੇ ਸਾਬਕਾ ਸੁਪਰਡੈਂਟ ਤੋਂ ਤੰਗ ਆਕੇ ਬਜ਼ੁਰਗ ਵੱਲੋਂ ਆਤਮਹੱਤਿਆ



ਪੈਗਾਮ-ਏ-ਜਗਤ/ਬਠਿੰਡਾ
19 ਅਗਸਤ (ਅਸ਼ੋਕ ਵਰਮਾ)

ਕੇਂਦਰੀ ਜੇਲ੍ਹ ਬਠਿੰਡਾ ਦੇ ਇੱਕ ਸਾਬਕਾ ਸੁਪਰਡੈਂਟ ਤੋਂ ਤੰਗ ਆਕੇ ਹੁਣ ਉਸਦੇ ਹੀ ਇੱਕ ਰਿਸ਼ਤੇਦਾਰ ਸਾਬਕਾ ਫ਼ੌਜੀ ਵੱਲੋਂ ਆਤਮਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਬਲਵੀਰ ਸਿੰਘ (63) ਪੁੱਤਰ ਕਾਕਾ ਸਿੰਘ ਵਾਸੀ ਰਾਮਪੁਰਾ ਫੂਲ ਵਜੋਂ ਹੋਈ ਹੈ। ਬਲਵੀਰ ਸਿੰਘ ਨੇ ਬਠਿੰਡਾ ਦੇ ਬੰਦ ਪਏ ਥਰਮਲ ਦੀ ਝੀਲ ਨੰਬਰ 2 ਵਿੱਚ ਅੱਜ ਦੁਪਹਿਰ ਵੇਲੇ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕੀਤੀ ਹੈ। ਅੱਖੀਂ ਦੇਖਣ ਵਾਲਿਆਂ ਨੇ ਦੱਸਿਆ ਕਿ ਬਜ਼ੁਰਗ ਸਕੂਟਰ 'ਤੇ ਸਵਾਰ ਹੋ ਕੇ ਆਇਆ ਜਿਸ ਨੂੰ ਖੜ੍ਹਾ ਕਰਕੇ ਉਸ ਨੇ ਤੁਰੰਤ ਹੀ ਝੀਲ ਨੰਬਰ 2 ਵਿੱਚ ਛਾਲ ਮਾਰ ਦਿੱਤੀ। ਲੋਕਾਂ ਵੱਲੋਂ ਜਾਣਕਾਰੀ ਦੇਣ 'ਤੇ ਪੁਲਿਸ ਅਤੇ ਨੌਜਵਾਨ ਵੈੱਲਫੇਅਰ ਟੀਮ ਮੌਕੇ 'ਤੇ ਪੁੱਜੀ ਜਿਨ੍ਹਾਂ ਪੁਲਿਸ ਤੇ ਐਨਡੀਆਰਐਫ ਦੀ ਮੱਦਦ ਨਾਲ ਕੁੱਝ ਹੀ ਸਮੇਂ ਦੌਰਾਨ ਬਜ਼ੁਰਗ ਦੀ ਲਾਸ਼ ਨੂੰ ਬਾਹਰ ਕੱਢ ਲਿਆ।

ਇਸ ਮੌਕੇ ਸੁਸਾਇਟੀ ਦੇ ਵਲੰਟੀਅਰਾਂ ਨੇ ਲਾਸ਼ ਨੂੰ ਫੌਰੀ ਤੌਰ 'ਤੇ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜਾਣਕਾਰੀ ਅਨੁਸਾਰ ਖੁਦਕਸ਼ੀ ਕਰਨ ਤੋਂ ਪਹਿਲਾਂ ਬਜ਼ੁਰਗ ਨੇ ਕੋਈ ਵੀਡੀਓ ਵੀ ਬਣਾਈ ਹੈ ਜਿਸ 'ਚ ਉਸ ਨੇ ਆਪਣੇ ਹੀ ਰਿਸ਼ਤੇਦਾਰ ਤੇ ਸਾਬਕਾ ਜੇਲ੍ਹ ਸੁਪਰਡੈਂਟ ਬਲਵਿੰਦਰ ਸਿੰਘ, ਉਸ ਦੀ ਪਤਨੀ ਸੁਖਵੰਤ ਕੌਰ ਸੁੱਖੀ ਉਰਫ਼ ਪਾਇਲ, ਭੈਣਾਂ ਬਲਵੀਰ ਕੌਰ ਤੇ ਗੁਰਦੀਪ ਕੌਰ ਤੋਂ ਇਲਾਵਾ ਭਾਣਜਾ ਅੰਕਿਤ ਉਰਫ਼ ਗੁਰਨੂਰ 'ਤੇ ਮਰਨ ਲਈ ਮਜਬੂਰ ਕਰਨ ਦੇ ਦੋਸ਼ ਲਾਏ ਹਨ। ਬਜ਼ੁਰਗ ਵੱਲੋਂ ਖੁਦਕਸ਼ੀ ਨੋਟ ਲਿਖਣ ਦੀ ਗੱਲ ਵੀ ਸਾਹਮਣੇ ਆ ਰਹੀ ਹੈ ਪਰ ਪੁਲਿਸ ਨੇ ਇਸ ਦੀ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਹੈ।

ਮ੍ਰਿਤਕ ਬਲਵੀਰ ਸਿੰਘ ਸਾਬਕਾ ਫ਼ੌਜੀ ਹੈ ਅਤੇ ਉਹ ਗੋਬਿੰਦਪੁਰਾ ਕੇਂਦਰੀ ਜੇਲ੍ਹ ਵਿੱਚ ਠੇਕਾ ਆਧਾਰਤ ਕੋਈ ਕੰਮ ਕਰਦਾ ਸੀ। ਡੀਐਸਪੀ ਸਿਟੀ ਅਰੁਣ ਮੁੰਡਨ ਦਾ ਕਹਿਣਾ ਸੀ ਕਿ ਮ੍ਰਿਤਕ ਦੀ ਲਾਸ਼ ਅਗਲੀ ਕਾਰਵਾਈ ਲਈ ਸਿਵਲ ਹਸਪਤਾਲ 'ਚ ਰਖਵਾ ਦਿੱਤੀ ਗਈ ਹੈ ਅਤੇ ਵਾਰਿਸਾਂ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਲਬੀਰ ਸਿੰਘ ਨੇ ਵੀਡੀਓ 'ਚ ਜਿਨ੍ਹਾਂ ਦਾ ਨਾਮ ਲਿਆ ਹੈ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਏਗੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸੇ ਸਾਬਕਾ ਜੇਲ੍ਹ ਅਧਿਕਾਰੀ 'ਤੇ ਕੁੱਝ ਦਿਨ ਪਹਿਲਾਂ ਇੱਕ ਔਰਤ ਨੇ ਵੀ ਕਈ ਤਰਾਂ ਦੇ ਗੰਭੀਰ ਦੋਸ਼ ਲਾਏ ਸਨ। ਇਸ ਔਰਤ ਨੇ ਨਿਹੰਗ ਜੱਥੇਬੰਦੀ ਦੀ ਸਹਾਇਤਾ ਨਾਲ ਕਾਰਵਾਈ ਲਈ ਧਰਨਾ ਵੀ ਲਾਇਆ ਸੀ।

# ਵਿਧਾਇਕ ਕੁਲਵੰਤ ਸਿੰਘ ਦੀ ਦੇਖ-ਰੇਖ ਹੇਠ ਮੋਹਾਲੀ ਤੋਂ ਤਿੰਨ ਬੱਸਾਂ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਹੋਈਆਂ ਰਵਾਨਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ,
19 ਅਗਸਤ (ਪੈਗਾਮ-ਏ-ਜਗਤ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਭਰ ਦੇ ਸੀਨੀਅਰ ਸਿਟੀਜਨ ਲਈ ਸ਼ੁਰੂ ਕੀਤੀ ਗਈ "ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ"ਦੇ ਤਹਿਤ ਵਿਧਾਨ ਸਭਾ ਹਲਕਾ ਮੋਹਾਲੀ ਤੋਂ ਅੱਜ ਤਿੰਨ ਹੋਰ ਬੱਸਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਲਈ ਵਿਧਾਇਕ ਕੁਲਵੰਤ ਸਿੰਘ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।

- ਸੀਨੀਅਰ ਸਿਟੀਜਨ ਦੀ ਖੁਸ਼ੀ ਅਤੇ ਤਸੱਲੀ ਹੀ ਸਾਡੇ ਲਈ ਸੁਖਦ ਭਰੀ ਖਬਰ : ਕੁਲਵੰਤ ਸਿੰਘ



ਇਹ ਬੱਸਾਂ ਗੁਰਦੁਆਰਾ ਸੈਕਟਰ-78, ਸੈਕਟਰ-66 ਅਤੇ ਪਿੰਡ ਸਫੀਪੁਰ ਤੋਂ ਰਵਾਨਾ ਹੋਈਆਂ। ਸ਼ਰਧਾਲੂਆਂ ਨਾਲ ਭਰੀਆਂ ਇਹ ਬੱਸਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ, ਰਾਮ ਤੀਰਥ ਸ੍ਰੀ ਵਾਲਮੀਕੀ ਮੰਦਰ, ਵਾਹਗਾ ਬਾਰਡਰ ਅਤੇ ਜਲਿਆਂਵਾਲਾ ਬਾਗ ਦੇ ਦਰਸ਼ਨ ਕਰਕੇ ਵਾਪਸ ਪਰਤਣਗੀਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਯਾਤਰਾ ਲਈ ਰਜਿਸਟ੍ਰੇਸ਼ਨ ਨੂੰ ਲੈ ਕੇ ਸੰਗਤਾਂ ਵਿੱਚ ਮੰਗ ਲਗਾਤਾਰ ਵੱਧ ਰਹੀ ਹੈ ਅਤੇ ਲੋਕਾਂ ਵਿੱਚ ਉਤਸ਼ਾਹ ਸਪਸ਼ਟ ਤੌਰ 'ਤੇ ਵੇਖਣਯੋਗ ਹੈ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਦੌਰ ਵਿੱਚ ਲੋਕਾਂ ਵਿੱਚ ਇਸ ਯਾਤਰਾ ਪ੍ਰਤੀ ਝਿਜਕ ਸੀ, ਪਰ ਜਿਵੇਂ-ਜਿਵੇਂ ਯਾਤਰਾ ਤੋਂ ਵਾਪਸ ਆਉਣ ਵਾਲੇ ਸ਼ਰਧਾਲੂ ਆਪਣੇ ਅਨੁਭਵ ਸਾਂਝੇ ਕਰ ਰਹੇ ਹਨ, ਤਿਵੇਂ-ਤਿਵੇਂ ਹੋਰ ਲੋਕ ਵੀ ਇਸ ਯੋਜਨਾ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇੱਕ ਬਹੁਤ ਹੀ ਲੋਕ-ਪੱਖੀ ਯੋਜਨਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਰਧਾਲੂ ਆਪਣੇ ਅਕੀਦੇ ਅਨੁਸਾਰ ਗੁਰਦੁਆਰਾ ਸਾਹਿਬ ਅਤੇ ਮੰਦਰਾਂ ਦੇ ਦਰਸ਼ਨ ਕਰਦੇ ਹਨ, ਜਿਸ ਤੋਂ ਬਾਅਦ ਰਾਮ ਤੀਰਥ, ਵਾਹਗਾ ਬਾਰਡਰ ਅਤੇ ਜਲਿਆਂਵਾਲਾ ਬਾਗ ਦੇ ਇਤਿਹਾਸਕ ਸਥਾਨਾਂ ਦਾ ਦੌਰਾ ਕਰਦੇ ਹਨ। ਇਸ ਪੂਰੀ ਯਾਤਰਾ ਦੌਰਾਨ ਸੀਨੀਅਰ ਸਿਟੀਜਨ ਦੀ ਸਹੂਲਤ ਲਈ ਡਾਕਟਰੀ ਟੀਮ ਅਤੇ ਗਾਈਡ ਵੀ ਨਾਲ ਰਹਿੰਦੇ ਹਨ, ਤਾਂ ਜੋ ਉਨ੍ਹਾਂ ਨੂੰ ਇਤਿਹਾਸਕ ਸਥਾਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲ ਸਕੇ।

ਇਸ ਮੌਕੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਹਲਕਾ ਕੋਆਰਡੀਨੇਟਰ ਅਤੇ ਸਟੇਟ ਐਵਾਰਡੀ ਫੂਲਰਾਜ ਸਿੰਘ ਨੇ ਦੱਸਿਆ ਕਿ ਯਾਤਰਾ ਦੌਰਾਨ ਸ਼ਰਧਾਲੂ ਵਿਧਾਇਕ ਕੁਲਵੰਤ ਸਿੰਘ ਨਾਲ ਆਪਣੇ ਅਨੁਭਵ ਸਾਂਝੇ ਕਰਦੇ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਮਾਜ ਸੇਵੀ ਕੁਲਦੀਪ ਸਿੰਘ ਸਮਾਣਾ, ਮੋਹਾਲੀ ਕਾਰਪੋਰੇਸ਼ਨ ਦੇ ਡਿਪਟੀ ਮੇਅਰ ਹਰਪਾਲ ਸਿੰਘ ਚੰਨਾ, ਅਕਬਿੰਦਰ ਸਿੰਘ ਗੋਸਲ, ਅਮਰਜੀਤ ਸਿੰਘ ਸਿੱਧੂ, ਕਰਮਜੀਤ ਕੌਰ ਕੌਂਸਲਰ, ਜਗਦੀਸ਼ ਸਿੰਘ ਸੋਹਣਾ, ਗਿਆਨ ਕੌਰ ਸਰਪੰਚ ਸਫੀਪੁਰ, ਕਰਮਜੀਤ ਸਿੰਘ ਕਾਲਾ ਸਫੀਪੁਰ, ਦਵਿੰਦਰ ਸਿੰਘ ਸਰਪੰਚ, ਕਰਮਜੀਤ ਕੁਮਾਰ ਬਿੱਟੂ ਸਰਪੰਚ, ਬਲਜੀਤ ਸਿੰਘ ਹੈਪੀ, ਪ੍ਰਗਟ ਸਿੰਘ, ਨਵਤੇਜ ਸਿੰਘ, ਗੁਰਧਿਆਨ ਸਿੰਘ ਅਤੇ ਹਰਬਚਨ ਸਿੰਘ ਗਰੇਵਾਲ ਵੀ ਹਾਜ਼ਰ ਸਨ।

# ਚੋਣ ਕਮਿਸ਼ਨ ਦੀ ਸਮਾਂ-ਸਾਰਣੀ ਅਨੁਸਾਰ ਪੂਰੀ ਕਰੋ ਸੋਧ ਪ੍ਰਕਿਰਿਆ: ਡੀਸੀ ਅਤੇ ਜ਼ਿਲ੍ਹਾ ਚੋਣ ਅਧਿਕਾਰੀ ਡਾ. ਵਿਵੇਕ ਭਾਰਤੀ

ਪੈਗਾਮ-ਏ-ਜਗਤ/ਰਤੀਆ, 19 ਅਗਸਤ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

ਜ਼ਿਲ੍ਹਾ ਚੋਣ ਅਧਿਕਾਰੀ ਅਤੇ ਡੀਸੀ ਡਾ. ਵਿਵੇਕ ਭਾਰਤੀ ਨੇ ਕਿਹਾ ਕਿ ਵੋਟਰ ਸੂਚੀ ਨੂੰ ਸ਼ੁੱਧ, ਪਾਰਦਰਸ਼ੀ ਅਤੇ ਗਲਤੀ ਰਹਿਤ ਬਣਾਉਣ ਲਈ ਦਾਅਵੇ-ਇਤਰਾਜ਼ਾਂ ਅਤੇ ਨੋਟਿਸ ਪੜਾਅ ਨਾਲ ਸਬੰਧਤ ਕੰਮ ਨਿਰਧਾਰਤ ਸਮਾਂ-ਸੀਮਾ ਵਿੱਚ ਪੂਰੀ ਗੰਭੀਰਤਾ ਨਾਲ ਕੀਤਾ ਜਾਵੇ। ਬੀਐਲਓ ਹਰ ਨੋਟਿਸ ਸਬੰਧਤ ਵੋਟਰ ਤੱਕ ਪਹੁੰਚਾਉਣ ਅਤੇ 25 ਅਗਸਤ ਤੱਕ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨਾ ਯਕੀਨੀ ਬਣਾਉਣ। ਯੋਗ ਨਾਗਰਿਕਾਂ, ਜਿਨ੍ਹਾਂ ਦਾ ਨਾਮ ਅਜੇ ਤੱਕ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹੈ, ਤੋਂ ਫਾਰਮ-6 ਭਰਵਾ ਕੇ 30 ਅਗਸਤ ਤੱਕ ਅਰਜ਼ੀ ਕਰਵਾਈ ਜਾਵੇ। ਜ਼ਿਲ੍ਹਾ ਚੋਣ ਅਧਿਕਾਰੀ ਅਤੇ ਡੀਸੀ ਬੁੱਧਵਾਰ ਨੂੰ ਰਤੀਆ ਐਸਡੀਐਮ ਦਫ਼ਤਰ ਵਿੱਚ ਵੋਟਰ ਸੂਚੀ ਦੇ ਵਿਸ਼ੇਸ਼ ਡੂੰਘੀ ਸੋਧ ਸਬੰਧੀ ਦਾਅਵੇ-ਇਤਰਾਜ਼ਾਂ ਅਤੇ ਨੋਟਿਸ ਪੜਾਅ ਦੇ ਕੰਮਾਂ ਦੀ ਸਮੀਖਿਆ ਲਈ ਈਆਰਓ, ਏਈਆਰਓ, ਵਾਧੂ ਏਈਆਰਓ ਅਤੇ ਸੁਪਰਵਾਈਜ਼ਰਾਂ ਨਾਲ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

- ਵੋਟਰ ਸੂਚੀ ਨੂੰ ਗਲਤੀ ਰਹਿਤ ਬਣਾਉਣ ਲਈ ਅਧਿਕਾਰੀ ਕਰਨ ਪ੍ਰਭਾਵੀ ਨਿਗਰਾਨੀ: ਡੀਸੀ ਡਾ. ਵਿਵੇਕ ਭਾਰਤੀ

**ਹਰ ਨੋਟਿਸ ਦੀ ਹੋਵੇ ਗੰਭੀਰਤਾ ਨਾਲ ਤਸਦੀਕ**

ਡੀਸੀ ਨੇ ਨਿਰਦੇਸ਼ ਦਿੱਤੇ ਕਿ ਬੀਐਲਓ ਆਪਣੇ-ਆਪਣੇ ਬੂਥ ਖੇਤਰ ਵਿੱਚ ਨੋਟਿਸ ਵੰਡਣ ਦਾ ਕੰਮ ਤਰਜੀਹ ਨਾਲ ਪੂਰਾ ਕਰਨ ਅਤੇ ਸਬੰਧਤ ਵੋਟਰਾਂ ਤੋਂ ਨਿਰਧਾਰਤ ਸਮੇਂ ਵਿੱਚ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਕੇ ਉਨ੍ਹਾਂ ਦੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਾਂਚ ਕਰਨ। ਕਿਸੇ ਵੀ ਯੋਗ ਵੋਟਰ ਨੂੰ ਬੇਲੋੜੀ ਪਰੇਸ਼ਾਨੀ ਨਾ ਹੋਵੇ ਅਤੇ ਅਯੋਗ ਐਂਟਰੀ ਉਚਿਤ ਤਸਦੀਕ ਤੋਂ ਬਿਨਾਂ ਸੂਚੀ ਵਿੱਚ ਨਾ ਰਹੇ। ਸਾਰੇ ਬੀਐਲਓ ਆਪਣੇ ਖੇਤਰ ਦੀ ਪ੍ਰਗਤੀ ਦਾ ਰਿਕਾਰਡ ਵਿਵਸਥਿਤ ਰੱਖਣ।

**ਏਈਆਰਓ ਰੋਜ਼ਾਨਾ ਲੈਣ ਪ੍ਰਗਤੀ ਰਿਪੋਰਟ**

ਡਾ. ਵਿਵੇਕ ਭਾਰਤੀ ਨੇ ਏਈਆਰਓ ਨੂੰ ਨਿਰਦੇਸ਼ ਦਿੱਤੇ ਕਿ ਉਹ ਰੋਜ਼ਾਨਾ ਬੀਐਲਓ ਤੋਂ ਪ੍ਰਗਤੀ ਰਿਪੋਰਟ ਪ੍ਰਾਪਤ ਕਰਨ ਅਤੇ ਲੋੜ ਅਨੁਸਾਰ ਮੀਟਿੰਗ ਕਰਕੇ ਕੰਮ ਦੀ ਸਮੀਖਿਆ ਕਰਨ। ਜਿਨ੍ਹਾਂ ਬੂਥਾਂ 'ਤੇ ਕੰਮ ਦੀ ਗਤੀ ਹੌਲੀ ਹੈ, ਉੱਥੇ ਤੁਰੰਤ ਮਾਰਗਦਰਸ਼ਨ ਅਤੇ ਲੋੜੀਂਦਾ ਸਹਿਯੋਗ ਉਪਲਬਧ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਬੂਥ ਪੱਧਰ 'ਤੇ ਅਸਲ ਕੰਮ ਦੀ ਨਿਗਰਾਨੀ ਕੀਤੀ ਜਾਵੇ। ਏਈਆਰਓ, ਵਾਧੂ ਏਈਆਰਓ ਅਤੇ ਸੁਪਰਵਾਈਜ਼ਰ ਨਿਯਮਤ ਫੀਲਡ ਦੌਰਾ ਕਰਕੇ ਕੰਮ ਦੀ ਸਮੀਖਿਆ ਕਰਨ।

**ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ 'ਤੇ ਦਿਓ ਵਿਸ਼ੇਸ਼ ਧਿਆਨ**

ਡੀਸੀ ਨੇ ਕਿਹਾ ਕਿ 18 ਸਾਲ ਜਾਂ ਇਸ ਤੋਂ ਵੱਧ ਉਮਰ ਪੂਰੀ ਕਰ ਚੁੱਕੇ ਯੋਗ ਨਾਗਰਿਕਾਂ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਅਜਿਹੇ ਨਾਗਰਿਕਾਂ ਤੋਂ ਫਾਰਮ-6 ਭਰਵਾ ਕੇ 30 ਅਗਸਤ ਤੱਕ ਅਰਜ਼ੀ ਕਰਵਾਈ ਜਾਵੇ। ਕਾਲਜਾਂ ਵਿੱਚ ਪੜ੍ਹ ਰਹੇ ਯੋਗ ਵਿਦਿਆਰਥੀਆਂ ਨੂੰ ਵੀ ਵੋਟਰ ਰਜਿਸਟ੍ਰੇਸ਼ਨ ਪ੍ਰਕਿਰਿਆ ਬਾਰੇ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਹਰ ਯੋਗ ਨਾਗਰਿਕ ਦੀ ਭਾਗੀਦਾਰੀ ਯਕੀਨੀ ਬਣਾਉਣਾ ਚੋਣ ਤੰਤਰ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੈ।

**ਮਾਈਕ੍ਰੋਮੈਨੇਜਮੈਂਟ ਨਾਲ ਕਰੋ ਬੂਥਵਾਰ ਨਿਗਰਾਨੀ**

ਡਾ. ਵਿਵੇਕ ਭਾਰਤੀ ਨੇ ਕਿਹਾ ਕਿ ਬੀਐਲਓ ਅਤੇ ਸੁਪਰਵਾਈਜ਼ਰ ਬੂਥਵਾਰ ਮਾਈਕ੍ਰੋਮੈਨੇਜਮੈਂਟ ਦੇ ਆਧਾਰ 'ਤੇ ਕੰਮ ਕਰਨ। ਹਰ ਬੂਥ 'ਤੇ ਲੰਬਿਤ ਨੋਟਿਸ, ਪ੍ਰਾਪਤ ਦਸਤਾਵੇਜ਼, ਦਾਅਵੇ-ਇਤਰਾਜ਼ਾਂ ਅਤੇ ਨਵੇਂ ਵੋਟਰ ਰਜਿਸਟ੍ਰੇਸ਼ਨ ਦੀ ਸਥਿਤੀ ਸਪੱਸ਼ਟ ਤੌਰ 'ਤੇ ਉਪਲਬਧ ਹੋਣੀ ਚਾਹੀਦੀ ਹੈ। ਸੁਪਰਵਾਈਜ਼ਰ ਆਪਣੇ ਅਧੀਨ ਬੀਐਲਓ ਨਾਲ ਨਿਯਮਤ ਮੀਟਿੰਗ ਕਰਕੇ ਪ੍ਰਗਤੀ ਦੀ ਸਮੀਖਿਆ ਕਰਨ ਅਤੇ ਕਿਸੇ ਵੀ ਸਮੱਸਿਆ ਦਾ ਸਮੇਂ ਸਿਰ ਹੱਲ ਕਰਵਾਉਣ।

**30 ਅਗਸਤ ਤੱਕ ਦਾਅਵੇ-ਇਤਰਾਜ਼ ਦਰਜ ਕਰਵਾ ਸਕਣਗੇ ਨਾਗਰਿਕ**

ਭਾਰਤ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਸੋਧੇ ਹੋਏ ਪ੍ਰੋਗਰਾਮ ਅਨੁਸਾਰ ਵਿਸ਼ੇਸ਼ ਡੂੰਘੀ ਸੋਧ ਦੀ ਯੋਗਤਾ ਮਿਤੀ 1 ਜੁਲਾਈ 2026 ਹੈ ਅਤੇ ਡਰਾਫਟ ਵੋਟਰ ਸੂਚੀ ਦਾ ਪ੍ਰਕਾਸ਼ਨ 31 ਜੁਲਾਈ 2026 ਨੂੰ ਕੀਤਾ ਗਿਆ ਹੈ। ਦਾਅਵੇ ਅਤੇ ਇਤਰਾਜ਼ ਦਰਜ ਕਰਵਾਉਣ ਦੀ ਮਿਆਦ 31 ਜੁਲਾਈ ਤੋਂ 30 ਅਗਸਤ 2026 ਤੱਕ ਨਿਰਧਾਰਤ ਹੈ। ਨੋਟਿਸ ਪੜਾਅ ਅਤੇ ਦਾਅਵੇ-ਇਤਰਾਜ਼ਾਂ ਦੇ ਨਿਪਟਾਰੇ ਦੀ ਪ੍ਰਕਿਰਿਆ 31 ਜੁਲਾਈ ਤੋਂ 28 ਸਤੰਬਰ 2026 ਤੱਕ ਚੱਲੇਗੀ, ਜਦੋਂ ਕਿ ਵੋਟਰ ਸੂਚੀ ਦਾ ਅੰਤਿਮ ਪ੍ਰਕਾਸ਼ਨ 3 ਅਕਤੂਬਰ 2026 ਨੂੰ ਕੀਤਾ ਜਾਵੇਗਾ।

ਉਨ੍ਹਾਂ ਨੇ ਸਾਰੇ ਅਧਿਕਾਰੀਆਂ ਨੂੰ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਦਿਆਂ ਪੂਰੀ ਪ੍ਰਕਿਰਿਆ ਪਾਰਦਰਸ਼ਤਾ, ਨਿਰਪੱਖਤਾ ਅਤੇ ਨਿਰਧਾਰਤ ਸਮਾਂ-ਸਾਰਣੀ ਅਨੁਸਾਰ ਪੂਰੀ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿੱਚ ਐਸਡੀਐਮ ਰਤੀਆ ਸੁਰਿੰਦਰ ਸਿੰਘ, ਡੀਐਮਸੀ ਪ੍ਰਵੀਨ ਕੁਮਾਰ, ਚੋਣ ਨਾਇਬ ਤਹਿਸੀਲਦਾਰ ਰਾਜਕੁਮਾਰ ਸਣੇ ਈਆਰਓ, ਏਈਆਰਓ, ਵਾਧੂ ਏਈਆਰਓ, ਸੁਪਰਵਾਈਜ਼ਰ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਰਹੇ।

# ਬੇਲਿੰਗ ਮਸ਼ੀਨ ਅਤੇ ਸੁਪਰ ਸੀਡਰ ਦੇ ਬਿਨੈਕਾਰਾਂ ਦਾ 21 ਅਗਸਤ ਨੂੰ ਹੋਵੇਗਾ ਆਨਲਾਈਨ ਡਰਾਅ

ਪੈਗਾਮ-ਏ-ਜਗਤ
ਹਾਂਸੀ (ਦਿਨਕਰ ਗਾਬਾ)

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਹਾਂਸੀ ਵੱਲੋਂ ਫਸਲ ਰਹਿੰਦ-ਖੂੰਹਦ ਪ੍ਰਬੰਧਨ ਯੋਜਨਾ ਸਾਲ 2026-27 ਤਹਿਤ ਖੇਤੀਬਾੜੀ ਸੰਦਾਂ 'ਤੇ ਸਬਸਿਡੀ ਲਈ ਆਨਲਾਈਨ ਅਰਜ਼ੀ ਕਰਨ ਵਾਲੇ ਕਿਸਾਨਾਂ ਦੀ ਚੋਣ ਆਨਲਾਈਨ ਡਰਾਅ ਰਾਹੀਂ ਕੀਤੀ ਜਾਵੇਗੀ। ਬੇਲਿੰਗ ਮਸ਼ੀਨ ਅਤੇ ਸੁਪਰ ਸੀਡਰ ਦੇ ਬਿਨੈਕਾਰਾਂ ਦਾ ਆਨਲਾਈਨ ਡਰਾਅ 21 ਅਗਸਤ 2026 ਨੂੰ ਦੁਪਹਿਰ 3:30 ਵਜੇ ਲਘੂ ਸਕੱਤਰੇਤ ਸਥਿਤ ਵੀਡੀਓ ਕਾਨਫਰੰਸ ਕਮਰਾ, ਦੂਜੀ ਮੰਜ਼ਿਲ, ਹਾਂਸੀ ਵਿਖੇ ਆਯੋਜਿਤ ਕੀਤਾ ਜਾਵੇਗਾ।

ਉਪ ਖੇਤੀਬਾੜੀ ਨਿਰਦੇਸ਼ਕ, ਹਿਸਾਰ ਬਾਬੂ ਲਾਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਹਾਂਸੀ ਰਾਹੁਲ ਨਰਵਾਲ ਦੇ ਨਿਰਦੇਸ਼ਾਂ ਅਨੁਸਾਰ ਅਤੇ ਵਧੀਕ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੁੱਖ ਕਾਰਜਕਾਰੀ ਅਧਿਕਾਰੀ ਹਾਂਸੀ ਲਕਸ਼ਿਤ ਸਰੀਨ ਦੀ ਪ੍ਰਧਾਨਗੀ ਹੇਠ ਫਸਲ ਰਹਿੰਦ-ਖੂੰਹਦ ਪ੍ਰਬੰਧਨ ਯੋਜਨਾ ਤਹਿਤ ਖੇਤੀਬਾੜੀ ਸੰਦਾਂ 'ਤੇ ਸਬਸਿਡੀ ਲਈ ਯੋਗ ਕਿਸਾਨਾਂ ਦੀ ਚੋਣ ਆਨਲਾਈਨ ਡਰਾਅ ਰਾਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਯੋਜਨਾ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਫਸਲ ਰਹਿੰਦ-ਖੂੰਹਦ ਪ੍ਰਬੰਧਨ ਲਈ ਆਧੁਨਿਕ ਖੇਤੀਬਾੜੀ ਸੰਦ ਉਪਲਬਧ ਕਰਵਾ ਕੇ ਪਰਾਲੀ ਸਾੜਨ ਦੀ ਸਮੱਸਿਆ ਨੂੰ ਘਟਾਉਣਾ ਅਤੇ ਫਸਲ ਰਹਿੰਦ-ਖੂੰਹਦ ਦਾ ਉਚਿਤ ਪ੍ਰਬੰਧਨ ਯਕੀਨੀ ਬਣਾਉਣਾ ਹੈ।

ਉਨ੍ਹਾਂ ਦੱਸਿਆ ਕਿ ਯੋਜਨਾ ਤਹਿਤ ਹਾਂਸੀ ਜ਼ਿਲ੍ਹੇ ਵਿੱਚ ਵੱਖ-ਵੱਖ 16 ਕਿਸਮਾਂ ਦੇ ਖੇਤੀਬਾੜੀ ਸੰਦਾਂ ਲਈ ਕੁੱਲ 687 ਕਿਸਾਨਾਂ ਨੇ 3 ਅਗਸਤ 2026 ਤੱਕ ਵਿਭਾਗੀ ਪੋਰਟਲ 'ਤੇ ਆਨਲਾਈਨ ਅਰਜ਼ੀਆਂ ਕੀਤੀਆਂ ਹਨ। ਇਨ੍ਹਾਂ ਵਿੱਚੋਂ ਬੇਲਿੰਗ ਮਸ਼ੀਨ ਅਤੇ ਸੁਪਰ ਸੀਡਰ ਲਈ ਪ੍ਰਾਪਤ ਅਰਜ਼ੀਆਂ ਦੀ ਚੋਣ ਨਿਰਧਾਰਤ ਪ੍ਰਕਿਰਿਆ ਅਨੁਸਾਰ ਆਨਲਾਈਨ ਡਰਾਅ ਰਾਹੀਂ ਕੀਤੀ ਜਾਵੇਗੀ।

ਖੇਤੀਬਾੜੀ ਵਿਭਾਗ ਦੇ ਐਸਡੀਓ ਰਵਿੰਦਰ ਕੁਮਾਰ ਨੇ ਦੱਸਿਆ ਕਿ ਬੇਲਿੰਗ ਮਸ਼ੀਨ ਲਈ ਵਿਭਾਗ ਨੂੰ ਕੁੱਲ 44 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਜਦੋਂ ਕਿ, ਸੁਪਰ ਸੀਡਰ ਲਈ ਪ੍ਰਾਪਤ 596 ਅਰਜ਼ੀਆਂ ਵਿੱਚੋਂ ਹਾਂਸੀ ਜ਼ਿਲ੍ਹੇ ਦੇ ਨਿਰਧਾਰਤ ਟੀਚੇ ਅਨੁਸਾਰ 102 ਯੋਗ ਬਿਨੈਕਾਰਾਂ ਦੀ ਚੋਣ ਆਨਲਾਈਨ ਡਰਾਅ ਰਾਹੀਂ ਕੀਤੀ ਜਾਵੇਗੀ। ਇਸੇ ਤਰ੍ਹਾਂ 7 ਬੇਲਿੰਗ ਮਸ਼ੀਨਾਂ ਦੇ ਯੋਗ ਬਿਨੈਕਾਰਾਂ ਦੀ ਚੋਣ ਵੀ ਆਨਲਾਈਨ ਡਰਾਅ ਰਾਹੀਂ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਯੋਜਨਾ ਤਹਿਤ ਅਨੁਸੂਚਿਤ ਜਾਤੀ ਵਰਗ ਦੇ ਸਾਰੇ ਯੋਗ ਬਿਨੈਕਾਰ ਕਿਸਾਨਾਂ ਨੂੰ ਬਿਨਾਂ ਡਰਾਅ ਦੇ ਹੀ ਖੇਤੀਬਾੜੀ ਸੰਦਾਂ 'ਤੇ ਸਬਸਿਡੀ ਲਈ ਮਾਨਤਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕੁੱਲ ਯੋਗ ਬਿਨੈਕਾਰਾਂ ਵਿੱਚੋਂ 30 ਪ੍ਰਤੀਸ਼ਤ ਬਿਨੈਕਾਰਾਂ ਨੂੰ ਉਡੀਕ ਸੂਚੀ ਵਿੱਚ ਰੱਖਿਆ ਜਾਵੇਗਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਯੋਜਨਾ ਤਹਿਤ ਕਿਸੇ ਹੋਰ ਖੇਤੀਬਾੜੀ ਸੰਦ ਲਈ ਕੋਈ ਵੱਖਰਾ ਡਰਾਅ ਨਹੀਂ ਕੀਤਾ ਜਾਵੇਗਾ।

ਖੇਤੀਬਾੜੀ ਵਿਭਾਗ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਆਨਲਾਈਨ ਡਰਾਅ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਵਾਲੇ ਸਬੰਧਤ ਬਿਨੈਕਾਰ ਕਿਸਾਨ ਨਿਰਧਾਰਤ ਸਮੇਂ 'ਤੇ ਲਘੂ ਸਕੱਤਰੇਤ ਸਥਿਤ ਵੀਡੀਓ ਕਾਨਫਰੰਸ ਕਮਰਾ, ਦੂਜੀ ਮੰਜ਼ਿਲ, ਹਾਂਸੀ ਵਿਖੇ ਪਹੁੰਚਣਾ ਯਕੀਨੀ ਬਣਾਉਣ। ਵਿਭਾਗ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਡਰਾਅ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਨਿਰਧਾਰਤ ਸਮੇਂ 'ਤੇ ਹਾਜ਼ਰ ਰਹਿਣ ਅਤੇ ਵਿਭਾਗੀ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰਨ।

ਵਿਭਾਗੀ ਅਧਿਕਾਰੀਆਂ ਨੇ ਦੱਸਿਆ ਕਿ ਫਸਲ ਰਹਿੰਦ-ਖੂੰਹਦ ਪ੍ਰਬੰਧਨ ਯੋਜਨਾ ਤਹਿਤ ਕਿਸਾਨਾਂ ਨੂੰ ਆਧੁਨਿਕ ਖੇਤੀਬਾੜੀ ਸੰਦ ਉਪਲਬਧ ਕਰਵਾਉਣ ਦਾ ਉਦੇਸ਼ ਫਸਲ ਰਹਿੰਦ-ਖੂੰਹਦ ਦੇ ਵਿਗਿਆਨਕ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਨੂੰ ਉਤਸ਼ਾਹਿਤ ਕਰਨਾ ਹੈ, ਤਾਂ ਜੋ ਕਿਸਾਨ ਪਰਾਲੀ ਸਾੜਨ ਦੀ ਬਜਾਏ ਖੇਤੀਬਾੜੀ ਸੰਦਾਂ ਦੀ ਸਹਾਇਤਾ ਨਾਲ ਫਸਲ ਰਹਿੰਦ-ਖੂੰਹਦ ਦਾ ਉਚਿਤ ਪ੍ਰਬੰਧਨ ਕਰ ਸਕਣ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ 20 ਅਗਸਤ ਨੂੰ ਲਗਾਇਆ ਜਾਵੇਗਾ ਪਲੇਸਮੈਂਟ ਕੈਂਪ

ਸਾਹਿਬਜ਼ਾਦਾ ਅਜੀਤ ਸਿੰਘ ਨਗਰ
19 ਅਗਸਤ (ਪੈਗਾਮ-ਏ-ਜਗਤ)

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ, ਐਸ.ਏ.ਐਸ ਨਗਰ ਵੱਲੋਂ ਮਿਤੀ 20/08/2026 ਦਿਨ ਵੀਰਵਾਰ ਨੂੰ ਪਲੇਸਮੇਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ.461, ਤੀਜੀ ਮੰਜ਼ਿਲ, ਸੈ-76 ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ। ਇਸ ਪਲੇਸਮੇਂਟ ਕੈਂਪ ਦਾ ਸਮਾਂ ਸਵੇਰ 10:00 ਵਜੇ ਤੋਂ ਦੁਪਹਿਰ 02.00 ਵਜੇ ਤੱਕ ਹੋਵੇਗਾ।

ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਤਹਿਤ ਉਕਤ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ 360 ਸ਼ਾਈਟਸ, ਐਨ.ਆਈ.ਆਈ.ਟੀ. ਲਿਮਿਟੇਡ, ਈਵਲੇਰਕਸ, ਇੰਟੇਗਰਲ ਕਾਰਪੋਰੇਟ ਸਰਵਿਸਜ਼, ਡਿਜੀਟੇਕ ਕਾਲਸਿਸਟਮ ਪ੍ਰਾਈਵੇਟ ਲਿਮਿਟੇਡਆਦਿ ਦੀਆਂ ਵੱਖ ਵੱਖ ਅਸਾਮੀਆਂ ਬੀ.ਪੀ.ਓ., ਰਿਲੇਸ਼ਨਸ਼ਿਪ ਮੈਨੇਜਰ, -ਆਈ.ਸੀ.ਆਈ.ਸੀ.ਆਈ., ਬੈਂਕ ... ਗ੍ਰੈਜੂਏਟ ਪ੍ਰਾਰਥੀਆਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਚੁਣੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਨੋਰਮਜ਼ ਅਨੁਸਾਰ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਮੋਹਾਲੀ ਹੋਵੇਗਾ। ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕਰਦਿਆ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ।

ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਰੋਜ਼ਗਾਰ ਮੇਲੇ ਵਿਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋ ਕਾਪੀਆਂ, ਰੈਜ਼ੀਊਮ ਸਮੇਤ ਫਾਰਮਲ

"ਪੈਗਾਮ-ਏ-ਜਗਤ"
HEAD OFFICE
F 388, Industrial Area,
Sector 74, Sahibzada Ajit
ਛੋਟਾ ਇਸ਼ਤਿਹਾਰ
ਵੱਡਾ ਵਪਾਰ

# ਪ੍ਰਾਪਰਟੀ ਆਈਡੀ ਨੂੰ ਲੈ ਕੇ ਕੋਈ ਵੀ ਸਮੱਸਿਆ ਸੀਐਮ ਦਫ਼ਤਰ ਨਾ ਆਵੇ : ਮੁੱਖ ਮੰਤਰੀ ਸੈਣੀ

ਚੰਡੀਗੜ੍ਹ, 19 ਅਗਸਤ
(ਪੈਗਾਮ-ਏ-ਜਗਤ)

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਨਿਰਦੇਸ਼ ਦਿੱਤੇ ਕਿ ਪ੍ਰਾਪਰਟੀ ਆਈਡੀ ਨੂੰ ਲੈ ਕੇ ਕੋਈ ਵੀ ਸਮੱਸਿਆ ਮੁੱਖ ਮੰਤਰੀ ਦਫ਼ਤਰ ਵਿੱਚ ਆਵੇਗੀ ਤਾਂ ਸਬੰਧਤ ਅਧਿਕਾਰੀ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇਗੀ। ਇਸ ਲਈ ਅਧਿਕਾਰੀ ਉਨ੍ਹਾਂ ਦਾ ਨਿਪਟਾਰਾ ਆਪਣੇ ਪੱਧਰ 'ਤੇ ਜਲਦੀ ਯਕੀਨੀ ਬਣਾਉਣ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਚੰਡੀਗੜ੍ਹ ਵਿੱਚ ਸ਼ਹਿਰੀ ਸਥਾਨਕ ਨਿਕਾਏ, ਨਗਰ ਯੋਜਨਾਕਾਰ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਪੀਆਈਡੀ ਨੂੰ ਲੈ ਕੇ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਮਾਲ ਅਤੇ ਆਫ਼ਤ ਪ੍ਰਬੰਧਨ ਅਤੇ ਸ਼ਹਿਰੀ ਸਥਾਨਕ ਨਿਕਾਏ ਮੰਤਰੀ ਵਿਪੁਲ ਗੋਇਲ ਵੀ ਮੌਜੂਦ ਰਹੇ।

ਮੁੱਖ ਮੰਤਰੀ ਨੇ ਕਿਹਾ ਕਿ ਕ੍ਰੀਡ ਦੇ ਨਾਲ ਸ਼ਹਿਰੀ ਸਥਾਨਕ ਨਿਕਾਏ ਦੀ ਤਾਲਮੇਲ ਮੀਟਿੰਗ ਆਯੋਜਿਤ ਕਰਕੇ ਪੀਆਈਡੀ ਨਾਲ ਸਬੰਧਤ ਸਮੱਸਿਆਵਾਂ ਦਾ ਤੇਜ਼ੀ ਨਾਲ ਹੱਲ ਯਕੀਨੀ ਬਣਾਇਆ ਜਾਵੇ ਤਾਂ ਜੋ ਜਨਤਾ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪੂਰੇ ਸਿਸਟਮ ਨੂੰ ਵੀ ਦਰੁਸਤ ਕਰਨ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੇ ਕਿਹਾ ਕਿ 4,42,570 ਪ੍ਰਾਪਰਟੀਜ਼ ਦੀਆਂ 2,79,658 ਪੀਆਈਡੀ ਪ੍ਰਵਾਨ ਕੀਤੀਆਂ ਜਾ ਚੁੱਕੀਆਂ ਹਨ। ਬਾਕੀ ਪ੍ਰਾਪਰਟੀਜ਼ ਦੀ ਆਈਡੀ ਨੂੰ ਵੀ ਜਲਦੀ ਹੀ ਪੂਰਾ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਵੰਡੀਆਂ ਜਾਣ ਵਾਲੀਆਂ 63,878 ਪੀਆਈਡੀ ਵਿੱਚੋਂ ਵੀ

- ਪੀਆਈਡੀ ਨਾਲ ਸਬੰਧਤ ਸਮੱਸਿਆਵਾਂ ਦਾ ਤੇਜ਼ੀ ਨਾਲ ਕੀਤਾ ਜਾਵੇ ਹੱਲ




36,545 ਪੀਆਈਡੀ ਪ੍ਰਵਾਨ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ 50,50,072 ਪ੍ਰਾਪਰਟੀਜ਼ ਵਿੱਚੋਂ ਸਥਾਨਕ ਨਿਕਾਏ ਨਾਲ ਸਬੰਧਤ 19,403 ਇਤਰਾਜ਼ ਪੈਂਡਿੰਗ ਹਨ। ਉਨ੍ਹਾਂ ਨੂੰ ਵੀ ਜਲਦ ਤੋਂ ਜਲਦ ਪੂਰਾ ਕਰ ਲਿਆ ਜਾਵੇਗਾ। ਮੁੱਖ ਮੰਤਰੀ ਨੇ ਪ੍ਰਾਪਰਟੀ ਆਈਡੀ ਬਾਰੇ ਵਿਸਤਾਰਪੂਰਵਕ ਜਾਣਕਾਰੀ ਲੈਂਦਿਆਂ ਕਿਹਾ ਕਿ ਵੈਧ (ਕਾਨੂੰਨੀ) ਕਾਲੋਨੀਆਂ ਦੀ ਸੀਮਾ ਵਿੱਚ ਜੇਕਰ ਕੋਈ ਪਲਾਟ ਖਾਲੀ ਹੈ ਤਾਂ ਉਸਨੂੰ ਵੀ ਵੈਧ ਮੰਨਦੇ ਹੋਏ ਐਚ.ਐਸ.ਵੀ.ਪੀ. ਦੀ ਤਰਜ਼ 'ਤੇ ਐਕਸਟੈਂਸ਼ਨ ਫੀਸ ਲੈ ਕੇ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਤੋਂ ਇਲਾਵਾ ਜੇਕਰ ਕਿਸੇ ਪਲਾਟ ਜਾਂ ਮਕਾਨ ਵਿੱਚ ਕਮਰਸ਼ੀਅਲ (ਵਪਾਰਕ) ਗਤੀਵਿਧੀਆਂ ਚੱਲ ਰਹੀਆਂ ਹਨ ਤਾਂ ਉਸਨੂੰ ਵੀ ਵਿਕਾਸ ਫੀਸ ਆਦਿ ਚਾਰਜ ਲੈ ਕੇ ਮਨਜ਼ੂਰੀ ਦਿੱਤੀ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਜ਼ਮੀਨ ਨੂੰ ਖੇਤੀਬਾੜੀ, ਕਮਰਸ਼ੀਅਲ ਅਤੇ ਰੈਜ਼ੀਡੈਂਸ਼ੀਅਲ (ਰਿਹਾਇਸ਼ੀ) ਵਿੱਚ ਵੰਡ ਕੇ ਮੁਲਾਂਕਣ ਕੀਤਾ ਜਾਵੇ। ਇਸੇ ਤਰ੍ਹਾਂ ਮਾਪਦੰਡ ਪੂਰੇ ਕਰਨ ਵਾਲੀਆਂ ਸਾਰੀਆਂ ਕਾਲੋਨੀਆਂ ਨੂੰ ਵੈਧ ਘੋਸ਼ਿਤ ਕਰਨ ਲਈ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਫੈਮਿਲੀ ਆਈਡੀ ਅਤੇ ਪ੍ਰਾਪਰਟੀ ਆਈਡੀ ਦੇ ਮਿਸਮੈਚ ਨੂੰ ਵੀ ਦੂਰ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਗ੍ਰਾਮੀਣ ਖੇਤਰਾਂ ਵਿੱਚ 1 ਕਰੋੜ 39 ਲੱਖ ਪ੍ਰਾਪਰਟੀ ਆਈਡੀ ਵਿੱਚੋਂ 31 ਲੱਖ ਪ੍ਰਾਪਰਟੀ ਆਈਡੀ ਦਾ ਆਧਾਰ ਕਾਰਡ ਨਾਲ ਮਿਲਾਨ ਕਰ ਲਿਆ ਗਿਆ ਹੈ। ਬਾਕੀ ਪੀਆਈਡੀ ਦਾ ਲਗਭਗ ਇੱਕ ਸਾਲ ਵਿੱਚ ਮਿਲਾਨ ਕਰ ਲਿਆ ਜਾਵੇਗਾ। ਇਸ ਤੋਂ ਇਲਾਵਾ ਸ਼ਹਿਰੀ ਖੇਤਰਾਂ ਵਿੱਚ ਪੀਆਈਡੀ ਨੂੰ ਲੈ ਕੇ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਨਵੀਂ ਪਾਲਿਸੀ ਤਹਿਤ ਸਮਾਧਾਨ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਬਿਲਡਰਾਂ ਦੁਆਰਾ ਬਲਕ (ਹੋਕ) ਵਿੱਚ ਨਵੀਂ ਪੀਆਈਡੀ ਜਨਰੇਟ ਕਰਨ, ਵਿਅਕਤੀਗਤ ਅਤੇ ਪੁਰਾਣੀ ਰਜਿਸਟਰੀ 'ਤੇ ਵਿਅਕਤੀਗਤ ਸਬ-ਆਈਡੀ ਬਣਾਉਣ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਇਹਨਾਂ ਦਾ ਹੱਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਮੀਟਿੰਗ ਵਿੱਚ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਗੁਪਤਾ, ਮੁੱਖ ਮੰਤਰੀ ਦੇ ਓ.ਐਸ.ਡੀ. ਬੀ.ਬੀ. ਭਾਰਤੀ, ਉਪ ਪ੍ਰਧਾਨ ਸਕੱਤਰ ਡਾ. ਯਸ਼ਪਾਲ ਯਾਦਵ, ਕਮਿਸ਼ਨਰ ਅਤੇ ਸਕੱਤਰ ਅਸ਼ੋਕ ਕੁਮਾਰ ਮੀਣਾ, ਡਾਇਰੈਕਟਰ ਯੂ.ਐਲ.ਬੀ. ਮੁਕੁਲ ਕੁਮਾਰ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਦੇ ਐਮ.ਐੱਸ.ਸੀ. ਆਈ.ਟੀ. ਚੌਥੇ ਸੈਮੇਸਟਰ ਦੇ ਸ਼ਾਨਦਾਰ ਨਤੀਜੇ

ਪੈਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਸਰਕਾਰ ਦੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਅਧੀਨ ਚਲਦੇ ਸਰਕਾਰੀ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ, ਹੁਸ਼ਿਆਰਪੁਰ ਕੈਂਪਸ ਦੇ ਮਾਸਟਰ ਆਫ ਸਾਇੰਸ ਇਨ ਆਈ.ਟੀ. (ਐਮ.ਐੱਸ.ਸੀ. ਆਈ.ਟੀ.) ਚੌਥੇ ਸੈਮੇਸਟਰ ਦੇ ਨਤੀਜੇ ਸ਼ਾਨਦਾਰ ਰਹੇ। ਇਹ ਸੰਸਥਾ ਵਿਭਾਗ ਵੱਲੋਂ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਚਲਾਏ ਜਾ ਰਹੇ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਸੰਸਥਾਨਾਂ ਲਈ ਨੋਡਲ ਦਫ਼ਤਰ ਦੇ ਤੌਰ 'ਤੇ ਵੀ ਕੰਮ ਕਰ ਰਹੀ ਹੈ ਅਤੇ ਇਹ ਆਈ.ਕੇ.ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ। ਕੈਂਪਸ ਡਾਇਰੈਕਟਰ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ (ਰਿਟਾ.) ਬਲਜਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਐਮ.ਐੱਸ.ਸੀ. ਆਈ.ਟੀ. ਦੇ ਚੌਥੇ ਸੈਮੇਸਟਰ ਦੇ ਨਤੀਜਿਆਂ ਵਿੱਚ ਹਰਮਨ ਨੇ 9.00



ਸੀ.ਜੀ.ਪੀ.ਏ. ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ, ਅਨਮੋਲਜੀਤ ਕੌਰ ਨੇ 8.67 ਸੀ.ਜੀ.ਪੀ.ਏ. ਨਾਲ ਦੂਜਾ ਅਤੇ ਰਮਨਪ੍ਰੀਤ ਕੌਰ ਨੇ 7.83 ਸੀ.ਜੀ.ਪੀ.ਏ. ਨਾਲ ਤੀਜਾ ਸਥਾਨ ਹਾਸਲ ਕੀਤਾ।

ਉਨ੍ਹਾਂ ਕਾਲਜ ਦੀ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਸੈਣੀ, ਅਕਾਦਮਿਕ ਸਟਾਫ਼ ਅਤੇ ਵਿਦਿਆਰਥੀਆਂ ਨੂੰ ਸ਼ਾਨਦਾਰ ਪਰੀਖਿਆ ਨਤੀਜਿਆਂ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ਦੀ ਮਹਨਤ, ਲਗਨ ਅਤੇ ਅਧਿਆਪਕਾਂ ਵੱਲੋਂ ਮੁਹੱਈਆ ਕਰਵਾਏ ਜਾ ਰਹੇ ਗੁਣਵੱਤਾਪੂਰਨ ਅਧਿਆਪਨ ਦਾ ਨਤੀਜਾ ਹੈ। ਉਨ੍ਹਾਂ ਵਿਦਿਆਰਥੀਆਂ ਦੇ ਰੋਸ਼ਨ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਨੂੰ ਐਸੇ ਹੀ ਮਹਨਤ ਅਤੇ ਲਗਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਕਾਲਜ ਦੇ ਅਕਾਦਮਿਕ ਸਟਾਫ਼ ਵਿੱਚ ਸ਼ਾਮਲ ਪ੍ਰੋ. ਗੌਰੂ ਤਿਵਾਰੀ, ਪ੍ਰੋ. ਸੁਖਵਿੰਦਰ ਸਿੰਘ, ਪ੍ਰੋ. ਜਸਵੀਰ ਸਿੰਘ, ਪ੍ਰੋ. ਚਾਂਦਨੀ ਸ਼ਰਮਾ ਅਤੇ ਪ੍ਰੋ. ਸੰਦੀਪ ਕੌਰ ਸਮੇਤ ਸਮੂਹ ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ। ਕਾਲਜ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਸੈਣੀ ਨੇ ਵੀ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਦੇ ਅਕਾਦਮਿਕ ਸਟਾਫ਼ ਦੀ ਮਿਹਨਤ ਅਤੇ ਸਮਰਪਣ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਅਤੇ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਸੰਸਥਾ ਦਾ ਸਟਾਫ਼ ਲਗਾਤਾਰ ਕੋਸ਼ਿਸ਼ਸ਼ੀਲ ਹੈ।

ਉਨ੍ਹਾਂ ਸਟਾਫ਼ ਨੂੰ ਭਵਿੱਖ ਵਿੱਚ ਵੀ ਇਸੇ ਲਗਨ ਅਤੇ ਮਹਨਤ ਨਾਲ ਕੰਮ ਕਰਦੇ ਹੋਏ ਸੰਸਥਾ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਲਈ ਪ੍ਰੋਤਸਾਹਿਤ ਕੀਤਾ।

# ਸਤੌਜ (ਸੰਗਰੂਰ) ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ ਐਨ.ਪੀ.ਐਸ ਮੁਲਾਜ਼ਮ

ਪੈਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਸੀ.ਪੀ.ਐਫ ਕਰਮਚਾਰੀ ਯੂਨੀਅਨ ਅਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਵੱਲੋਂ ਸੰਯੁਕਤ ਰੂਪ ਵਿੱਚ ਬਣਾਏ ਪੁਰਾਣੀ ਪੈਨਸ਼ਨ ਬਹਾਲੀ ਮੰਚ ਵੱਲੋਂ 'ਆਪ' ਸਰਕਾਰ ਵੱਲੋਂ ਕੀਤੇ ਵਾਅਦੇ ਅਤੇ ਦਾਅਵਿਆਂ ਦੀ ਫੂਕ ਕੱਢਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ ਸਤੌਜ (ਸੰਗਰੂਰ) ਵਿਖੇ 23 ਅਗਸਤ ਦਿਨ ਐਤਵਾਰ ਨੂੰ ਇੱਕ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ ਇਸ ਰੈਲੀ ਵਿੱਚ ਕੋਟ ਫਤੂਹੀ ਬਲਾਕ ਤੋਂ ਵੀ



ਵੱਡੀ ਗਿਣਤੀ ਵਿੱਚ ਐਨ.ਪੀ.ਐਸ ਮੁਲਾਜ਼ਮ ਸ਼ਾਮਿਲ ਹੋਣਗੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂ ਨਰਿੰਦਰ ਅਜਨੋਹਾ, ਉਂਕਾਰ ਸਿੰਘ, ਹਰਮਨੋਜ ਕੁਮਾਰ ਅਤੇ ਅਜੇ ਕੁਮਾਰ ਨੇ ਕੀਤਾ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਿਤੀ 18 ਨਵੰਬਰ 2022 ਦੇ ਪੁਰਾਣੀ ਪੈਨਸ਼ਨ ਬਹਾਲੀ ਦੇ ਨੋਟੀਫਿਕੇਸ਼ਨ ਨੂੰ ਲੱਗਭਗ ਚਾਰ ਸਾਲ ਬੀਤ ਜਾਣ ਤੇ ਵੀ ਜਮੀਨੀ ਪੱਧਰ ਤੇ ਲਾਗੂ ਨਹੀਂ ਕੀਤਾ ਜਾ ਰਿਹਾ ਜਿਸਨੂੰ ਲੈ ਕੇ ਪੰਜਾਬ ਦੇ ਦੋ ਲੱਖ ਕਰਮਚਾਰੀਆਂ ਵਿੱਚ ਸਰਕਾਰ ਖਿਲਾਫ਼ ਬੇਹਦ ਰੋਸ ਅਤੇ ਗੁੱਸਾ ਹੈ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋ ਜਾਂਦੀ ਤਦ ਤੱਕ ਸੰਘਰਸ਼ ਜਾਰੀ ਰਹੇਗਾ ਇਸ ਮੌਕੇ ਨਰਿੰਦਰ ਅਜਨੋਹਾ, ਉਂਕਾਰ ਸਿੰਘ, ਹਰਮਨੋਜ ਕੁਮਾਰ, ਅਜੇ ਕੁਮਾਰ, ਧਰਮਿੰਦਰ ਸਿੰਘ, ਸੁਖਜੀਵਨ ਸਿੰਘ, ਕਰਮਵੀਰ ਸਿੰਘ, ਕੁਲਵਿੰਦਰ ਸਿੰਘ, ਦਵਿੰਦਰ ਕੁਮਾਰ, ਅਨਿਲ ਕੁਮਾਰ, ਹਰਮਨਪ੍ਰੀਤ ਸਿੰਘ ਅਤੇ ਹਰਭਜਨ ਸਿੰਘ ਆਦਿ ਐਨ.ਪੀ.ਐਸ ਮੁਲਾਜ਼ਮ ਹਾਜ਼ਰ ਸਨ।

# ਭਾਰੀ ਬਾਰਿਸ਼ ਦੇ ਬਾਵਜੂਦ ਪੰਚਕੂਲਾ ਵਿੱਚ ਨਹੀਂ ਹੋਇਆ ਜਲ-ਭਰਾਅ, ਪੀਐਮਡੀਏ ਦੀ ਮੁਸਤੈਦੀ ਨਾਲ ਹੋਈ ਪਾਣੀ ਦੀ ਤੁਰੰਤ ਨਿਕਾਸੀ

ਪੈਗਾਮ-ਏ-ਜਗਤ/ਚੰਡੀਗੜ੍ਹ
19 ਅਗਸਤ (ਹਰਮਿੰਦਰ ਸਿੰਘ ਨਾਗਪਾਲ)

ਪੰਚਕੂਲਾ ਵਿੱਚ ਕੱਲ੍ਹ ਹੋਈ ਭਾਰੀ ਬਾਰਿਸ਼ ਦੇ ਬਾਵਜੂਦ ਪੰਚਕੂਲਾ ਮਹਾਨਗਰ ਵਿਕਾਸ ਅਥਾਰਟੀ ਵੱਲੋਂ ਪਹਿਲਾਂ ਤੋਂ ਕੀਤੀਆਂ ਤਿਆਰੀਆਂ ਅਤੇ ਤੁਰੰਤ ਕੀਤੀ ਗਈ ਕਾਰਵਾਈ ਦੇ ਕਾਰਨ ਸ਼ਹਿਰ ਵਿੱਚ ਕਿਤੇ ਵੀ ਵੱਡੇ ਪੱਧਰ 'ਤੇ ਜਲ-ਭਰਾਅ ਨਹੀਂ ਹੋਇਆ। ਬਾਰਿਸ਼ ਦੇ ਪਾਣੀ ਦੀ ਨਿਕਾਸੀ ਦੀ ਵਿਵਸਥਾ ਸੁਚਾਰੂ ਰਹੀ ਅਤੇ ਲੋਕਾਂ ਨੂੰ ਕਿਸੇ ਵੱਡੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਿਆ।

ਪੀਐਮਡੀਏ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ਼੍ਰੀ ਕੇ.ਐਮ. ਪਾਂਡੂਰੰਗ ਦੇ ਨਿਰਦੇਸ਼ਾਂ 'ਤੇ ਅਥਾਰਟੀ ਦੀ ਇੰਜੀਨੀਅਰਿੰਗ ਅਤੇ ਮੈਦਾਨੀ ਟੀਮਾਂ ਪੂਰੀ ਤਰ੍ਹਾਂ ਸੁਚੇਤ ਰਹੀਆਂ। ਪਾਣੀ ਜਮ੍ਹਾਂ ਹੋਣ ਦੀ ਸੰਭਾਵਨਾ ਵਾਲੇ ਸਥਾਨਾਂ 'ਤੇ ਲਗਾਤਾਰ ਨਜ਼ਰ ਰੱਖੀ ਗਈ। ਜਿੱਥੇ ਵੀ ਪਾਣੀ ਜਮ੍ਹਾਂ ਹੋਣ ਦੀ ਸੂਚਨਾ ਮਿਲੀ ਜਾਂ ਪਾਣੀ ਜਮ੍ਹਾਂ ਹੋਣ ਦਾ ਖ਼ਦਸ਼ਾ ਸੀ, ਉੱਥੇ ਟੀਮਾਂ ਤੁਰੰਤ ਪਹੁੰਚੀਆਂ ਅਤੇ ਪਾਣੀ ਦੀ ਨਿਕਾਸੀ ਕਰਵਾਈ। ਬਾਰਿਸ਼ ਤੋਂ ਪਹਿਲਾਂ ਹੀ ਪਾਣੀ ਦੀ ਨਿਕਾਸੀ ਦੀ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਸੜਕਾਂ ਦੇ ਕਿਨਾਰੇ ਬਣੇ ਪਾਣੀ ਨਿਕਾਸੀ ਨਾਲਿਆਂ ਦੀ ਚੰਗੀ ਤਰ੍ਹਾਂ ਸਫ਼ਾਈ ਅਤੇ ਮੁਰੰਮਤ ਕਰਵਾਈ

- ਪੀਐਮਡੀਏ ਦੀਆਂ ਟੀਮਾਂ 24 ਘੰਟੇ ਰਹੀਆਂ ਸੁਚੇਤ, ਸੰਵੇਦਨਸ਼ੀਲ ਸਥਾਨਾਂ 'ਤੇ ਲਗਾਤਾਰ ਰੱਖੀ ਨਜ਼ਰ
- ਮੁੱਖ ਕਾਰਜਕਾਰੀ ਅਧਿਕਾਰੀ ਕੇ.ਐਮ. ਪਾਂਡੂਰੰਗ ਨੇ ਖ਼ੁਦ ਮੌਕੇ 'ਤੇ ਪਹੁੰਚ ਕੇ ਵਿਵਸਥਾਵਾਂ ਦਾ ਲਿਆ ਜਾਇਜ਼ਾ

ਗਈ ਸੀ। ਜਿੱਥੇ ਲੋੜ ਸੀ, ਉੱਥੇ ਨਵੇਂ ਪਾਣੀ ਨਿਕਾਸੀ ਰਸਤੇ ਵੀ ਬਣਾਏ ਗਏ। ਚੌਕ-ਚੌਰਾਹਿਆਂ ਅਤੇ ਪਾਣੀ ਜਮ੍ਹਾਂ ਹੋਣ ਦੇ ਖ਼ਦਸ਼ੇ ਵਾਲੇ ਹੋਰ ਸਥਾਨਾਂ 'ਤੇ ਵੀ ਜਲ ਨਿਕਾਸੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਸ਼ਹਿਰ ਵਿੱਚ ਬਾਰਿਸ਼ ਦੇ ਪਾਣੀ ਦੀ ਨਿਕਾਸੀ ਲਈ ਬਣੇ ਮੁੱਖ ਨਾਲਿਆਂ ਅਤੇ ਭੂਮੀਗਤ ਨਿਕਾਸੀ ਪ੍ਰਣਾਲੀ ਦੀ ਵੀ ਸਫ਼ਾਈ ਕਰਵਾਈ ਗਈ ਸੀ। ਬਾਰਿਸ਼ ਸ਼ੁਰੂ ਹੋਣ ਤੋਂ ਪਹਿਲਾਂ ਨਾਲਿਆਂ ਦੀ ਦੋ ਤੋਂ ਤਿੰਨ ਵਾਰ ਗਾਰ (ਗਾਦ) ਕੱਢ ਕੇ ਸਫ਼ਾਈ ਕੀਤੀ ਗਈ, ਤਾਂ ਜੋ ਤੇਜ਼ ਬਾਰਿਸ਼ ਦੌਰਾਨ ਪਾਣੀ ਆਸਾਨੀ ਨਾਲ ਨਿਕਲ ਸਕੇ। ਭਾਰੀ ਬਾਰਿਸ਼ ਦੌਰਾਨ ਪੀਐਮਡੀਏ ਦੀਆਂ ਵੱਖ-ਵੱਖ ਟੀਮਾਂ ਦਿਨ-ਰਾਤ ਮੌਕੇ 'ਤੇ ਤਾਇਨਾਤ ਰਹੀਆਂ। ਪਾਣੀ ਨਿਕਾਸੀ ਦੇ ਰਸਤਿਆਂ ਵਿੱਚ ਕਿਤੇ ਵੀ ਕਚਰਾ ਜਾਂ ਹੋਰ ਰੁਕਾਵਟ ਮਿਲਣ 'ਤੇ ਉਸਨੂੰ ਤੁਰੰਤ ਹਟਾਇਆ ਗਿਆ। ਕਿਸੇ ਵੀ ਸਥਾਨ 'ਤੇ ਪਾਣੀ ਜਮ੍ਹਾਂ ਹੋਣ ਦੀ ਸਥਿਤੀ ਵਿੱਚ ਟੀਮਾਂ ਨੇ ਬਿਨਾਂ ਦੇਰੀ ਦੇ ਕਾਰਵਾਈ ਕੀਤੀ।

ਘੱਗਰ ਨਦੀ ਦੇ ਕਿਨਾਰਿਆਂ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਨਦੀ ਦੇ ਕਿਨਾਰਿਆਂ ਨੂੰ ਪਹਿਲਾਂ ਤੋਂ ਮਜ਼ਬੂਤ ਕੀਤਾ ਗਿਆ ਸੀ, ਤਾਂ ਜੋ ਤੇਜ਼ ਵਹਾਅ ਦੇ ਕਾਰਨ ਮਿੱਟੀ ਦਾ ਖੋਰ (ਕਟਾਅ) ਨਾ ਹੋਵੇ ਅਤੇ ਆਸ-ਪਾਸ ਦੇ ਖੇਤਰਾਂ ਦੀ ਸੁਰੱਖਿਆ ਬਣੀ ਰਹੇ।

ਪੀਐਮਡੀਏ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ਼੍ਰੀ ਕੇ.ਐਮ. ਪਾਂਡੂਰੰਗ ਨੇ ਖ਼ੁਦ ਇੰਜੀਨੀਅਰਿੰਗ ਟੀਮ ਨਾਲ ਪੰਚਕੂਲਾ ਦੀਆਂ ਵੱਖ-ਵੱਖ ਸੜਕਾਂ ਅਤੇ ਸੰਵੇਦਨਸ਼ੀਲ ਸਥਾਨਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਪਾਣੀ ਨਿਕਾਸੀ ਦੀ ਵਿਵਸਥਾ ਦਾ ਮੌਕੇ 'ਤੇ ਨਿਰੀਖਣ ਕੀਤਾ ਅਤੇ ਜਿੱਥੇ ਵੀ ਲੋੜ ਸੀ, ਉੱਥੇ ਤੁਰੰਤ ਪਾਣੀ ਕੱਢਣ ਦੇ ਨਿਰਦੇਸ਼ ਦਿੱਤੇ।

ਪੀਐਮਡੀਏ ਦੀਆਂ ਪਹਿਲਾਂ ਤੋਂ ਕੀਤੀਆਂ ਤਿਆਰੀਆਂ, ਲਗਾਤਾਰ ਨਿਗਰਾਨੀ ਅਤੇ ਮੌਕੇ 'ਤੇ ਤੁਰੰਤ ਕਾਰਵਾਈ ਦੇ ਕਾਰਨ ਭਾਰੀ ਬਾਰਿਸ਼ ਦੇ ਬਾਵਜੂਦ ਪੰਚਕੂਲਾ ਵਿੱਚ ਕਿਸੇ ਵੱਡੇ ਜਲ-ਭਰਾਅ ਦੀ ਸਥਿਤੀ ਨਹੀਂ ਬਣੀ ਅਤੇ ਨਾ ਹੀ ਕਿਸੇ ਅਣਸੁਖਾਵੀਂ ਘਟਨਾ ਦੀ ਸੂਚਨਾ ਮਿਲੀ।

# ਸਰਕਾਰੀ ਕਾਲਜ ਬੀਟਨ ਵਿਖੇ ਨਸ਼ਾ ਮੁਕਤ ਭਾਰਤ ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮ ਆਯੋਜਿਤ

ਪੈਗਾਮ-ਏ-ਜਗਤ/ਹਰੋਲੀ/ਊਨਾ
19 ਅਗਸਤ (ਰਾਜਵੀਰ ਚੋਪੜਾ)

ਸੰਤ ਬਾਬਾ ਢੰਗੂ ਵਾਲੇ ਗੁੱਜਰ ਸਰਕਾਰੀ ਕਾਲਜ ਬੀਟਨ ਵਿਖੇ ਯੂਥ ਰੈੱਡ ਕਰਾਸ ਕਲੱਬ, ਰੋਵਰ ਅਤੇ ਰੇਂਜਰ ਯੂਨਿਟ, ਰਾਸ਼ਟਰੀ ਸੇਵਾ ਯੋਜਨਾ, ਐਂਟੀ ਡਰੱਗ ਸੈੱਲ ਅਤੇ ਇਲੈਕਟੋਰਲ ਲਿਟਰੇਸੀ ਕਲੱਬ ਦੇ ਸਾਂਝੇ ਸਹਿਯੋਗ ਨਾਲ "ਨਸ਼ਾ ਮੁਕਤ ਭਾਰਤ ਮੁਹਿੰਮ" ਤਹਿਤ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ 19 ਅਗਸਤ 2026 ਨੂੰ ਸਵੇਰੇ 11:30 ਵਜੇ ਕਮਰਾ ਨੰਬਰ 02 ਵਿੱਚ ਕੀਤਾ ਗਿਆ। ਪ੍ਰੋਗਰਾਮ ਤਹਿਤ 18 ਅਤੇ 19 ਅਗਸਤ 2026 ਨੂੰ ਵਿਦਿਆਰਥੀਆਂ ਅਤੇ ਕਾਲਜ ਦੇ ਮੈਂਬਰਾਂ ਵੱਲੋਂ ਨਸ਼ਿਆਂ ਦੇ ਵਿਰੁੱਧ ਈ-ਪਲੇਜ ਵੀ ਲਿਆ ਗਿਆ। ਇਸ ਈ-ਸਹੁੰ ਰਾਹੀਂ ਭਾਗੀਦਾਰਾਂ ਨੇ ਨਸ਼ੀਲੇ ਪਦਾਰਥਾਂ ਤੋਂ ਦੂਰ ਰਹਿਣ ਅਤੇ ਸਮਾਜ ਵਿੱਚ ਨਸ਼ਾ ਮੁਕਤੀ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਸੰਕਲਪ ਲਿਆ।



ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ, ਅਨੁਸ਼ਾਸਿਤ ਅਤੇ ਜ਼ਿੰਮੇਵਾਰ ਜੀਵਨ ਜਿਊਣ ਲਈ ਪ੍ਰੇਰਿਤ ਕਰਨਾ ਸੀ। ਪ੍ਰੋਗਰਾਮ ਦੌਰਾਨ ਨਸ਼ਿਆਂ ਦੇ ਸਮਾਜਿਕ, ਸਰੀਰਕ ਅਤੇ ਮਾਨਸਿਕ ਮਾੜੇ ਪ੍ਰਭਾਵਾਂ 'ਤੇ ਵਿਸ਼ੇਸ਼ ਤੌਰ 'ਤੇ ਚਰਚਾ ਕੀਤੀ ਗਈ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਡਾ. ਬੂੰਟਾ ਰਾਮ, ਨੋਡਲ ਅਫ਼ਸਰ, ਇਲੈਕਟੋਰਲ ਲਿਟਰੇਸੀ ਕਲੱਬ ਨੇ ਬੀ.ਕੇ. ਆਸ਼ਾ, ਸੈਂਟਰ ਇੰਚਾਰਜ, ਬ੍ਰਹਮਾਕੁਮਾਰੀਜ਼, ਰੱਕੜ ਕਲੋਨੀ, ਊਨਾ (ਹਿ.ਪ੍ਰ.) ਅਤੇ ਉਨ੍ਹਾਂ ਦੀ ਟੀਮ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੇ ਨਸ਼ਾ ਮੁਕਤੀ ਦੇ ਖੇਤਰ ਵਿੱਚ ਬ੍ਰਹਮਾਕੁਮਾਰੀਜ਼ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਕਾਲਜ ਦੀ ਪ੍ਰਿੰਸੀਪਲ ਡਾ. ਸੁਮਿਕਸ਼ਾ ਗੁਪਤਾ ਨੇ ਸਰੋਤ ਵਿਅਕਤੀਆਂ ਅਤੇ ਉਨ੍ਹਾਂ ਦੀ ਟੀਮ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਖੁਦ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੇ ਪਰਿਵਾਰ ਅਤੇ ਸਮਾਜ ਵਿੱਚ ਵੀ ਨਸ਼ਾ ਮੁਕਤੀ ਦਾ ਸੰਦੇਸ਼ ਫੈਲਾਉਣ। ਉਨ੍ਹਾਂ ਕਿਹਾ ਕਿ ਸਿਹਤਮੰਦ ਅਤੇ ਨਸ਼ਾ ਮੁਕਤ ਨੌਜਵਾਨ ਹੀ ਇੱਕ ਸਿਹਤਮੰਦ ਅਤੇ ਵਿਕਸਤ ਰਾਸ਼ਟਰ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਇਸ ਮੌਕੇ ਬੀ.ਕੇ. ਆਸ਼ਾ, ਸੈਂਟਰ ਇੰਚਾਰਜ, ਬ੍ਰਹਮਾਕੁਮਾਰੀਜ਼, ਰੱਕੜ ਕਲੋਨੀ, ਊਨਾ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਕਾਰਾਤਮਕ ਸੋਚ, ਆਤਮ-ਅਨੁਸ਼ਾਸਨ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ ਅਤੇ ਨਸ਼ਿਆਂ ਦੇ ਵਿਰੁੱਧ ਜਾਗਰੂਕਤਾ ਫੈਲਾਉਣ ਦਾ ਸੰਕਲਪ ਲਿਆ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਪ੍ਰੋ. ਸ਼ਿਵੇਂਦਰ ਸ਼੍ਰੀਵਾਸਤਵ, NSS ਇੰਚਾਰਜ, ਅਤੇ ਸਾਰੇ ਸਬੰਧਤ ਕਲੱਬਾਂ ਅਤੇ ਯੂਨਿਟਾਂ ਦੇ ਮੈਂਬਰਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ। ਪ੍ਰੋਗਰਾਮ ਦੇ ਅੰਤ ਵਿੱਚ ਡਾ. ਬੂੰਟਾ ਰਾਮ ਨੇ ਬ੍ਰਹਮਾਕੁਮਾਰੀਜ਼, ਰੱਕੜ ਕਲੋਨੀ, ਊਨਾ ਦੀ ਪੂਰੀ ਟੀਮ ਦਾ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਅਤੇ ਨਸ਼ਾ ਮੁਕਤ ਭਾਰਤ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਪ੍ਰੋਗਰਾਮ ਦਾ ਮੁੱਖ ਸੰਦੇਸ਼ ਸੀ ਕਿ "ਨਸ਼ਿਆਂ ਤੋਂ ਮੁਕਤ ਨੌਜਵਾਨ ਹੀ ਸਿਹਤਮੰਦ ਸਮਾਜ ਅਤੇ ਮਜ਼ਬੂਤ ਰਾਸ਼ਟਰ ਦੀ ਨੀਂਹ ਹਨ।

# ਫੁੱਟਬਾਲ ਪਲੇਅਰਜ਼ ਵੈਲਫੇਅਰ ਸੁਸਾਇਟੀ ਮਾਹਿਲਪੁਰ ਵਲੋਂ ਸਟਾਰ ਫੁੱਟਬਾਲਰ ਮਨੀਸ਼ਾ ਕਲਿਆਣ ਦਾ ਸਨਮਾਨ

ਪੈਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪਿੰਡ ਮੁੱਗੋਵਾਲ ਦੇ ਮਜ਼ਦੂਰ ਪਰਿਵਾਰ ਨਾਲ ਸਬੰਧਿਤ ਭਾਰਤੀ ਫੁੱਟਬਾਲ ਦੀ ਸਟਾਰ ਖਿਡਾਰਨ ਪੂਰੀ ਦੁਨੀਆਂ ਵਿੱਚ ਆਪਣੇ ਬਾਪ ਸ੍ਰੀ ਨਰਿੰਦਰਪਾਲ ਜੀ ਤੇ ਮਾਤਾ ਰਾਜਕੁਮਾਰੀ ਜੀ ਦਾ ਸਿਰ ਫਖਰ ਨਾਲ ਉੱਚਾ ਕਰ ਰਹੀ ਹੈ।



ਮਹਿਜ਼ 13 ਸਾਲ ਦੀ ਉਮਰ ਤੋਂ ਐਥਲੈਟਿਕਸ ਰਾਹੀਂ ਸ਼ੁਰੂਆਤ ਕਰਨ ਵਾਲੀ ਮਨੀਸ਼ਾ ਕਲਿਆਣ ਤੇ ਜਦੋਂ ਮਾਹਿਰ ਕੋਚ ਸਾਹਿਬਾਨਾਂ ਦੀਆਂ ਪਾਰਖੂ ਨਜ਼ਰਾਂ ਪਈਆਂ ਤਾਂ ਉਨਾਂ ਮਨੀਸ਼ਾ ਨੂੰ ਫੁੱਟਬਾਲ ਦੀ ਖੇਡ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

ਬੱਸ ਫਿਰ ਦ੍ਰਿੜ ਇਰਾਦੇ ਤੇ ਧੁਨ ਦੀ ਪੱਕੀ ਮਨੀਸ਼ਾ ਕਲਿਆਣ ਨੇ ਮੁੜ ਪਿਛਾਂਹ ਨਹੀਂ ਦੇਖਿਆ ਆਰਥਿਕ ਤੰਗੀਆਂ ਤੇ ਸਮਾਜਿਕ ਪਾਬੰਦੀਆਂ ਦੀਆਂ ਅੜਚਨਾਂ ਨੂੰ ਸਿਦਕ ਤੇ ਮਿਹਨਤ ਨਾਲ ਉਲੰਘ ਕੇ ਮਨੀਸ਼ਾ ਕਲਿਆਣ ਨੇ ਫੁੱਟਬਾਲ ਦੀ ਨਰਸਰੀ ਇਲਾਕਾ ਮਾਹਿਲਪੁਰ ਸੂਬੇ ਪੰਜਾਬ ਤੇ ਦੇਸ਼ ਭਾਰਤ ਦੇ ਨਾਂ ਨੂੰ ਚਾਰ ਚੰਦ ਲਾਏ ਉਹ 2018 ਤੋਂ ਲੈ ਕੇ 2026 ਤੱਕ ਲਗਾਤਾਰ ਭਾਰਤੀ ਫੁੱਟਬਾਲ ਟੀਮ ਦੀ ਸਟਾਰ ਖਿਡਾਰਨ ਹੈ ਉਸ ਨੂੰ ਦੋ ਵਾਰ ਇੰਡੀਆ ਦੀ ਸਾਲ ਦੀ ਸਭ ਤੋਂ ਵਧੀਆ ਫੁੱਟਬਾਲਰ ਚੁਣੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ।

ਸੈਫ਼ ਖੇਡਾਂ ਦੀ ਚੈਂਪੀਅਨ ਰਹੀ ਮੈਡਲ ਜਿੱਤੇ ਤੇ ਏਸ਼ੀਅਨ ਖੇਡਾਂ ਵਿੱਚ ਵੀ ਆਪਣੀ ਖੇਡ ਕਲਾ ਦੇ ਜੌਹਰ ਦਿਖਾਏ ਉਸ ਨੇ ਰੂਸ ਤੇ ਬ੍ਰਾਜ਼ੀਲ ਖਿਲਾਫ਼ ਖੇਡਦਿਆਂ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਉਸ ਨੇ ਸਾਈਪ੍ਰਸ ਤੇ ਪੇਰੂ ਵਰਗੇ ਦੇਸ਼ਾਂ 'ਚ ਖੇਡਣ ਉਪਰੰਤ ਹੁਣ ਉਸ ਨੂੰ ਗ੍ਰੀਸ ਦੇ ਏ.ਈ.ਕੇ ਕਲੱਬ ਨੇ ਆਪਣੇ ਵਲੋਂ ਖੇਡਣ ਲਈ ਬੁਲਾਇਆ ਹੈ ਇੰਨੇ ਉੱਚ ਪੱਧਰੀ ਮੁਕਾਬਲੇ ਖੇਡਣ ਦੇ ਸਮਰੱਥ ਹੋਣ ਤੇ ਜਿੱਤਣ ਦੇ ਬਾਵਜੂਦ ਮਨੀਸ਼ਾ ਬਹੁਤ ਹੀ ਨਿਮਰਤਾ ਭਰਪੂਰ, ਸਾਊ ਸੁਭਾਅ ਦੀ ਮਾਲਕ ਹੈ।

ਉਸ ਦੀ ਦਿਲੀ ਚਾਹਤ ਹੈ ਕਿ ਪੰਜਾਬ ਤੇ ਭਾਰਤ ਸਰਕਾਰ ਉਸ ਨੂੰ ਉਸਦੀ ਬਣਦੀ ਯੋਗਤਾ ਅਨੁਸਾਰ ਸਰਕਾਰੀ ਨੌਕਰੀ ਪ੍ਰਦਾਨ ਕਰੇ ਤਾਂ ਜੋ ਉਹ ਲੰਬਾ ਸਮਾਂ ਸੂਬੇ ਤੇ ਦੇਸ਼ ਲਈ ਖੇਡ ਸਕੇ ਤੇ ਆਪਣੀਆਂ ਰੀਝਾਂ ਪੂਰੀਆਂ ਕਰ ਸਕੇ ਵਿਦੇਸ਼ਾਂ ਵਿੱਚ ਭਾਵੇਂ ਉਸ ਨੂੰ ਪੂਰਾ ਮਾਣ ਸਨਮਾਨ ਮਿਲ ਰਿਹੈ ਪਰ ਉਸ ਦੇ ਦਿਲ ਅੰਦਰ ਦੇਸ਼ ਅੰਦਰ ਵਸਣ ਤੇ ਖੇਡਣ ਦੀ ਤਾਂਘ ਹੈ ਅੱਜ ਫੁੱਟਬਾਲ ਪਲੇਅਰਜ਼ ਵੈਲਫੇਅਰ ਸੁਸਾਇਟੀ ਮਾਹਿਲਪੁਰ ਵਲੋਂ ਆਪਣੀ ਹੋਣਹਾਰ ਧੀ, ਮਹਾਨ ਫੁੱਟਬਾਲਰ ਮਨੀਸ਼ਾ ਕਲਿਆਣ ਨੂੰ ਜੱਦੀ ਘਰ ਜਾ ਸਨਮਾਨਿਤ ਕੀਤਾ ਤੇ ਉੱਜਵਲ ਭਵਿੱਖ ਲਈ ਸ਼ੁਭ ਕਾਮਨਾਵਾਂ ਭੇਂਟ ਕੀਤੀਆਂ। ਇਸ ਮੌਕੇ ਸਰਦਾਰ ਦਲਜੀਤ ਸਿੰਘ ਬਿੱਟੂ, ਸੰਦੀਪ ਸੈਣੀ, ਯਸ਼ਪਾਲ ਜੱਸੀ, ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਤੇ ਮਨਜਿੰਦਰ ਸਿੰਘ ਮਾਹਿਲਪੁਰ ਮੌਜੂਦ ਸਨ। ਉਨ੍ਹਾਂ ਨੇ ਵੀ ਸਟਾਰ ਫੁੱਟਬਾਲਰ ਮਨੀਸ਼ਾ ਕਲਿਆਣ ਦੀ ਆਵਾਜ਼ ਨੂੰ ਸਰਕਾਰੇ ਦਰਬਾਰੇ ਪਹੁੰਚਾਉਣ ਤੇ ਯੋਗ ਰੁਜ਼ਗਾਰ ਦਿਵਾਉਣ ਲਈ ਯਤਨ ਕਰਨ ਦਾ ਭਰੋਸਾ ਦਿਵਾਇਆ।

# ਫੇਜ਼-4 ਦੇ ਐਚ.ਐਮ. ਕਵਾਟਰਾਂ ਵਿੱਚ 315 ਕਿਲੋਵਾਟ ਦਾ ਟ੍ਰਾਂਸਫਾਰਮਰ ਲਗਾਇਆ

ਐਸ ਏ ਐਸ ਨਗਰ, 19 ਅਗਸਤ
(ਪੈਗਾਮ-ਏ-ਜਗਤ)

ਸਥਾਨਕ ਫੇਜ਼ 4 ਦੇ ਐਚ ਐਮ ਕਵਾਟਰਾਂ ਵਿੱਚ ਲਗਾਤਾਰ ਵੱਧ ਰਹੀ ਬਿਜਲੀ ਸਪਲਾਈ ਦੀ ਸਮੱਸਿਆ ਨੂੰ ਹੱਲ ਕਰਨ ਲਈ ਇੱਥੇ 315 ਕਿਲੋਵਾਟ ਦਾ ਟਰਾਂਸਫਾਰਮਰ ਲਗਾਇਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਾਰਡ ਨੰਬਰ 9 ਤੋਂ ਅਕਾਲੀ ਕੌਂਸਲਰ ਕੁਲਦੀਪ ਕੌਰ ਕੰਗ ਨੇ ਦੱਸਿਆ ਕਿ ਪਹਿਲਾਂ ਇੱਥੇ 200 ਕਿਲੋਵਾਟ ਦਾ ਟਰਾਂਸਫਾਰਮਰ ਲੱਗਿਆ ਹੋਇਆ ਸੀ ਪਰੰਤੂ ਇਲਾਕੇ ਦਾ ਲੋਡ ਵੱਧ ਹੋਣ ਕਾਰਨ ਇੱਥੇ ਅਕਸਰ ਹੀ ਬਿਜਲੀ ਦੇ ਫਿਊਜ਼ ਉੱਡਣ ਅਤੇ ਸ਼ਾਰਟ ਸਰਕਟ




ਦੀ ਸਮੱਸਿਆ ਬਣੀ ਰਹਿੰਦੀ ਸੀ। ਉਹਨਾਂ ਕਿਹਾ ਕਿ ਵਸਨੀਕਾਂ ਵਲੋਂ ਇਸ ਸੰਬੰਧੀ ਵਾਰ ਵਾਰ ਕੀਤੀਆਂ ਜਾਂਦੀਆਂ ਸ਼ਿਕਾਇਤਾਂ ਦੇ ਹਲ ਲਈ ਉਹਨਾਂ ਵਲੋਂ ਪੀ ਐਸ ਪੀ ਸੀ ਐਲ ਦੇ ਐਸ ਈ ਨਾਲ ਮੁਲਾਕਾਤ ਕਰਕੇ ਇਸ ਸਮੱਸਿਆ ਦੇ ਹੱਲ ਲਈ ਲੋੜੀਂਦੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਸੀ ਜਿਸਤੋਂ ਬਾਅਦ ਇੱਥੇ 315 ਕਿਲੋਵਾਟ ਦਾ ਟਰਾਂਸਫਾਰਮਰ ਲਗਾਉਣ ਦੀ ਮੰਜੂਰੀ ਦਿੱਤੀ ਗਈ ਸੀ ਅਤੇ ਅੱਜ ਪੀਐਸਪੀਸੀਐਲ ਦੇ ਕਰਮਚਾਰੀਆਂ ਵੱਲੋਂ ਇੱਥੇ ਇਹ ਟਰਾਂਸਫਾਰਮਰ ਲਗਾ ਦਿੱਤਾ ਗਿਆ ਹੈ।

ਉਹਨਾਂ ਦੱਸਿਆ ਕਿ ਇਸ ਟਰਾਂਸਫਾਰਮਰ ਦੇ ਲੱਗਣ ਨਾਲ ਇੱਥੇ ਰਹਿੰਦੇ ਲੋਕਾਂ ਨੂੰ ਬਿਜਲੀ ਦੀ ਸਮੱਸਿਆ ਤੋਂ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਅੱਗੇ ਵੀ ਆਪਣੇ ਵਾਰਡ ਇਸੇ ਤਰ੍ਹਾਂ ਵਾਰਡ ਦੇ ਵਿਕਾਸ ਲਈ ਕੰਮ ਜਾਰੀ ਰੱਖੇ ਜਾਣਗੇ।

# ਸਾਹਿਤਕ ਖੇਤਰ ਵਿੱਚ ਸੇਵਾਵਾਂ ਲਈ "ਮਲਕੀਤ ਮੀਤ" ਦਾ ਸਨਮਾਨ

ਕਪੂਰਥਲਾ/ਪੈਗਾਮ-ਏ-ਜਗਤ
(ਜੱਸਪ੍ਰੀਤ ਸਿੰਘ "ਧਿਜਣ")

80ਵੇਂ ਆਜ਼ਾਦੀ ਦਿਵਸ ਦੇ ਅਵਸਰ ਤੇ ਜ਼ਿਲ੍ਹਾ ਪੱਧਰੀ ਸਨਮਾਨ ਸਮਾਗਮ ਦੌਰਾਨ ਸਿਰਜਣਾ ਕੇਂਦਰ (ਰਜਿ.) ਕਪੂਰਥਲਾ ਵਲੋਂ ਸਿਰਜਣਾ ਕੇਂਦਰ ਦੇ ਮੀਤ ਪ੍ਰਧਾਨ ਅਤੇ ਬਲਾਕ ਕਪੂਰਥਲਾ -3 ਦੇ ਸਰਕਾਰੀ ਪ੍ਰਾਇਮਰੀ ਸਕੂਲ ਭੌਲ ਠੀਕਰੀਵਾਲ ਦੇ ਹੈੱਡ ਟੀਚਰ ਮਲਕੀਤ ਸਿੰਘ ਨੂੰ ਉਹਨਾਂ ਵੱਲੋਂ ਸਿੱਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਮਾਣ-ਮੱਤੀਆਂ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਹਨਾਂ ਨੂੰ ਪੰਜਾਬੀ ਮਾਂ ਬੋਲੀ



ਦੇ ਪ੍ਰਚਾਰ, ਪ੍ਰਸਾਰ ਅਤੇ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਡਿਪਟੀ ਕਮਿਸ਼ਨਰ

# ਸੀਵਰੇਜ਼ ਪਾਉਣ ਲਈ ਪੁੱਟੀ ਸੜਕ ਤੇ ਬਣਿਆ ਹਾਦਸਿਆਂ ਦਾ ਖ਼ਤਰਾ : ਸਤੀਸ਼ ਕੁਮਾਰ ਸੋਨੀ

ਪੈਗਾਮ-ਏ-ਜਗਤ
ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)



ਸੂਬਾ ਸਰਕਾਰ ਵਲੋਂ ਵਿਕਾਸ ਦੇ ਨਾਮ ਤੇ ਨੰਗਲ ਚੌਕ 'ਚ ਸੀਵਰੇਜ ਪਾਉਣ ਲਈ ਸੜਕ ਦੀ ਕੀਤੀ ਪੁਟਾਈ ਕਾਰਨ ਹਾਦਸਿਆਂ ਦਾ ਖਤਰਾ ਬਣਿਆ ਹੋਇਆ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਵਾਰਤਾ ਦੌਰਾਨ ਰੱਖੇ। ਉਹਨਾ ਕਿਹਾ ਕਿ ਪਿਛਲੇ ਤਿੰਨ ਮਹੀਨੇ ਪਹਿਲਾ ਨੰਗਲ ਚੌਕ ਅਤੇ ਬੀਰਮਪੁਰ ਰੋਡ ਤੇ ਸੀਵਰੇਜ ਪਾਉਣ ਲਈ ਸੜਕ ਨੂੰ ਪੁੱਟਿਆ ਗਿਆ ਸੀ। ਜਿਸ ਨਾਲ ਸੜਕ ਦੀ ਹਾਲਤ ਨਾਜ਼ੁਕ ਹੋ ਗਈ ਸੀ। ਪਰ ਸੀਵਰੇਜ ਦਾ ਕੰਮ ਨਿੱਬੜ ਜਾਣ ਤੋਂ ਬਾਅਦ ਸੜਕ ਦਾ ਨਿਰਮਾਣ ਕਰਾਉਣ ਦੀ ਜਿੰਮੇਵਾਰੀ ਸੀਵਰੇਜ ਵਿਭਾਗ ਦੀ ਬਣਦੀ ਸੀ। ਸੀਵਰੇਜ ਦਾ ਕੰਮ ਪੂਰਾ ਹੋਏ ਨੂੰ ਕਾਫੀ ਅਰਸਾ ਬੀਤ ਜਾਣ ਦੇ ਮਗਰੋਂ ਸੀਵਰੇਜ ਵਿਭਾਗ ਅਤੇ ਪੀ. ਡਬਲਯੂ. ਡੀ. ਵਿਭਾਗ ਵਲੋਂ ਸੜਕ ਨੂੰ ਖਸਤਾ ਹਾਲ 'ਚ ਹੀ ਛੱਡ ਦਿੱਤਾ ਗਿਆ। ਉਸਦੇ ਨਿਰਮਾਣ ਵਲ੍ਹ ਧਿਆਨ ਨਹੀਂ ਦਿੱਤਾ ਗਿਆ। ਨੰਗਲ ਚੌਕ 'ਚ ਖਸਤਾ ਹਾਲ ਸੜਕ ਕਾਰਨ ਹਰ ਵੇਲੇ ਹਾਦਸੇ ਦਾ ਖਤਰਾ ਬਣਿਆ ਰਹਿੰਦਾ ਹੈ। ਜਦੋਂ ਕਿ ਬਾਰਿਸ਼ ਵਾਲੇ ਦਿਨ ਤਾਂ ਚਿੱਕੜ ਕਰਨ ਦੁਪਹੀਆ ਵਾਹਨ ਚਾਲਕ

# ਸਿਹਤ ਵਿਭਾਗ ਨੇ ਸਵਾਈਨ ਫਲੂ ਤੋਂ ਬਚਾਅ ਲਈ ਜਾਰੀ ਕੀਤੀ ਐਡਵਾਈਜ਼ਰੀ

ਪੈਗਾਮ-ਏ-ਜਗਤ/ਚੰਡੀਗੜ੍ਹ
19 ਅਗਸਤ (ਹਰਮਿੰਦਰ ਸਿੰਘ ਨਾਗਪਾਲ)

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਬਦਲਦੇ ਮੌਸਮ ਦੇ ਚੱਲਦਿਆਂ ਸਵਾਈਨ ਫਲੂ ਤੋਂ ਬਚਾਅ ਲਈ ਆਮ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ ਅਤੇ ਇਸ ਤੋਂ ਬਚਾਅ ਲਈ ਐਡਵਾਈਜ਼ਰੀ ਵੀ ਜਾਰੀ ਕੀਤੀ ਗਈ ਹੈ ਅਤੇ ਨਾਗਰਿਕਾਂ ਨੂੰ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੇ ਨਿਰਦੇਸ਼ ਦਿੱਤੇ ਗਏ ਹਨ। ਇੱਕ ਸਰਕਾਰੀ ਬੁਲਾਰੇ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਵਿਭਾਗ ਅਨੁਸਾਰ ਸਵਾਈਨ ਫਲੂ ਦੇ ਮੁੱਖ

- ਸਵਾਈਨ ਫਲੂ ਤੋਂ ਬਚਾਅ ਲਈ ਨਾਗਰਿਕ ਵਰਤਣ ਜ਼ਰੂਰੀ ਸਾਵਧਾਨੀਆਂ

ਕੱਚਾ ਹੋਣਾ, ਉਲਟੀ ਅਤੇ ਦਸਤ ਸ਼ਾਮਲ ਹਨ। ਬੁਖਾਰ, ਖੰਘ ਜਾਂ ਛਿੱਕ ਵਰਗੇ ਲੱਛਣ ਹੋਣ ਤਾਂ ਜਨਤਕ ਥਾਵਾਂ ਤੋਂ ਦੂਰੀ ਬਣਾ ਕੇ ਰੱਖੋ, ਤਾਂ ਜੋ ਲਾਗ ਫੈਲਣ ਦਾ ਖਤਰਾ ਘੱਟ ਕੀਤਾ ਜਾ ਸਕੇ। ਬਚਾਅ ਲਈ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।

ਉਨ੍ਹਾਂ ਦੱਸਿਆ ਕਿ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਖੰਘਦੇ ਜਾਂ ਛਿੱਕਦੇ ਸਮੇਂ ਮੂੰਹ

ਜੇਕਰ ਬੁਖਾਰ, ਖੰਘ ਜਾਂ ਛਿੱਕ ਵਰਗੇ ਲੱਛਣ ਹੋਣ ਤਾਂ ਜਨਤਕ ਥਾਵਾਂ ਤੋਂ ਦੂਰੀ ਬਣਾ ਕੇ ਰੱਖੋ, ਤਾਂ ਜੋ ਲਾਗ ਫੈਲਣ ਦਾ ਖਤਰਾ ਘੱਟ ਕੀਤਾ ਜਾ ਸਕੇ।

ਬੁਲਾਰੇ ਨੇ ਦੱਸਿਆ ਕਿ ਵਿਭਾਗ ਵੱਲੋਂ ਜਾਰੀ ਐਡਵਾਈਜ਼ਰੀ ਅਨੁਸਾਰ ਸਵਾਈਨ ਫਲੂ ਤੋਂ ਬਚਾਅ ਲਈ ਲੋਕਾਂ ਨੂੰ ਹੱਥ ਮਿਲਾਉਣ ਜਾਂ ਹੋਰ ਸੰਪਰਕ ਵਾਲੇ ਸਵਾਗਤ ਤੋਂ ਬਚਣ, ਜਨਤਕ ਥਾਵਾਂ 'ਤੇ ਨਾ ਥੁੱਕਣ ਅਤੇ ਬਿਨਾਂ ਡਾਕਟਰੀ ਸਲਾਹ ਦੇ ਦਵਾਈਆਂ ਨਾ ਲੈਣ ਦੀ ਸਲਾਹ ਦਿੱਤੀ ਗਈ ਹੈ। ਸਿਹਤ ਵਿਭਾਗ ਨੇ ਕਿਹਾ ਕਿ ਸਵਾਈਨ ਫਲੂ ਨਾਲ ਸਬੰਧਤ ਲੱਛਣ ਦਿਖਾਈ ਦੇਣ 'ਤੇ ਲਾਪਰਵਾਹੀ ਨਾ ਵਰਤੋ। ਤੁਰੰਤ

# ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਸਰਕਾਰ ਦੀ ਤਰਜੀਹ : ਮੁਕੇਸ਼ ਅਗਨੀਹੋਤਰੀ

ਊਨਾ, 19 ਅਗਸਤ
(ਪੈਗਾਮ-ਏ-ਜਗਤ)

- ਉਪ ਮੁੱਖ ਮੰਤਰੀ ਨੇ ਊਨਾ ਵਿੱਚ ਜ਼ਿਲ੍ਹਾ ਜਨ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਦੀ ਕੀਤੀ ਪ੍ਰਧਾਨਗੀ



ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਹੱਲ ਯਕੀਨੀ ਬਣਾਉਣਾ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹਾ ਜਨ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਵਿੱਚ ਜਨ ਪ੍ਰਤੀਨਿਧੀਆਂ ਅਤੇ ਕਮੇਟੀ ਮੈਂਬਰਾਂ ਵੱਲੋਂ ਉਠਾਏ ਗਏ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਪਹਿਲ ਦੇ ਆਧਾਰ 'ਤੇ ਉਨ੍ਹਾਂ ਦਾ ਜਲਦ ਹੱਲ ਯਕੀਨੀ ਬਣਾਇਆ ਜਾਵੇ। ਲੋਕਾਂ ਨਾਲ ਜੁੜੇ ਮਾਮਲਿਆਂ ਦੇ ਨਿਪਟਾਰੇ ਵਿੱਚ ਬੇਲੋੜੀ ਦੇਰੀ ਨਹੀਂ ਹੋਣੀ ਚਾਹੀਦੀ ਅਤੇ ਸਬੰਧਤ ਵਿਭਾਗ ਆਪਸੀ ਤਾਲਮੇਲ ਨਾਲ ਪ੍ਰਭਾਵਸ਼ਾਲੀ ਕਾਰਵਾਈ ਕਰਨ।

ਉਹ ਬੁੱਧਵਾਰ ਨੂੰ ਜ਼ਿਲ੍ਹਾ ਪਰਿਸ਼ਦ ਸਭਾਗਾਰ, ਊਨਾ ਵਿਖੇ ਆਯੋਜਿਤ ਜ਼ਿਲ੍ਹਾ ਜਨ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਵੱਖ-ਵੱਖ ਵਿਧਾਨ ਸਭਾ ਹਲਕਿਆਂ ਨਾਲ ਸਬੰਧਤ ਲੋਕ ਹਿੱਤ ਦੇ ਮੁੱਦਿਆਂ, ਵਿਕਾਸ ਕਾਰਜਾਂ, ਨਾਗਰਿਕ ਸਹੂਲਤਾਂ ਅਤੇ ਲੋਕਾਂ ਦੀਆਂ ਸਮੱਸਿਆਵਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਉਪ ਮੁੱਖ ਮੰਤਰੀ ਨੇ ਕਮੇਟੀ ਮੈਂਬਰਾਂ ਵੱਲੋਂ ਉਠਾਏ ਗਏ ਵੱਖ-ਵੱਖ ਮਾਮਲਿਆਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ।

ਪਟਵਾਰਖਾਨਿਆਂ ਅਤੇ ਨਵੀਆਂ ਬਣੀਆਂ ਪੰਚਾਇਤਾਂ ਦੇ ਪੰਚਾਇਤ ਘਰਾਂ ਦੇ ਮਾਮਲਿਆਂ ਦੀ ਵਿਸ਼ੇਸ਼ ਸਮੀਖਿਆ

ਉਪ ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਪਟਵਾਰਖਾਨਿਆਂ ਅਤੇ ਨਵੀਆਂ ਬਣੀਆਂ ਪੰਚਾਇਤਾਂ ਦੇ ਪੰਚਾਇਤ ਘਰਾਂ ਦੀ ਉਸਾਰੀ ਨਾਲ ਸਬੰਧਤ ਮਾਮਲਿਆਂ ਦੀ ਵਿਸ਼ੇਸ਼ ਸਮੀਖਿਆ ਲਈ ਮੀਟਿੰਗ ਕਰਕੇ ਲੋੜੀਂਦੀ ਕਾਰਵਾਈ ਯਕੀਨੀ ਬਣਾਈ ਜਾਵੇ। ਉਨ੍ਹਾਂ ਜ਼ਿਲ੍ਹੇ ਵਿੱਚ ਪਟਵਾਰਖਾਨਿਆਂ ਨਾਲ ਸਬੰਧਤ ਮਾਮਲਿਆਂ ਨੂੰ ਲੈ ਕੇ ਇੱਕ ਸਮੇਕਿਤ ਪ੍ਰਸਤਾਵ ਤਿਆਰ ਕਰਨ ਦੇ ਨਿਰਦੇਸ਼ ਦਿੱਤੇ, ਜਿਸ ਵਿੱਚ ਉਨ੍ਹਾਂ ਸਥਾਨਾਂ ਦਾ ਪੂਰਾ ਵੇਰਵਾ ਸ਼ਾਮਲ ਹੋਵੇ ਜਿੱਥੇ ਪਟਵਾਰਖਾਨਿਆਂ ਦੀਆਂ ਇਮਾਰਤਾਂ ਦੀ ਉਸਾਰੀ ਕੀਤੀ ਜਾਣੀ ਹੈ ਅਤੇ ਜਿੱਥੇ ਨਵੇਂ ਪਟਵਾਰਖਾਨੇ ਖੋਲ੍ਹਣ ਦੇ ਪ੍ਰਸਤਾਵ ਹਨ। ਉਨ੍ਹਾਂ ਨਵੀਆਂ ਬਣੀਆਂ ਪੰਚਾਇਤਾਂ ਦੇ ਪੰਚਾਇਤ ਘਰਾਂ ਦੀ ਉਸਾਰੀ ਨਾਲ ਸਬੰਧਤ ਜ਼ਮੀਨੀ ਮਾਮਲਿਆਂ ਨੂੰ ਵੀ ਪਹਿਲ ਦੇ ਆਧਾਰ 'ਤੇ ਦੇਖਣ ਦੇ ਨਿਰਦੇਸ਼ ਦਿੱਤੇ। ਜਿੱਥੇ ਜ਼ਮੀਨ ਦੀ ਉਪਲਬਧਤਾ, ਤਬਾਦਲੇ ਜਾਂ ਹੋਰ ਪ੍ਰਸ਼ਾਸਨਿਕ ਪੇਚੀਦਗੀਆਂ ਹਨ, ਉੱਥੇ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਸਥਾਪਤ ਕਰਕੇ ਹੱਲ ਯਕੀਨੀ ਬਣਾਇਆ ਜਾਵੇ।

**ਚੁਣੇ ਹੋਏ ਪ੍ਰਧਾਨ ਦੇ ਅਧਿਕਾਰਾਂ ਦਾ ਸਨਮਾਨ ਜ਼ਰੂਰੀ**

ਪੰਚਾਇਤਾਂ ਵਿੱਚ ਪ੍ਰਧਾਨ ਦੀ ਭੂਮਿਕਾ ਬਾਰੇ ਬੋਲਦਿਆਂ ਉਪ ਮੁੱਖ ਮੰਤਰੀ ਨੇ ਕਿਹਾ ਕਿ ਚੁਣੇ ਹੋਏ ਪ੍ਰਧਾਨ ਦੀ ਭੂਮਿਕਾ ਅਤੇ ਅਧਿਕਾਰਾਂ ਦਾ ਸਨਮਾਨ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਚੁਣੇ ਹੋਏ ਪ੍ਰਧਾਨ ਦੇ ਅਧਿਕਾਰਾਂ ਵਿੱਚ ਕਿਸੇ ਹੋਰ ਵਿਅਕਤੀ ਵੱਲੋਂ ਦਖਲਅੰਦਾਜ਼ੀ ਕਰਨਾ ਉਚਿਤ ਨਹੀਂ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਪੰਚਾਇਤ ਵਿੱਚ ਮਹਿਲਾ ਪ੍ਰਧਾਨ ਚੁਣੀ ਗਈ ਹੈ ਤਾਂ ਕਿਸੇ ਹੋਰ ਵਿਅਕਤੀ ਵੱਲੋਂ ਆਪਣੇ ਆਪ ਨੂੰ ਪ੍ਰਧਾਨ ਸਮਝ ਕੇ ਪੰਚਾਇਤ ਦੇ ਕੰਮਾਂ ਵਿੱਚ ਦਖਲ ਦੇਣਾ ਉਚਿਤ ਨਹੀਂ ਹੈ। ਪ੍ਰਧਾਨ ਭਾਵੇਂ ਮਹਿਲਾ ਹੋਵੇ ਜਾਂ ਪੁਰਸ਼, ਉਹ ਚੁਣਿਆ ਹੋਇਆ ਪ੍ਰਤੀਨਿਧੀ ਹੈ ਅਤੇ ਪੰਚਾਇਤ ਦੀ ਵਿਵਸਥਾ ਵਿੱਚ ਉਸ ਦੀ ਭੂਮਿਕਾ ਅਤੇ ਅਧਿਕਾਰਾਂ ਦਾ ਸਨਮਾਨ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

**ਲੋੜ ਅਤੇ ਵਿਜ਼ੀਬਿਲਟੀ ਦੇ ਆਧਾਰ 'ਤੇ ਨਵੇਂ ਬੱਸ ਰੂਟਾਂ 'ਤੇ ਹੋਵੇਗਾ ਵਿਚਾਰ**

ਬੱਸ ਰੂਟਾਂ ਨਾਲ ਸਬੰਧਤ ਵੱਖ-ਵੱਖ ਮੰਗਾਂ 'ਤੇ ਚਰਚਾ ਦੌਰਾਨ ਉਪ ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਅਸਲ ਲੋੜ ਹੋਵੇਗੀ, ਉੱਥੇ ਬੱਸ ਸੇਵਾ ਉਪਲਬਧ ਕਰਵਾਉਣ ਲਈ ਸਰਕਾਰ ਤਿਆਰ ਹੈ। ਉਨ੍ਹਾਂ ਕਿਹਾ ਕਿ ਨਵੇਂ ਰੂਟ ਲਈ ਵਿਜ਼ੀਬਿਲਟੀ ਅਤੇ ਲੋੜੀਂਦੀਆਂ ਸਵਾਰੀਆਂ ਦੀ ਉਪਲਬਧਤਾ ਨੂੰ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ, ਤਾਂ ਜੋ ਬੱਸ ਸੇਵਾ ਵਿਹਾਰਕ ਅਤੇ ਟਿਕਾਊ ਰਹੇ। ਉਨ੍ਹਾਂ ਏਮਜ਼ ਬਿਲਾਸਪੁਰ ਅਤੇ ਸ੍ਰੀ ਚਿੰਤਪੂਰਨੀ ਲਈ ਸ਼ੁਰੂ ਕੀਤੀ ਗਈ ਬੱਸ ਸੇਵਾ ਦੇ ਸਫਲ ਸੰਚਾਲਨ 'ਤੇ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਨਵੇਂ ਬੱਸ ਰੂਟਾਂ ਸਬੰਧੀ ਪ੍ਰਾਪਤ ਸੁਝਾਵਾਂ ਦੀ ਵਿਭਾਗੀ ਪੱਧਰ 'ਤੇ ਜਾਂਚ ਕਰਕੇ ਲੋੜ ਅਤੇ ਵਿਹਾਰਕਤਾ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

**ਰਾਮਪੁਰ-ਸੰਤੋਖਗੜ੍ਹ ਪੁਲ ਦੀ ਉਸਾਰੀ ਲਈ ਰਾਸ਼ੀ ਮਨਜ਼ੂਰ**

ਰਾਮਪੁਰ-ਸੰਤੋਖਗੜ੍ਹ ਪੁਲ ਦੀ ਉਸਾਰੀ ਨਾਲ ਸਬੰਧਤ ਮੁੱਦੇ 'ਤੇ ਉਪ ਮੁੱਖ ਮੰਤਰੀ ਨੇ ਦੱਸਿਆ ਕਿ ਪੁਲ ਦੀ ਉਸਾਰੀ ਲਈ ਲੋੜੀਂਦੀ ਰਾਸ਼ੀ ਮਨਜ਼ੂਰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਬੰਧਤ ਰਸਮੀ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ ਜਲਦ ਹੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

**ਬਾਬਾ ਬਾਲ ਜੀ ਮਹਾਰਾਜ ਆਸ਼ਰਮ ਮਾਰਗ 'ਤੇ ਲਾਈਟਿੰਗ ਲਈ ਹਦਾਇਤਾਂ**

ਉਪ ਮੁੱਖ ਮੰਤਰੀ ਨੇ ਨਗਰ ਨਿਗਮ ਊਨਾ ਦੇ ਅਧਿਕਾਰੀਆਂ ਨੂੰ ਊਨਾ-ਹਮੀਰਪੁਰ ਮਾਰਗ 'ਤੇ ਬਾਬਾ ਬਾਲ ਜੀ ਮਹਾਰਾਜ ਆਸ਼ਰਮ ਦੇ ਗੇਟ ਤੱਕ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਤੋਂ ਪਹਿਲਾਂ ਸਟ੍ਰੀਟ ਲਾਈਟਾਂ ਦੀ ਵਿਵਸਥਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਸ਼ਰਧਾਲੂਆਂ ਨੂੰ ਆਉਣ-ਜਾਣ ਵਿੱਚ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਹੋਵੇ।

**ਲਤਾ ਮੰਗੇਸ਼ਕਰ ਕਲਾ ਕੇਂਦਰ ਦੇ ਸੰਚਾਲਨ ਲਈ ਆਤਮਨਿਰਭਰ ਮਾਡਲ 'ਤੇ ਵਿਚਾਰ**

ਲਤਾ ਮੰਗੇਸ਼ਕਰ ਕਲਾ ਕੇਂਦਰ ਦੇ ਰੱਖ-ਰਖਾਅ ਅਤੇ ਸੰਚਾਲਨ ਨਾਲ ਸਬੰਧਤ ਵਿਸ਼ੇ 'ਤੇ ਉਪ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਨੂੰ ਆਤਮਨਿਰਭਰ ਸੰਚਾਲਨ ਮਾਡਲ 'ਤੇ ਚਲਾਉਣ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਸਾਲ ਭਰ ਬੁਕਿੰਗ ਯਕੀਨੀ ਬਣਾਉਣ ਅਤੇ ਸੰਚਾਲਨ ਕਿਸੇ ਯੋਗ ਸੰਸਥਾ ਜਾਂ ਏਜੰਸੀ ਨੂੰ ਸੌਂਪਣ ਸਮੇਤ ਵੱਖ-ਵੱਖ ਵਿਕਲਪਾਂ 'ਤੇ ਵਿਚਾਰ ਕਰਨ ਦੀ ਗੱਲ ਕਹੀ, ਤਾਂ ਜੋ ਕੇਂਦਰ ਦਾ ਬਿਹਤਰ ਰੱਖ-ਰਖਾਅ ਹੋਵੇ ਅਤੇ ਇਸ ਦਾ ਸੰਚਾਲਨ ਟਿਕਾਊ ਢੰਗ ਨਾਲ ਕੀਤਾ ਜਾ ਸਕੇ।

**ਊਨਾ ਹਸਪਤਾਲ ਵਿੱਚ ਮਰੀਜ਼ਾਂ ਦੀ ਦੇਖਭਾਲ ਅਤੇ ਸਹੂਲਤਾਂ 'ਤੇ ਜ਼ੋਰ**

ਮੀਟਿੰਗ ਵਿੱਚ ਕੁਟਲੈਹੜ ਦੇ ਵਿਧਾਇਕ ਵਿਵੇਕ ਸ਼ਰਮਾ ਨੇ ਊਨਾ ਹਸਪਤਾਲ ਵਿੱਚ ਲੋੜੀਂਦੀਆਂ ਸਹੂਲਤਾਂ ਨੂੰ ਮਜ਼ਬੂਤ ਕਰਨ ਅਤੇ ਹਸਪਤਾਲ ਦੇ ਬਾਊਂਡਰੀ ਵਾਲ ਨਾਲ ਸਬੰਧਤ ਮੁੱਦੇ ਉਠਾਏ। ਉਨ੍ਹਾਂ ਡਾਕਟਰਾਂ ਦੇ ਛੁੱਟੀ 'ਤੇ ਜਾਣ ਦੌਰਾਨ ਮਰੀਜ਼ਾਂ ਦੀ ਦੇਖਭਾਲ ਨਾਲ ਸਬੰਧਤ ਮਾਮਲੇ ਵੱਲ ਵੀ ਧਿਆਨ ਦਿਵਾਇਆ।

ਉਪ ਮੁੱਖ ਮੰਤਰੀ ਨੇ ਹਦਾਇਤ ਕੀਤੀ ਕਿ ਕਿਸੇ ਡਾਕਟਰ ਦੇ ਛੁੱਟੀ 'ਤੇ ਹੋਣ ਦੀ ਸਥਿਤੀ ਵਿੱਚ ਮਰੀਜ਼ਾਂ ਦੀ ਦੇਖਭਾਲ ਅਤੇ ਇਲਾਜ ਦੀ ਵਿਵਸਥਾ ਪ੍ਰਭਾਵਿਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਹਸਪਤਾਲ ਵਿੱਚ ਉਸਾਰੀ ਅਧੀਨ ਨਵੀਆਂ ਇਮਾਰਤਾਂ ਅਤੇ ਉਪਲਬਧ ਸਹੂਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਮਰੀਜ਼ਾਂ ਲਈ ਲੋੜੀਂਦੇ ਬਿਸਤਰਿਆਂ ਅਤੇ ਹੋਰ ਜ਼ਰੂਰੀ ਸਹੂਲਤਾਂ ਦੀ ਢੁਕਵੀਂ ਵਿਵਸਥਾ ਯਕੀਨੀ ਬਣਾਉਣ 'ਤੇ ਵੀ ਜ਼ੋਰ ਦਿੱਤਾ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਜਤਿਨ ਲਾਲ ਨੇ ਉਪ ਮੁੱਖ ਮੰਤਰੀ ਦਾ ਸਵਾਗਤ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਜਨ ਸ਼ਿਕਾਇਤਾਂ ਦੇ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਨਿਪਟਾਰੇ ਪ੍ਰਤੀ ਵਚਨਬੱਧਤਾ ਦੁਹਰਾਈ। ਵਧੀਕ ਡਿਪਟੀ ਕਮਿਸ਼ਨਰ ਦਿਸ਼ਾਂਤ ਜਸਵਾਲ ਨੇ ਮੀਟਿੰਗ ਦੀ ਕਾਰਵਾਈ ਦਾ ਸੰਚਾਲਨ ਕਰਦਿਆਂ ਵੱਖ-ਵੱਖ ਜਨ ਸਮੱਸਿਆਵਾਂ ਕਮੇਟੀ ਦੇ ਸਾਹਮਣੇ ਰੱਖੀਆਂ। ਮੀਟਿੰਗ ਵਿੱਚ ਕੁਟਲੈਹੜ ਦੇ ਵਿਧਾਇਕ ਵਿਵੇਕ ਸ਼ਰਮਾ ਸਮੇਤ ਕਮੇਟੀ ਦੇ ਗੈਰ-ਸਰਕਾਰੀ ਮੈਂਬਰਾਂ ਨੇ ਮਹੱਤਵਪੂਰਨ ਸੁਝਾਅ ਦਿੱਤੇ। ਇਸ ਮੌਕੇ ਸੂਬਾ ਕਾਂਗਰਸ ਜਨਰਲ ਸਕੱਤਰ ਰਣਜੀਤ ਰਾਣਾ, ਜ਼ਿਲ੍ਹਾ ਕਾਂਗਰਸ ਪ੍ਰਧਾਨ ਦੇਸ਼ਰਾਜ ਗੌਤਮ, ਹਿਮਾਚਲ ਯੂਥ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਅਖਿਲ ਅਗਨੀਹੋਤਰੀ, ਰਾਜ ਟਰਾਂਸਪੋਰਟ ਅਥਾਰਟੀ ਦੇ ਮੈਂਬਰ ਅਸ਼ੋਕ ਠਾਕੁਰ, ਬਲਾਕ ਕਾਂਗਰਸ ਹਰੋਲੀ ਦੇ ਪ੍ਰਧਾਨ ਸੰਦੀਪ ਅਗਨੀਹੋਤਰੀ ਸਮੇਤ ਕਮੇਟੀ ਦੇ ਗੈਰ-ਸਰਕਾਰੀ ਮੈਂਬਰ ਮੌਜੂਦ ਰਹੇ। ਇਸ ਦੇ ਨਾਲ ਹੀ ਪੁਲਿਸ ਸੁਪਰਡੈਂਟ ਸਚਿਨ ਹਿਰੇਮਠ, ਨਗਰ ਨਿਗਮ ਊਨਾ ਦੇ ਕਮਿਸ਼ਨਰ ਪ੍ਰਿਥਵੀ ਪਾਲ ਸਿੰਘ, ਸਹਾਇਕ ਕਮਿਸ਼ਨਰ ਵਿਨੇ ਮੋਦੀ, ਸਾਰੇ ਐਸ.ਡੀ.ਐਮ. ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੀਟਿੰਗ ਵਿੱਚ ਹਾਜ਼ਰ ਸਨ।

# ਜ਼ਮੀਨ ਇੰਤਕਾਲ ਨਾਲ ਸਬੰਧਤ ਮਾਮਲਿਆਂ ਦਾ ਤੇਜ਼ੀ ਨਾਲ ਕਰੋ ਨਿਪਟਾਰਾ: ਡੀਸੀ ਰਾਹੁਲ ਨਰਵਾਲ

ਪੈਗਾਮ-ਏ-ਜਗਤ
ਹਾਂਸੀ (ਦਿਨਕਰ ਗਾਬੜੀ)

- ਜ਼ਮੀਨ ਰਜਿਸਟਰੀ ਦਾ ਕੰਮ 5 ਦਿਨ ਤੋਂ ਵੱਧ ਲੰਬਿਤ ਨਾ ਰੱਖਣ ਦੇ ਨਿਰਦੇਸ਼, ਲੰਬਿਤ ਜਮ੍ਹਾਂਬੰਦੀ ਦਾ ਕੰਮ ਵੀ ਛੇਤੀ ਪੂਰਾ ਕਰਵਾਓ



ਡਿਪਟੀ ਕਮਿਸ਼ਨਰ ਰਾਹੁਲ ਨਰਵਾਲ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜ਼ਮੀਨ ਇੰਤਕਾਲ (ਮਿਊਟੇਸ਼ਨ) ਨਾਲ ਸਬੰਧਤ ਮਾਮਲਿਆਂ ਦਾ ਤਰਜੀਹ ਦੇ ਆਧਾਰ 'ਤੇ ਤੇਜ਼ੀ ਨਾਲ ਨਿਪਟਾਰਾ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਕਿਹਾ ਕਿ ਆਮ ਲੋਕਾਂ ਨਾਲ ਜੁੜੇ ਮਾਲ ਮਾਮਲਿਆਂ ਦੇ ਨਿਪਟਾਰੇ ਵਿੱਚ ਬੇਲੋੜੀ ਦੇਰੀ ਕਿਸੇ ਵੀ ਹਾਲਤ ਵਿੱਚ ਨਹੀਂ ਹੋਣੀ ਚਾਹੀਦੀ। ਜ਼ਮੀਨ ਰਜਿਸਟਰੀ ਦਾ ਕੰਮ ਵੀ ਪੰਜ ਦਿਨ ਤੋਂ ਵੱਧ ਲੰਬਿਤ ਨਹੀਂ ਰਹਿਣਾ ਚਾਹੀਦਾ ਅਤੇ ਨਿਰਧਾਰਤ ਸਮਾਂ ਸੀਮਾ ਵਿੱਚ ਮਾਮਲਿਆਂ ਦਾ ਨਿਪਟਾਰਾ ਯਕੀਨੀ ਬਣਾਇਆ ਜਾਵੇ। ਡੀਸੀ ਰਾਹੁਲ ਨਰਵਾਲ ਬੁੱਧਵਾਰ ਨੂੰ ਜ਼ਿਲ੍ਹਾ ਸਕੱਤਰੇਤ ਕੰਪਲੈਕਸ ਵਿੱਚ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਉਨ੍ਹਾਂ ਨੇ ਜ਼ਿਲ੍ਹੇ ਵਿੱਚ ਜ਼ਮੀਨ ਇੰਤਕਾਲ, ਪੇਪਰਲੈਸ ਡੀਡ ਰਜਿਸਟ੍ਰੇਸ਼ਨ, ਪੇਪਰਲੈਸ ਨਿਸ਼ਾਨਦੇਹੀ, ਜਮ੍ਹਾਂਬੰਦੀ ਅਤੇ ਹੋਰ ਮਾਲ ਮਾਮਲਿਆਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ।

ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜ਼ਮੀਨ ਇੰਤਕਾਲ ਨਾਲ ਸਬੰਧਤ ਸਾਰੇ ਲੰਬਿਤ ਮਾਮਲਿਆਂ ਦੀ ਨਿਯਮਤ ਤੌਰ 'ਤੇ ਸਮੀਖਿਆ ਕੀਤੀ ਜਾਵੇ ਅਤੇ ਉਨ੍ਹਾਂ ਦਾ ਤਰਜੀਹ ਦੇ ਆਧਾਰ 'ਤੇ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੀ ਜ਼ਮੀਨ ਨਾਲ ਸਬੰਧਤ ਕੰਮਾਂ ਲਈ ਦਫ਼ਤਰਾਂ ਦੇ ਬੇਲੋੜੇ ਗੇੜੇ ਨਾ ਲਾਉਣੇ ਪੈਣ, ਇਸ ਲਈ ਮਾਲ ਸੇਵਾਵਾਂ ਨੂੰ ਸਰਲ, ਪਾਰਦਰਸ਼ੀ ਅਤੇ ਸਮਾਂਬੱਧ ਉਪਲਬਧ ਕਰਵਾਇਆ ਜਾਵੇ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਪਿੰਡਾਂ ਦੀ ਜਮ੍ਹਾਂਬੰਦੀ ਦਾ ਕੰਮ ਅਜੇ ਲੰਬਿਤ ਹੈ, ਉਸ ਨੂੰ ਵੀ ਛੇਤੀ ਪੂਰਾ ਕਰਵਾਇਆ ਜਾਵੇ। ਮੀਟਿੰਗ ਵਿੱਚ ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਮਿਰਜ਼ਾਪੁਰ ਪਿੰਡ ਦੀ ਜਮ੍ਹਾਂਬੰਦੀ ਦਾ ਕੰਮ ਲੰਬਿਤ ਹੈ, ਜਿਸ ਨੂੰ ਤੇਜ਼ੀ ਨਾਲ ਪੂਰਾ ਕਰਵਾਇਆ ਜਾ ਰਿਹਾ ਹੈ। ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਮਿਰਜ਼ਾਪੁਰ ਪਿੰਡ ਦੀ ਜਮ੍ਹਾਂਬੰਦੀ ਦਾ ਕੰਮ ਵੀ ਜਲਦੀ ਪੂਰਾ ਕਰਵਾ ਦਿੱਤਾ ਜਾਵੇਗਾ।

**ਪਟਵਾਰੀਆਂ ਲਈ ਇੱਕ ਥਾਂ 'ਤੇ ਬੈਠਣ ਦੇ ਪ੍ਰਬੰਧ ਦੇ ਨਿਰਦੇਸ਼**

ਡੀਸੀ ਰਾਹੁਲ ਨਰਵਾਲ ਨੇ ਕਿਹਾ ਕਿ ਪਟਵਾਰੀਆਂ ਦੇ ਬੈਠਣ ਦਾ ਉਚਿਤ ਪ੍ਰਬੰਧ ਕੀਤਾ ਜਾਵੇ, ਤਾਂ ਜੋ ਮਾਲ ਵਿਭਾਗ ਨਾਲ ਸਬੰਧਤ ਕੰਮਾਂ ਲਈ ਆਮ ਲੋਕਾਂ ਨੂੰ ਸਹੂਲਤ ਮਿਲ ਸਕੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪਟਵਾਰੀਆਂ ਲਈ ਕਿਰਾਏ 'ਤੇ ਢੁਕਵੀਂ ਇਮਾਰਤ ਦੀ ਭਾਲ ਕੀਤੀ ਜਾਵੇ, ਜਿੱਥੇ ਸਾਰੇ ਪਟਵਾਰੀ ਇੱਕੋ ਥਾਂ 'ਤੇ ਬੈਠ ਕੇ ਮਾਲ ਨਾਲ ਸਬੰਧਤ ਕੰਮ ਕਰ ਸਕਣ। ਇਸ ਨਾਲ ਲੋਕਾਂ ਨੂੰ ਆਪਣੇ ਕੰਮ ਲਈ ਵੱਖ-ਵੱਖ ਥਾਵਾਂ 'ਤੇ ਜਾਣ ਦੀ ਲੋੜ ਨਹੀਂ ਪਵੇਗੀ ਅਤੇ ਮਾਲ ਸੇਵਾਵਾਂ ਦਾ ਬਿਹਤਰ ਤਾਲਮੇਲ ਵੀ ਯਕੀਨੀ ਹੋਵੇਗਾ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਆਮ ਲੋਕਾਂ ਦੀ ਸਹੂਲਤ ਨੂੰ ਸਭ ਤੋਂ ਉੱਚੀ ਤਰਜੀਹ ਦਿੰਦਿਆਂ ਮਾਲ ਵਿਭਾਗ ਨਾਲ ਸਬੰਧਤ ਸਾਰੇ ਕੰਮਾਂ ਨੂੰ ਵਿਵਸਥਿਤ ਢੰਗ ਨਾਲ ਪੂਰਾ ਕੀਤਾ ਜਾਵੇ। ਅਧਿਕਾਰੀਆਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਲੰਬਿਤ ਮਾਮਲਿਆਂ ਦੀ ਨਿਗਰਾਨੀ ਕਰਨ ਅਤੇ ਨਿਰਧਾਰਤ ਸਮਾਂ ਸੀਮਾ ਵਿੱਚ ਉਨ੍ਹਾਂ ਦਾ ਨਿਪਟਾਰਾ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਗਏ।

**ਜ਼ਿਲ੍ਹਾ ਸਕੱਤਰੇਤ ਵਿੱਚ ਆਈਟੀ ਸੈੱਲ ਸਥਾਪਤ ਕਰਨ ਦੇ ਨਿਰਦੇਸ਼**

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਸਕੱਤਰੇਤ ਕੰਪਲੈਕਸ ਵਿੱਚ ਆਈਟੀ ਸੈੱਲ ਸਥਾਪਤ ਕਰਨ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਨਾਲ ਸਬੰਧਤ ਕੰਮਾਂ ਨੂੰ ਆਨਲਾਈਨ ਅਤੇ ਤਕਨੀਕੀ ਮਾਧਿਅਮ ਨਾਲ ਤੇਜ਼ੀ ਨਾਲ ਪੂਰਾ ਕਰਨ ਲਈ ਆਈਟੀ ਸਹੂਲਤਾਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਆਈਟੀ ਸੈੱਲ ਸਥਾਪਤ ਹੋਣ ਨਾਲ ਆਨਲਾਈਨ ਰਿਕਾਰਡ, ਡਿਜੀਟਲ ਸੇਵਾਵਾਂ ਅਤੇ ਹੋਰ ਤਕਨੀਕੀ ਕੰਮਾਂ ਦੇ ਨਿਪਟਾਰੇ ਵਿੱਚ ਤੇਜ਼ੀ ਆਵੇਗੀ ਅਤੇ ਅਧਿਕਾਰੀਆਂ ਨੂੰ ਵੀ ਕੰਮਾਂ ਦੀ ਨਿਗਰਾਨੀ ਕਰਨ ਵਿੱਚ ਸਹੂਲਤ ਹੋਵੇਗੀ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਤੋਂ ਪੇਪਰਲੈਸ ਡੀਡ ਰਜਿਸਟ੍ਰੇਸ਼ਨ, ਪੇਪਰਲੈਸ ਨਿਸ਼ਾਨਦੇਹੀ, ਇੰਤਕਾਲਾਂ ਦੇ ਨਿਪਟਾਰੇ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੋਜਿਤ ਕੈਂਪਾਂ ਵਿੱਚ ਤੈਅ ਕੀਤੇ ਗਏ ਇੰਤਕਾਲਾਂ, ਲਾਰਜ ਸਕੇਲ ਮੈਪਿੰਗ, ਮਾਲ ਅਦਾਲਤਾਂ ਦੇ ਮਾਮਲਿਆਂ, ਨੈਸ਼ਨਲ ਹਾਈਵੇਅ ਐਕਟ ਤਹਿਤ ਵਿਚੋਲਗੀ ਮਾਮਲਿਆਂ, ਜਮ੍ਹਾਂਬੰਦੀ ਅਤੇ ਮਾਲ ਰਿਕਾਰਡ ਦੇ ਮਾਨਕੀਕਰਨ ਦੀ ਪ੍ਰਗਤੀ ਦੀ ਵੀ ਜਾਣਕਾਰੀ ਲਈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਸਾਰੇ ਕੰਮਾਂ ਵਿੱਚ ਤੇਜ਼ੀ ਲਿਆਉਣ ਅਤੇ ਲੰਬਿਤ ਮਾਮਲਿਆਂ ਨੂੰ ਨਿਰਧਾਰਤ ਸਮਾਂ ਸੀਮਾ ਵਿੱਚ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

ਡੀਸੀ ਨੇ ਵੋਟਰ ਸੂਚੀਆਂ ਦੇ ਵਿਸ਼ੇਸ਼ ਡੂੰਘੀ ਸੋਧ (ਐਸਆਈਆਰ) ਨਾਲ ਸਬੰਧਤ ਕੰਮਾਂ ਦੀ ਵੀ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਕੰਮਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਮੁੱਖ ਉਦੇਸ਼ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਸਰਲ, ਪਾਰਦਰਸ਼ੀ ਅਤੇ ਸਮਾਂਬੱਧ ਤਰੀਕੇ ਨਾਲ ਉਪਲਬਧ ਕਰਵਾਉਣਾ ਹੈ। ਇਸ ਲਈ ਸਾਰੇ ਅਧਿਕਾਰੀ ਆਪਣੇ ਵਿਭਾਗ ਨਾਲ ਸਬੰਧਤ ਕੰਮਾਂ ਦੀ ਨਿਯਮਤ ਸਮੀਖਿਆ ਕਰਦਿਆਂ ਲੰਬਿਤ ਮਾਮਲਿਆਂ ਦਾ ਤਰਜੀਹ ਦੇ ਆਧਾਰ 'ਤੇ ਨਿਪਟਾਰਾ ਕਰਨ।

ਮੀਟਿੰਗ ਵਿੱਚ ਐਸਡੀਐਮ ਰਾਜੇਸ਼ ਖੋਥ, ਨਾਰਨੌਂਦ ਦੇ ਐਸਡੀਐਮ ਵਿਕਾਸ ਯਾਦਵ, ਤਹਿਸੀਲਦਾਰ ਡਾ. ਅਨਿਲ ਕੁਮਾਰ ਬਿਧਾਨ, ਨਾਇਬ ਤਹਿਸੀਲਦਾਰ ਸੁਰੇਸ਼ ਕੁਮਾਰ ਸਣੇ ਜ਼ਿਲ੍ਹੇ ਦੇ ਸਾਰੇ ਮਾਲ ਅਧਿਕਾਰੀ ਹਾਜ਼ਰ ਰਹੇ।

# ਦੋ ਘੰਟੇ ਦੀ ਬਾਰਿਸ਼ ਨੇ ਖੋਲ੍ਹੀ ਨਗਰ ਨਿਗਮ ਦੀ ਪੋਲ, ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਸੜਕ 'ਤੇ ਉਤਰ ਕੇ ਅਧਿਕਾਰੀਆਂ ਨੂੰ ਲਾਈ ਫਟਕਾਰ

ਪੈਗਾਮ-ਏ-ਜਗਤ/ਚੰਡੀਗੜ੍ਹ
(ਹਰਮਿੰਦਰ ਸਿੰਘ ਨਾਗਪਾਲ)



ਕੱਲ੍ਹ ਚੰਡੀਗੜ੍ਹ ਵਿੱਚ ਹੋਈ ਲਗਭਗ ਦੋ ਘੰਟੇ ਦੀ ਬਾਰਿਸ਼ ਨੇ ਨਗਰ ਨਿਗਮ ਦੇ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ। ਸ਼ਹਿਰ ਦੀਆਂ ਕਈ ਸੜਕਾਂ 'ਤੇ ਜਲ ਭਰਾਅ ਅਤੇ ਬਦਹਾਲ ਵਿਵਸਥਾ ਨੂੰ ਦੇਖਦਿਆਂ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਖੁਦ ਸੜਕ 'ਤੇ ਉਤਰੇ ਅਤੇ ਮੌਕੇ 'ਤੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੰਦਿਆਂ ਪ੍ਰਬੰਧਾਂ ਵਿੱਚ ਸੁਧਾਰ ਲਈ ਸਖ਼ਤ ਫਟਕਾਰ ਲਾਈ। ਪ੍ਰਸ਼ਾਸਕ ਦਾ ਇਸ ਤਰ੍ਹਾਂ ਆਮ ਲੋਕਾਂ ਵਿੱਚ ਪਹੁੰਚ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨਾ ਸ਼ਹਿਰ ਵਾਸੀਆਂ ਲਈ ਚਰਚਾ ਦਾ ਵਿਸ਼ਾ ਬਣਿਆ ਰਿਹਾ। ਲੋਕਾਂ ਨੇ ਵੀ ਆਪਣੀਆਂ ਪਰੇਸ਼ਾਨੀਆਂ ਸਿੱਧੇ ਉਨ੍ਹਾਂ ਸਾਹਮਣੇ ਰੱਖੀਆਂ। ਲੰਬੇ ਸਮੇਂ ਬਾਅਦ ਕਿਸੇ ਪ੍ਰਸ਼ਾਸਕ ਨੂੰ ਇਸ ਤਰ੍ਹਾਂ ਸੜਕ 'ਤੇ ਉਤਰ ਕੇ ਆਮ ਜਨਤਾ ਦੀਆਂ ਸਮੱਸਿਆਵਾਂ ਨੂੰ ਨੇੜਿਓਂ ਸੁਣਦੇ ਦੇਖ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਪ੍ਰਸ਼ਾਸਕ ਦੇ ਸਖ਼ਤ ਰੁਖ ਤੋਂ ਬਾਅਦ ਨਗਰ ਨਿਗਮ ਦੇ ਅਧਿਕਾਰੀਆਂ ਵਿੱਚ ਵੀ ਹਲਚਲ ਤੇਜ਼ ਹੋ ਗਈ ਹੈ। ਸ਼ਹਿਰ ਵਾਸੀਆਂ ਨੂੰ ਉਮੀਦ ਹੈ ਕਿ ਬਾਰਿਸ਼ ਨਾਲ ਸਾਹਮਣੇ ਆਈਆਂ ਸਮੱਸਿਆਵਾਂ 'ਤੇ ਹੁਣ ਤੇਜ਼ੀ ਨਾਲ ਕਾਰਵਾਈ ਹੋਵੇਗੀ ਅਤੇ ਚੰਡੀਗੜ੍ਹ ਦੀਆਂ ਸੜਕਾਂ ਅਤੇ ਜਲ ਨਿਕਾਸ ਵਿਵਸਥਾ ਵਿੱਚ ਜਲਦੀ ਸੁਧਾਰ ਦੇਖਣ ਨੂੰ ਮਿਲੇਗਾ।

# ਹਰਿਆਣਾ ਪਸ਼ੂ ਵਿਗਿਆਨ ਕੇਂਦਰ, ਮਹਿੰਦਰਗੜ੍ਹ ਵੱਲੋਂ 'ਗਊਸ਼ਾਲਾਵਾਂ ਵਿੱਚ ਨਸਲ ਸੁਧਾਰ ਸੈਮੀਨਾਰ' ਦਾ ਸਫਲ ਆਯੋਜਨ

ਹਰਿਆਣਾ/ਨਾਰਨੌਲ
(ਪੈਗਾਮ-ਏ-ਜਗਤ/ਦਿਨਕਰ ਗਾਬੜੀ)



ਲਾਲਾ ਲਾਜਪਤ ਰਾਏ ਪਸ਼ੂ-ਚਿਕਿਤਸਾ ਅਤੇ ਪਸ਼ੂ-ਵਿਗਿਆਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ.(ਡਾ.) ਵਿਨੋਦ ਕੁਮਾਰ ਵਰਮਾ ਦੇ ਨਿਰਦੇਸ਼ਾਂ ਅਨੁਸਾਰ ਗਊਸ਼ਾਲਾਵਾਂ ਵਿੱਚ ਨਸਲ ਸੁਧਾਰ ਸੈਮੀਨਾਰ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦਾ ਆਯੋਜਨ ਹਰਿਆਣਾ ਪਸ਼ੂ ਵਿਗਿਆਨ ਕੇਂਦਰ, ਮਹਿੰਦਰਗੜ੍ਹ ਅਤੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ, ਮਹਿੰਦਰਗੜ੍ਹ ਦੇ ਸਾਂਝੇ ਤੱਤਵਾਧਾਨ ਹੇਠ ਕਿਸਾਨ ਕਾਨਫਰੰਸ ਹਾਲ, ਨਾਰਨੌਲ ਵਿੱਚ ਕੀਤਾ ਗਿਆ।

ਸੈਮੀਨਾਰ ਦਾ ਮੁੱਖ ਵਿਸ਼ਾ ਸ੍ਰੇਸ਼ਟ ਜੈਨੇਟਿਕਸ, ਸ੍ਰੇਸ਼ਟ ਗਊਵੰਸ਼ ਰੱਖਿਆ ਗਿਆ, ਜਿਸ ਦਾ ਉਦੇਸ਼ ਗਊਸ਼ਾਲਾਵਾਂ ਨੂੰ ਆਤਮ-ਨਿਰਭਰ ਬਣਾਉਣਾ ਅਤੇ ਵਿਗਿਆਨਕ ਤਕਨੀਕਾਂ ਰਾਹੀਂ ਗਊਵੰਸ਼ ਦਾ ਸੰਵਰਧਨ ਕਰਨਾ ਹੈ। ਪ੍ਰੋਗਰਾਮ ਦਾ ਆਯੋਜਨ ਡਾ. ਦੇਵਿੰਦਰ ਸਿੰਘ ਅਤੇ ਡਾ. ਜੋਤੀ ਢੂੰਡਵਾਲ, ਵਿਗਿਆਨੀ, ਹਰਿਆਣਾ ਪਸ਼ੂ ਵਿਗਿਆਨ ਕੇਂਦਰ, ਮਹਿੰਦਰਗੜ੍ਹ ਵੱਲੋਂ ਕੀਤਾ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ, ਲੁਵਾਸ ਹਿਸਾਰ ਦੇ ਮਾਣਯੋਗ ਉਪ-ਕੁਲਪਤੀ ਪ੍ਰੋ.(ਡਾ.) ਵਿਨੋਦ ਕੁਮਾਰ ਵਰਮਾ ਜੀ ਰਹੇ। ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਡਾ. ਸੰਦੀਪ ਕੁਮਾਰ ਗੁਪਤਾ, ਖੋਜ ਨਿਰਦੇਸ਼ਕ ਲੁਵਾਸ ਹਿਸਾਰ, ਡਾ. ਨਸੀਬ ਸਿੰਘ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਡਾ. ਦਿਨੇਸ਼ ਮਿੱਤਲ, ਖੇਤਰੀ ਨਿਰਦੇਸ਼ਕ, ਹਰਿਆਣਾ ਪਸ਼ੂ ਵਿਗਿਆਨ ਕੇਂਦਰ, ਮਹਿੰਦਰਗੜ੍ਹ, ਅਨਿਲ (ਸੂਬਾ ਸਹਿ-ਸੰਯੋਜਕ, ਗਊਸੇਵਾ ਗਤੀਵਿਧੀ), ਕਪਤਾਨ ਹੰਸਰਾਜ (ਜ਼ਿਲ੍ਹਾ ਸੰਘਚਾਲਕ, ਮਹਿੰਦਰਗੜ੍ਹ) ਅਤੇ ਅਰੁਣ ਕੌਸ਼ਿਕ (ਜ਼ਿਲ੍ਹਾ ਗਊਸੇਵਾ ਸੰਘ, ਮਹਿੰਦਰਗੜ੍ਹ) ਨੇ ਗਰਿਮਾਮਈ ਹਾਜ਼ਰੀ ਦਰਜ ਕਰਵਾਈ। ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਅਤੇ ਉਪ-ਕੁਲਪਤੀ ਮਹੋਦਏ ਨੇ ਗਊਸ਼ਾਲਾ ਪ੍ਰਤੀਨਿਧਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮਹਿੰਦਰਗੜ੍ਹ ਜ਼ਿਲ੍ਹੇ ਵਿੱਚ ਹਰਿਆਣਾ ਪਸ਼ੂ ਵਿਗਿਆਨ ਕੇਂਦਰ ਰੇਵਾਸਾ ਦੇ ਨਾਲ-ਨਾਲ ਨਾਰਨੌਲ ਵਿੱਚ ਪਸ਼ੂ ਰੋਗ ਜਾਂਚ ਪ੍ਰਯੋਗਸ਼ਾਲਾ ਵੀ ਹੈ ਇਸ ਦੇ ਨਾਲ ਹੀ ਪਸ਼ੂ ਪਾਲਕ ਲੁਵਾਸ ਦੇ ਸੋਸ਼ਲ ਮੀਡੀਆ, ਵਟਸਐਪ ਸਲਾਹ ਸੇਵਾ ਦਾ ਵੀ ਉਪਯੋਗ ਕਰ ਸਕਦੇ ਹਨ।

ਸੈਮੀਨਾਰ ਦੌਰਾਨ ਤਕਨੀਕੀ ਸੈਸ਼ਨ ਦਾ ਸੰਚਾਲਨ ਕਰਦਿਆਂ ਡਾ. ਜੋਤੀ ਢੂੰਡਵਾਲ (ਵਿਗਿਆਨੀ, ਐਚਪੀਵੀਕੇ, ਮਹਿੰਦਰਗੜ੍ਹ) ਨੇ ਸਵਾਗਤ ਭਾਸ਼ਣ ਪੇਸ਼ ਕੀਤਾ ਅਤੇ ਗਊਸ਼ਾਲਾਵਾਂ ਦੇ ਵਿਸ਼ੇਸ਼ ਸੰਦਰਭ ਵਿੱਚ ਕਿਫਾਇਤੀ ਖੁਰਾਕ ਨਿਰਮਾਣ 'ਤੇ ਵਿਸਥਾਰ ਅਤੇ ਉਪਯੋਗੀ ਭਾਸ਼ਣ ਦਿੱਤਾ। ਉਨ੍ਹਾਂ ਨੇ ਘੱਟ ਲਾਗਤ ਵਿੱਚ ਪਸ਼ੂਆਂ ਦੇ ਬਿਹਤਰ ਪੋਸ਼ਣ ਅਤੇ ਦੁੱਧ ਉਤਪਾਦਨ ਵਧਾਉਣ ਦੇ ਵਿਹਾਰਕ ਵਿਗਿਆਨਕ ਉਪਾਅ ਸਾਂਝੇ ਕੀਤੇ। ਇਸ ਤੋਂ ਬਾਅਦ, ਡਾ. ਦਵਿੰਦਰ ਸਿੰਘ ਵੱਲੋਂ ਇੱਕ ਇੰਟਰਐਕਟਿਵ ਪ੍ਰਸ਼ਨ-ਉੱਤਰ ਸੈਸ਼ਨ ਦਾ ਸੰਚਾਲਨ ਕੀਤਾ ਗਿਆ, ਜਿਸ ਵਿੱਚ ਹਾਜ਼ਰ ਗਊਸ਼ਾਲਾ ਵਰਕਰਾਂ ਅਤੇ ਪਸ਼ੂ ਪਾਲਕਾਂ ਦੀਆਂ ਜਿਗਿਆਸਾਵਾਂ ਦਾ ਹੱਲ ਕੀਤਾ ਗਿਆ।

ਪਸ਼ੂ ਪਾਲਣ ਵਿਭਾਗ ਦੇ ਕੰਮਾਂ ਅਤੇ ਯੋਜਨਾਵਾਂ 'ਤੇ ਚਾਨਣਾ ਪਾਉਂਦਿਆਂ ਉਪ ਨਿਰਦੇਸ਼ਕ ਪਸ਼ੂ ਪਾਲਣ ਵਿਭਾਗ, ਡਾ. ਨਸੀਬ ਸਿੰਘ ਜੀ ਨੇ ਵੀ ਆਪਣੇ ਵਿਚਾਰ ਰੱਖੇ। ਪ੍ਰੋਗਰਾਮ ਦੇ ਅੰਤ ਵਿੱਚ ਸ੍ਰੀ ਅਰੁਣ ਕੌਸ਼ਿਕ ਜੀ ਨੇ ਸਾਰੇ ਮਹਿਮਾਨਾਂ, ਵਿਗਿਆਨੀਆਂ, ਅਧਿਕਾਰੀਆਂ ਅਤੇ ਦੂਰ-ਦੁਰਾਡੇ ਤੋਂ ਪਧਾਰੇ ਗਊਸ਼ਾਲਾ ਵਰਕਰਾਂ ਪ੍ਰਤੀ ਧੰਨਵਾਦ ਜ਼ਾਹਰ ਕੀਤਾ। ਇਸ ਸੈਮੀਨਾਰ ਵਿੱਚ ਵੱਡੀ ਗਿਣਤੀ ਵਿੱਚ ਗਊਸ਼ਾਲਾ ਪ੍ਰਤੀਨਿਧ, ਪਸ਼ੂ ਪਾਲਕ ਅਤੇ ਵਿਭਾਗੀ ਅਧਿਕਾਰੀ ਹਾਜ਼ਰ ਰਹੇ, ਜਿਸ ਨਾਲ ਇਹ ਆਯੋਜਨ ਗਊਵੰਸ਼ ਸੇਵਾ ਅਤੇ ਖੋਜ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਸਾਬਤ ਹੋਇਆ।

# ਲੋਕ ਹਿੱਤ ਮਿਸ਼ਨ ਨੇ ਦੁਕਾਨਦਾਰਾਂ ਤੋਂ ਮੰਗਿਆ ਪੰਜਾਬ ਬੰਦ ਦਾ ਸਮਰਥਨ

ਖਰੜ, 19 ਅਗਸਤ (ਪੈਗਾਮ-ਏ-ਜਗਤ)

ਕੌਮੀ ਇਨਸਾਫ਼ ਮੋਰਚੇ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਦਾ ਸਮਰਥਨ ਕਰਦਿਆਂ ਲੋਕ ਹਿੱਤ ਮਿਸ਼ਨ, ਬੀ ਕੇ ਯੂ ਪੰਜਾਬ ਵੱਲੋਂ ਇਲਾਕੇ ਦੇ ਦੁਕਾਨਦਾਰਾਂ ਤੋਂ ਸਮਰਥਨ ਮੰਗਿਆ ਹੈ। ਇਸ ਸਬੰਧੀ ਮਿਸ਼ਨ ਦੇ ਆਗੂ ਰਵਿੰਦਰ ਸਿੰਘ ਬਜੀਦਪੁਰ, ਗੁਰਮੀਤ ਸਿੰਘ ਸਾਂਟੂ, ਭਗਤ ਸਿੰਘ ਭਗਤਮਾਜਰਾ , ਕੁਲਵੰਤ ਸਿੰਘ ਸੰਗਤਪੁਰਾ ਤੇ ਗੁਰਸ਼ਰਨ ਸਿੰਘ ਨੱਗਲ ਵਲੋਂ ਕੁਰਾਲੀ, ਮਾਜਰੀ ਬਲਾਕ, ਸਿਆਲਬਾ, ਖਿਜਰਾਬਾਦ, ਬੂਥਗੜ੍ਹ, ਮਾਜਰਾ, ਮੁੱਲਾਂਪੁਰ, ਤਿਊੜ ਤੇ ਸਹੋੜਾਂ ਬਜ਼ਾਰ ਸਥਿਤ ਦੁਕਾਨਦਾਰਾਂ ਤੇ ਹੋਰ ਕਾਰੋਬਾਰੀਆਂ ਤੋਂ 21 ਅਗਸਤ ਦੇ ਪੰਜਾਬ ਬੰਦ ਦਾ ਸਮਰਥਨ ਕਰਦਿਆਂ ਆਪਣਾ ਕੰਮ ਕਾਜ ਬੰਦ ਰੱਖਣ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਸਰਕਾਰਾਂ ਤੇ ਕਾਨੂੰਨ ਵੱਲੋਂ ਬੇਇਨਸਾਫ਼ੀ ਦਾ ਦੌਰ ਖ਼ਤਮ ਕਰਨ ਲਈ ਸਮੂਹ ਪੰਜਾਬੀਆਂ ਨੂੰ ਇੱਕ ਮੁੱਠ ਹੋ ਕੇ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਲੌਂਚਿੰਗ ਐਂਡ ਓਰੀਐਂਟੇਸ਼ਨ ਆਫ਼ ਸਰਬੱਤ ਏ ਆਈ ਇੰਨ ਪੰਜਾਬ ਦਾ ਆਯੋਜਨ ਕੀਤਾ

ਪਟਿਆਲਾ, 19 ਅਗਸਤ (ਪੈਗਾਮ-ਏ-ਜਗਤ)

*ਪਲੇ ਵੇਜ਼ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਵਲੋਂ ਲੌਂਚਿੰਗ ਐਂਡ ਓਰੀਐਂਟੇਸ਼ਨ ਆਫ਼ ਸਰਬੱਤ ਏ ਆਈ ਇੰਨ ਪੰਜਾਬ ਦਾ ਆਯੋਜਨ ਕੀਤਾ ਗਿਆ। ਇਸ ਆਯੋਜਨ ਦਾ ਪੂਰਾ ਪ੍ਰਬੰਧ ਪਲੇ ਵੇਜ਼ ਸੀਨੀਅਰ ਸੈਕੰਡਰੀ ਸਕੂਲ ਦੇ ਚੇਅਰਮੈਨ ਡਾਕਟਰ ਰਾਜਦੀਪ ਸਿੰਘ, ਡਾਇਰੈਕਟਰ ਸ੍ਰੀਮਤੀ ਹਰਸੀਨ ਕੌਰ ਅਤੇ ਪ੍ਰਿੰਸੀਪਲ ਸ੍ਰੀਮਤੀ ਰਕਸ਼ਾ ਵਰਮਾ ਦੇਖ-ਰੇਖ ਵਿੱਚ ਕੀਤਾ ਗਿਆ। ਇਸ ਮੌਕੇ 129 ਸਕੂਲਾਂ ਦੇ ਪ੍ਰਿੰਸੀਪਲ ਤੇ ਅਧਿਆਪਕ ਸ਼ਾਮਿਲ ਹੋਏ। ਇਸ ਮੌਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਖੇਤਰੀ ਡੀਪੂ ਦੇ ਮੈਨੇਜਰ ਸਰਦਾਰ ਅਮਰੀਕ ਸਿੰਘ ਵੀ ਮੌਜੂਦ ਰਹੇ। ਇਸ ਮੌਕੇ ਸਕੂਲ ਦੇ ਚੇਅਰਮੈਨ ਡਾਕਟਰ ਰਾਜਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਾਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਇਸ ਏ ਆਈ ਪ੍ਰੋਜੈਕਟ ਤਹਿਤ ਪਹਿਲੀ ਤੋਂ ਬਾਰਵੀ ਤੱਕ ਏ ਆਈ ਦੀ ਪੜ੍ਹਾਈ ਸ਼ੁਰੂ ਕੀਤੀ ਜਾਵੇਗੀ। ਇਸ ਲਈ ਸਰਕਾਰੀ ਅਤੇ ਸੰਬੰਧਿਤ ਪ੍ਰਾਈਵੇਟ ਸਕੂਲਾਂ ਵਿੱਚ ਲਾਜ਼ਮੀ ਕੰਪਿਊਟਰ ਸਾਇੰਸ ਦੇ ਸਿਲੇਬਸ ਵਿੱਚ ਏ ਆਈ ਨੂੰ ਸ਼ਾਮਲ ਕੀਤਾ ਜਾਵੇਗਾ।*

# ਮੁੱਖ ਮੰਤਰੀ 21 ਨੂੰ ਗੁਰੂਗ੍ਰਾਮ ਵਿੱਚ ਜੇਨ-ਜ਼ੀ ਉੱਦਮੀਆਂ ਨਾਲ ਕਰਨਗੇ ਸਿੱਧਾ ਸੰਵਾਦ

ਪੈਗਾਮ-ਏ-ਜਗਤ/ਚੰਡੀਗੜ੍ਹ
19 ਅਗਸਤ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ 21 ਅਗਸਤ ਨੂੰ ਗੁਰੂਗ੍ਰਾਮ ਯੂਨੀਵਰਸਿਟੀ ਵਿੱਚ ਜੇਨ-ਜ਼ੀ ਉੱਦਮੀਆਂ ਨਾਲ ਸਿੱਧਾ ਸੰਵਾਦ ਕਰਨਗੇ। ਇਸ ਦੌਰਾਨ ਸਫਲ ਨੌਜਵਾਨ ਉੱਦਮੀਆਂ ਵੱਲੋਂ ਆਪਣਾ ਸਟਾਰਟਅੱਪ ਸ਼ੁਰੂ ਕਰਨ ਦੇ ਚਾਹਵਾਨ ਨੌਜਵਾਨਾਂ ਨੂੰ ਨਾ ਸਿਰਫ਼ ਸਟਾਰਟਅੱਪ ਦੀ ਸਥਾਪਨਾ ਸਬੰਧੀ ਅਗਵਾਈ ਦਿੱਤੀ ਜਾਵੇਗੀ, ਸਗੋਂ ਸਟਾਰਟਅੱਪ ਲਈ ਧਨ-ਰਾਸ਼ੀ, ਤਕਨੀਕੀ ਸਹਾਇਤਾ ਪ੍ਰਾਪਤ ਕਰਨ ਸਮੇਤ ਹੋਰ ਪੱਖਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਬੁੱਧਵਾਰ ਨੂੰ ਮੁੱਖ ਮੰਤਰੀ ਨਿਵਾਸ ਵਿਖੇ ਆਯੋਜਿਤ ਮੀਟਿੰਗ ਦੌਰਾਨ ਅਧਿਕਾਰੀਆਂ ਨੇ ਇਸ ਪ੍ਰੋਗਰਾਮ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ। ਇਸ ਦੌਰਾਨ ਮੁੱਖ ਮੰਤਰੀ ਦੇ ਓ.ਐਸ.ਡੀ. ਸ੍ਰੀ ਵੀਰੇਂਦਰ ਬੜਖਾਲਸਾ, ਡਾ. ਰਾਜ ਨਹਿਰੂ, ਵਧੀਕ ਮੁੱਖ ਸਕੱਤਰ ਡਾ. ਜੀ. ਅਨੁਪਮਾ, ਸ੍ਰੀ

ਪ੍ਰੋਗਰਾਮ ਵਿੱਚ ਕਿਸੇ ਵੀ ਔਪਚਾਰਿਕਤਾ ਤੋਂ ਬਿਨਾਂ ਨੌਜਵਾਨਾਂ ਨਾਲ ਸਿੱਧਾ ਸੰਵਾਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਲੈ ਕੇ ਸਮਾਪਤੀ ਤੱਕ ਉਹ ਬਿਨਾਂ ਔਪਚਾਰਿਕਤਾ, ਨੌਜਵਾਨਾਂ ਨਾਲ ਰਹਿਣਾ ਅਤੇ ਉਨ੍ਹਾਂ ਨਾਲ ਗੱਲ ਕਰਨਾ ਚਾਹੁੰਦੇ ਹਨ।

ਅਧਿਕਾਰੀਆਂ ਨੇ ਦੱਸਿਆ ਕਿ ਪ੍ਰੋਗਰਾਮ ਵਿੱਚ 6 ਮਾਸਟਰ ਕਲਾਸ ਰੂਮ ਸਥਾਪਿਤ ਕੀਤੇ ਜਾਣਗੇ ਜਿਨ੍ਹਾਂ ਵਿੱਚ ਸਫਲ ਉੱਦਮੀ ਮਾਹਿਰਾਂ ਵਜੋਂ 50-50 ਬੱਚਿਆਂ ਦੇ ਗਰੁੱਪ ਨੂੰ ਸਟਾਰਟਅੱਪ ਦੀ ਸਥਾਪਨਾ ਅਤੇ ਹੋਰ ਪੱਖਾਂ ਬਾਰੇ ਸਿਖਲਾਈ ਦੇਣਗੇ ਅਤੇ ਉਨ੍ਹਾਂ ਨੂੰ ਦੱਸਣਗੇ ਕਿ ਕਿਸ ਤਰ੍ਹਾਂ ਕਿਸੇ ਸਟਾਰਟਅੱਪ ਨੂੰ ਜ਼ੀਰੋ ਤੋਂ ਲੈ ਕੇ ਨਵੀਆਂ ਬੁਲੰਦੀਆਂ ਤੱਕ ਪਹੁੰਚਾਇਆ ਜਾ ਸਕਦਾ ਹੈ। ਸਿਖਲਾਈ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨੂੰ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਜਾਣਗੇ। ਬਾਅਦ ਵਿੱਚ ਇਨ੍ਹਾਂ ਨੌਜਵਾਨਾਂ ਨੂੰ ਐਮ.ਐਸ.ਐਮ.ਈ. ਨਾਲ ਲਿੰਕ ਕੀਤਾ ਜਾਵੇਗਾ ਜਿੱਥੇ ਇਹ ਸਟਾਰਟਅੱਪ ਦਾ ਵਿਹਾਰਕ ਗਿਆਨ ਪ੍ਰਾਪਤ ਕਰਨਗੇ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਵਿੱਚ

ਇਸ ਦੌਰਾਨ ਬੈਂਕਾਂ ਵੱਲੋਂ ਕਰਜ਼ੇ ਸਬੰਧੀ ਅਤੇ ਹੁਨਰ ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਵੀ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਇਸ ਪ੍ਰੋਗਰਾਮ ਦਾ ਆਯੋਜਨ ਉੱਚ ਸਿੱਖਿਆ ਵਿਭਾਗ, ਹੁਨਰ ਵਿਕਾਸ ਅਤੇ ਉਦਯੋਗਿਕ ਸਿਖਲਾਈ ਵਿਭਾਗ ਅਤੇ ਉਦਯੋਗ ਤੇ ਵਣਜ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਵੇਗਾ।

ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ 'ਯੁਵਾ ਉੱਦਮੀ ਯਾਤਰਾ' ਤਹਿਤ 2 ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ। ਇਹ ਬੱਸਾਂ ਗੁਰੂਗ੍ਰਾਮ ਤੋਂ ਚੱਲ ਕੇ ਪ੍ਰਦੇਸ਼ ਦੇ ਹਰੇਕ ਜ਼ਿਲ੍ਹੇ ਵਿੱਚ ਕਾਲਜਾਂ, ਯੂਨੀਵਰਸਿਟੀਆਂ, ਆਈ.ਟੀ.ਆਈ., ਕੋਚਿੰਗ ਸੰਸਥਾਵਾਂ ਆਦਿ ਦੇ ਵਿਦਿਆਰਥੀਆਂ ਨੂੰ ਸਟਾਰਟਅੱਪ ਅਤੇ ਐਂਟਰਪ੍ਰੇਨਿਓਰਸ਼ਿਪ ਬਾਰੇ ਜਾਗਰੂਕ ਕਰੇਗੀ ਅਤੇ ਸਟਾਰਟਅੱਪ ਸ਼ੁਰੂ ਕਰਨ ਵਾਲੇ ਵਿਦਿਆਰਥੀਆਂ ਦੀਆਂ ਜਿਗਿਆਸਾਵਾਂ ਦਾ ਹੱਲ ਕਰਦਿਆਂ ਉਨ੍ਹਾਂ ਦੀ ਵਿਸ਼ੇਸ਼ ਤੌਰ 'ਤੇ ਮਦਦ ਕਰਨਗੀਆਂ। ਇਹ ਯਾਤਰਾ ਦਸੰਬਰ ਤੱਕ ਚੱਲੇਗੀ। ਯਾਤਰਾ ਦੇ ਸਮਾਪਤ ਹੋਣ 'ਤੇ ਦਸੰਬਰ ਵਿੱਚ ਜੇਨ-ਜ਼ੀ ਲਈ

# ਸਿੰਘਵਾ ਰਾਘੋ ਵਿੱਚ ਇਤਿਹਾਸਕ ਦਸਤਾਵੇਜ਼ਾਂ ਅਤੇ ਛਾਇਆ ਚਿੱਤਰਾਂ ਦੀ ਪ੍ਰਦਰਸ਼ਨੀ ਦਾ ਦੂਜਾ ਦਿਨ

ਪੈਗਾਮ-ਏ-ਜਗਤ
ਹਾਂਸੀ (ਦਿਨਕਰ ਗਾਬੜੀ)



- ਲਗਭਗ 210 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਕੀਤਾ ਪ੍ਰਦਰਸ਼ਨੀ ਦਾ ਨਿਰੀਖਣ
- ਵਿਦਿਆਰਥੀ ਸੁਤੰਤਰਤਾ ਸੈਨਾਨੀਆਂ ਦੀਆਂ ਕੁਰਬਾਨੀਆਂ ਅਤੇ ਬਲੀਦਾਨ ਦੀਆਂ ਕਹਾਣੀਆਂ ਤੋਂ ਜਾਣੂ ਹੋਏ

ਖੇਤਰੀ ਪੁਰਾਲੇਖ, ਹਿਸਾਰ ਮੰਡਲ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਿੰਘਵਾ ਰਾਘੋ ਵਿਖੇ 18 ਤੋਂ 19 ਅਗਸਤ 2026 ਤੱਕ ਆਯੋਜਿਤ ਦੋ ਦਿਨਾ ਇਤਿਹਾਸਕ ਦਸਤਾਵੇਜ਼ਾਂ ਅਤੇ ਛਾਇਆ ਚਿੱਤਰਾਂ ਦੀ ਪ੍ਰਦਰਸ਼ਨੀ ਦਾ ਅੱਜ ਬੁੱਧਵਾਰ ਨੂੰ ਦੂਜਾ ਅਤੇ ਆਖਰੀ ਦਿਨ ਰਿਹਾ। ਇਸ ਮੌਕੇ ਆਸ-ਪਾਸ ਦੇ ਸਕੂਲਾਂ ਤੋਂ ਆਏ ਲਗਭਗ 210 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਪ੍ਰਦਰਸ਼ਨੀ ਦਾ ਨਿਰੀਖਣ ਕੀਤਾ ਅਤੇ ਸੁਤੰਤਰਤਾ ਸੰਗਰਾਮ ਅਤੇ ਸੁਤੰਤਰਤਾ ਸੈਨਾਨੀਆਂ ਦੇ ਯੋਗਦਾਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

ਪ੍ਰਦਰਸ਼ਨੀ ਦੀ ਸਮਾਪਤੀ ਸਰਪੰਚ ਪ੍ਰਤੀਨਿਧ ਨਰੇਸ਼ ਨਾਰੂ ਨੇ ਕੀਤੀ। ਸਰਪੰਚ ਪ੍ਰਤੀਨਿਧ ਨਰੇਸ਼ ਨਾਰੂ ਨੇ ਕਿਹਾ ਕਿ ਪੇਂਡੂ ਖੇਤਰ ਵਿੱਚ ਇਸ ਤਰ੍ਹਾਂ ਦੀ ਇਤਿਹਾਸਕ ਪ੍ਰਦਰਸ਼ਨੀ ਦਾ ਆਯੋਜਨ ਸ਼ਲਾਘਾਯੋਗ ਪਹਿਲ ਹੈ। ... ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਗਿਆਨ ਵਧਾਉਣ ਦੇ ਨਾਲ-ਨਾਲ ਉਨ੍ਹਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਵੀ ਮਜ਼ਬੂਤ ਕਰਦੀਆਂ ਹਨ।

ਖੇਤਰੀ ਪੁਰਾਲੇਖ, ਹਿਸਾਰ ਮੰਡਲ ਦੇ ਸਹਾਇਕ ਨਿਰਦੇਸ਼ਕ ਅਨਿਲ ਕੁਮਾਰ ਨੇ ਦੱਸਿਆ ਕਿ ਪ੍ਰਦਰਸ਼ਨੀ ਦਾ ਮੁੱਖ ਉਦੇਸ਼ ਸੁਤੰਤਰਤਾ ਸੰਗਰਾਮ ਦੇ ਨਾਇਕਾਂ ਦੇ ਯੋਗਦਾਨ, ਤਿਆਗ ਅਤੇ ਬਲੀਦਾਨ ਦੀਆਂ ਕਹਾਣੀਆਂ ਨੂੰ ਹਰ ਵਿਅਕਤੀ ਤੱਕ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸਕ ਦਸਤਾਵੇਜ਼ਾਂ ਅਤੇ ਛਾਇਆ ਚਿੱਤਰਾਂ ਰਾਹੀਂ ਵਿਦਿਆਰਥੀਆਂ ਨੂੰ ਇਤਿਹਾਸ ਨੂੰ ਨੇੜਿਓਂ ਸਮਝਣ ਦਾ ਮੌਕਾ ਮਿਲਦਾ ਹੈ।

ਪ੍ਰਦਰਸ਼ਨੀ ਵਿੱਚ ਸਵਾਮੀ ਦੀਪਤਾਨੰਦ ਕੰਨਿਆ ਗੁਰੂਕੁਲ ਘਿਰਾਏ, ਸੇਂਟ ਮੈਥਿਊਜ਼ ਸਕੂਲ ਚਾਨੌਤ, ਐਲ.ਆਰ.ਐਮ. ਹਾਈ ਸਕੂਲ ਚਾਨੌਤ ਅਤੇ ਸਰਕਾਰੀ ਮਿਡਲ ਸਕੂਲ ਸਿੰਧੜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਹਿੱਸਾ ਲਿਆ। ਚਾਨੌਤ ਤੋਂ ਆਏ ਵਿਦਿਆਰਥੀਆਂ ਨੇ ਲੋਕਾਂ ਨੇ ਵੀ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਸੀ।

ਵਿਭਾਗ ਦੇ ਰਿਸੋਰਸ ਪਰਸਨ ਰਾਜਕੁਮਾਰ ਜਾਂਗੜਾ ਨੇ ਵਿਦਿਆਰਥੀਆਂ ਨੂੰ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਸੁਤੰਤਰਤਾ ਸੈਨਾਨੀਆਂ, ਇਤਿਹਾਸਕ ਘਟਨਾਵਾਂ ਅਤੇ ਦਸਤਾਵੇਜ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਆਸ-ਪਾਸ ਦੇ ਪਿੰਡਾਂ ਦੇ ਕਈ ਸੁਤੰਤਰਤਾ ਸੈਨਾਨੀਆਂ ਨੇ ਔਖੀਆਂ ਸਥਿਤੀਆਂ ਵਿੱਚ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕੀਤਾ, ਜਿਸ ਨੂੰ ਜਾਣ ਕੇ ਸਾਨੂੰ ਮਾਣ ਦੀ ਅਨੁਭੂਤੀ ਹੁੰਦੀ ਹੈ।

ਦਿਆਲ ਸਿੰਘ ਕਾਲਜ, ਦਿੱਲੀ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਡਾ. ਉਮਾਸ਼ੰਕਰ ਸਿੰਘ ਨੇ ਕਿਹਾ ਕਿ ਅਜਿਹੀ ਪ੍ਰਦਰਸ਼ਨੀ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਇਤਿਹਾਸ ਨਾਲ ਜੋੜਨ ਦੀ ਸਸ਼ਕਤ ਕੜੀ ਵਜੋਂ ਕੰਮ ਕਰਦੀ ਹੈ। ਇਸ ਮੌਕੇ ਵਿਦਿਆਲੇ ਦੀ ਪ੍ਰਿੰਸੀਪਲ ਰਾਜਬਾਲਾ, ਇਤਿਹਾਸ ਲੈਕਚਰਾਰ ਮਨੋਜ ਮੁੰਡ, ਵਿਜੇਂਦਰ ਸਿੰਘ ਨੈਣ, ਸਿੱਖਿਆ, ਮਕੇਸ਼ ਰਾਣੀ, ਵਿਨੋਦ ਪਰਮਾਰ, ਨਰਿੰਦਰ ਕੁਮਾਰ

# ਮੁਹਾਲੀ ਵਿੱਚ ਸਾਲੇ ਵਲੋਂ ਦੋਸਤ ਨਾਲ ਮਿਲ ਕੇ ਜੀਜੇ ਦਾ ਕਤਲ

• ਜਾਇਦਾਦ ਨਾ ਮਿਲਣ ਦੀ ਰੰਜਿਸ਼ ਕਾਰਨ ਮ੍ਰਿਤਕ ਦੇ ਦਫਤਰ ਵਿੱਚ ਚਾਕੂ ਮਾਰ ਕੇ ਕੀਤਾ ਕਤਲ

ਐਸ.ਏ.ਐਸ. ਨਗਰ, 19 ਅਗਸਤ (ਪੈਗਾਮ-ਏ-ਜਗਤ)

ਥਾਣਾ ਸੁਹਾਣਾ ਅਧੀਨ ਪੈਂਦੇ ਸੈਕਟਰ 87 ਵਿੱਚ ਇੱਕ ਵਿਅਕਤੀ ਵਲੋਂ ਆਪਣੇ ਦੋਸਤ ਨਾਲ ਮਿਲ ਕੇ ਆਪਣੇ ਸਕੇ ਜੀਜੇ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਅਮਨਦੀਪ ਸਿੰਘ ਵੱਜੋਂ ਹੋਈ ਹੈ ਜੋ ਸੈਕਟਰ 87 ਵਿੱਚ ਪ੍ਰਾਪਰਟੀ ਡੀਲਰ ਦਾ ਦਫਤਰ ਜ ਚਲਾਉਂਦਾ ਸੀ ਅਤੇ ਉਸਦਾ ਕਤਲ ਉਸੇ ਦਫਤਰ ਵਿੱਚ ਹੋਇਆ ਹੈ।

ਮੁਹਾਲੀ ਦੇ ਡੀ ਐਸ ਪੀ ਸਿਟੀ 2 ਸ੍. ਹਰਸਿਮਰਨ ਸਿੰਘ ਬੱਲ ਅਨੁਸਾਰ ਮ੍ਰਿਤਕ ਦੇ ਸਾਲੇ ਪ੍ਰਦੀਪ ਸਿੰਘ ਨੂੰ ਇਸ ਗੱਲ ਦੀ ਰੰਜਿਸ਼ ਸੀ ਕਿ ਮ੍ਰਿਤਕ ਅਮਨਦੀਪ ਸਿੰਘ ਉਸ ਦੇ ਨਾਮ ਪ੍ਰਾਪਰਟੀ ਨਹੀਂ ਹੋਣ ਦੇ ਰਿਹਾ ਅਤੇ ਇਸੇ ਰੰਜਿਸ਼ ਦੇ ਤਹਿਤ ਇਹ ਕਤਲ ਕੀਤਾ ਗਿਆ ਹੈ।

ਇਸ ਸਬੰਧੀ ਮ੍ਰਿਤਕ ਦੀ ਪਤਨੀ ਰਮਨਦੀਪ ਕੌਰ ਨੇ ਥਾਣਾ ਸੁਹਾਣਾ ਦੀ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਉਹ ਸੈਕਟਰ 66 ਬੀ ਵਿੱਚ ਆਪਣੇ ਪਤੀ ਅਮਨਦੀਪ ਸਿੰਘ ਅਤੇ ਦੋ ਲੜਕੀਆਂ ਸਮੇਤ ਰਹਿ ਰਹੀ ਹੈ। 2019 ਵਿੱਚ ਉਸ ਦਾ ਵਿਆਹ ਅਮਨਦੀਪ ਸਿੰਘ ਨਾਲ ਹੋਇਆ ਸੀ ਅਤੇ ਅਮਨਦੀਪ ਤੋਂ ਉਸ ਕੋਲ ਦੋ ਬੱਚੇ ਹਨ। ਉਸ ਦਾ ਅਤੇ ਅਮਨਦੀਪ ਸਿੰਘ ਦੋਵਾਂ ਦਾ ਇਹ ਦੂਜਾ ਵਿਆਹ ਹੈ। ਉਸ ਦੇ ਪਹਿਲੇ ਵਿਆਹ ਦਾ ਤਲਾਕ ਹੋ ਚੁੱਕਾ ਹੈ ਅਤੇ ਅਮਨਦੀਪ ਦਾ ਵੀ ਪਹਿਲੇ ਵਿਆਹ ਦਾ ਤਲਾਕ ਹੋ ਚੁੱਕਿਆ ਹੈ ਪ੍ਰੰਤੂ ਅਮਨਦੀਪ ਦੇ ਪਹਿਲੇ ਵਿਆਹ ਤੋਂ ਪਤਨੀ ਅਤੇ ਬੱਚਿਆਂ ਨਾਲ ਹਾਲੇ ਵੀ ਮੇਲ ਜੋਲ ਹੈ ਅਤੇ ਉਹ ਕਈ ਵਾਰ ਆਪਣੇ ਬੱਚਿਆਂ ਨੂੰ ਮਿਲਣ ਲਈ ਜਾਂਦਾ ਸੀ।

ਰਮਨਦੀਪ ਕੌਰ ਮੁਤਾਬਕ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਸਾਰੀ ਜ਼ਮੀਨ ਜਾਇਦਾਦ ਉਸਦੀ ਮਾਤਾ ਸਵਰਨਜੀਤ ਕੌਰ ਦੇ ਨਾਮ ਹੋ ਗਈ ਸੀ। ਉਸਦੀ ਮਾਤਾ ਸਵਰਨਜੀਤ ਕੌਰ ਨੇ ਉਸ ਨੂੰ ਸਾਰੀ ਪ੍ਰਾਪਰਟੀ ਦੀ ਵਾਰਸ ਇਸ ਲਈ ਬਣਾਇਆ ਹੋਇਆ ਹੈ, ਕਿਉਂਕਿ ਉਸ ਦਾ ਭਰਾ ਪ੍ਰਦੀਪ ਸਿੰਘ ਮਾੜੀ ਸੰਗਤ ਵਿੱਚ ਪੈ ਗਿਆ ਸੀ ਜਿਸ ਕਰਕੇ ਉਸਦੀ ਮਾਤਾ ਸਵਰਨਜੀਤ ਕੌਰ ਨੇ ਉਸਦੇ ਭਰਾ ਪ੍ਰਦੀਪ ਸਿੰਘ ਨੂੰ ਜ਼ਮੀਨ ਜਾਇਦਾਦ ਦਾ ਵਾਰਸ ਨਹੀਂ ਬਣਾਇਆ। ਉਸ ਦੀ ਮਾਤਾ ਸਵਰਨਜੀਤ ਕੌਰ ਦੇ ਨਾਮ ਤੇ ਸੈਕਟਰ 87 ਵਿਖੇ ਦੋ ਕਨਾਲ ਜ਼ਮੀਨ ਹੈ ਜਿਸ ਵਿੱਚ ਉਸਦੇ ਪਤੀ ਅਮਨਦੀਪ ਸਿੰਘ ਨੇ ਪ੍ਰਾਪਰਟੀ ਡੀਲਰ ਦਾ ਦਫਤਰ ਅਤੇ ਫਾਰਮ ਹਾਊਸ ਬਣਾਇਆ ਹੋਇਆ ਹੈ।

ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਇਸ ਫਾਰਮ ਹਾਊਸ ਦਾ ਨਾਮ ਓਲਡ ਫਾਰਮ ਹਾਊਸ ਰੱਖਿਆ ਹੋਇਆ ਹੈ ਜਿੱਥੇ ਉਸਦਾ ਪਤੀ ਪ੍ਰਾਪਰਟੀ ਦੀ ਖਰੀਦੋ ਫਰੋਖਤ ਦੇ ਕੰਮ ਲਈ ਮੀਟਿੰਗਾਂ ਕਰਦੇ ਹਨ। ਉਹ ਵੀ ਇਸ ਦਫਤਰ ਵਿੱਚ ਹਰ ਰੋਜ ਆਉਂਦੀ ਜਾਂਦੀ ਰਹਿੰਦੀ ਹੈ। ਸ਼ਿਕਾਇਤਕਰਤਾ ਅਨੁਸਾਰ ਬੀਤੀ ਸ਼ਾਮ ਉਸ ਦਾ ਭਰਾ ਪ੍ਰਦੀਪ ਸਿੰਘ ਆਪਣੇ ਦੋਸਤ ਦੇ ਨਾਲ ਉਹਨਾਂ ਦੇ ਸੈਕਟਰ 87 ਮੁਹਾਲੀ ਵਿਚਲੇ ਦਫਤਰ ਵਿੱਚ ਆਇਆ ਅਤੇ ਉਸਦੇ ਪਤੀ ਅਮਨਦੀਪ ਸਿੰਘ ਨੂੰ ਕਹਿਣ ਲੱਗਾ ਕਿ ਤੂੰ ਮੇਰੀ ਮਾਤਾ ਦੀ ਪ੍ਰਾਪਰਟੀ ਦੀ ਵਸੀਅਤ ਮੇਰੇ ਨਾਮ ਨਹੀਂ ਹੋਣ ਦੇ ਰਿਹਾ। ਇਸ ਰੰਜਿਸ਼ ਨੂੰ ਲੈ ਕੇ ਉਸਦੇ ਭਰਾ ਪ੍ਰਦੀਪ ਸਿੰਘ ਨੇ ਆਪਣੇ ਡੱਬ ਵਿੱਚੋਂ ਚਾਕੂ ਕੱਢਿਆ ਅਤੇ ਉਸਦੇ ਪਤੀ ਤੇ ਵਾਰ ਕਰ ਦਿੱਤਾ।

ਸ਼ਿਕਾਇਤਕਰਤਾ ਅਨੁਸਾਰ ਉਸ ਦਾ ਪਤੀ ਆਪਣੀ ਜਾਨ ਬਚਾਉਣ ਲਈ ਦਫਤਰ ਤੋਂ ਬਾਹਰ ਪਿਛਲੇ ਪਾਸੇ ਭੱਜਿਆ ਪਰੰਤੂ ਪ੍ਰਦੀਪ ਸਿੰਘ ਅਤੇ ਉਹਦਾ ਦੋਸਤ ਉਸਦੇ ਪਤੀ ਦੇ ਪਿੱਛੇ ਭੱਜੇ ਅਤੇ ਪ੍ਰਦੀਪ ਦੇ ਦੋਸਤ ਨੇ ਉਸਦੇ ਪਤੀ ਨੂੰ ਫੜ ਲਿਆ। ਇਸ ਦੌਰਾਨ ਪ੍ਰਦੀਪ ਨੇ ਉਸਦੇ ਪਤੀ ਦੀ ਗਰਦਨ ਅਤੇ ਸਰੀਰ ਤੇ ਚਾਕੂ ਦੇ ਕਈ ਵਾਰ ਕੀਤੇ। ਪ੍ਰਦੀਪ ਦੇ ਦੋਸਤ ਨੇ ਉਸਦੇ ਪਤੀ ਦੇ ਸਿਰ ਵਿੱਚ ਰਾਡ ਮਾਰੀ ਅਤੇ ਫਿਰ ਛਾਤੀ ਤੇ ਰਾਡ ਦੇ ਕਈ ਵਾਰ ਕੀਤੇ। ਉਹ ਆਪਣੇ ਭਰਾ ਨੂੰ ਹਟਾਉਣ ਲਈ ਸਾਹਮਣੇ ਆਈ ਤਾਂ ਉਸ ਦਾ ਭਰਾ ਪ੍ਰਦੀਪ ਸਿੰਘ ਅਤੇ ਉਸਦਾ ਦੋਸਤ ਉਹਨਾਂ ਦੀ ਇਨੋਵਾ ਗੱਡੀ ਲੈ ਕੇ ਮੌਕੇ ਤੋਂ ਫਰਾਰ ਹੋ ਗਏ। ਉਸ ਵੱਲੋਂ ਜਾਣਕਾਰਾਂ ਦੀ ਮਦਦ ਨਾਲ ਜ਼ਖਮੀ ਅਮਨਦੀਪ ਸਿੰਘ ਨੂੰ ਸੁਹਾਣਾ ਦੇ ਇੱਕ ਨਿੱਜੀ ਹਸਪਤਾਲ ਲਿਆਂਦਾ ਗਿਆ ਜਿੱਥੇ ਇਲਾਜ ਦੌਰਾਨ ਉਸਦੇ ਪਤੀ ਅਮਨਦੀਪ ਸਿੰਘ ਦੀ ਮੌਤ ਹੋ ਗਈ।

ਇਸ ਸਬੰਧੀ ਡੀ ਐਸ ਪੀ ਸਿਟੀ 2 ਹਰਸਿਮਰਨ ਸਿੰਘ ਬਲ ਨੇ ਕਿਹਾ ਕਿ ਪੁਲੀਸ ਨੇ ਪ੍ਰਦੀਪ ਸਿੰਘ ਵਾਸੀ ਨਾਨੂ ਮਾਜਰਾ ਅਤੇ ਉਸਦੇ ਅਣਪਛਾਤੇ ਦੋਸਤ ਦੇ ਖਿਲਾਫ ਕਤਲ ਦੀ ਧਾਰਾ 103 ਅਤੇ 3(5) ਬੀਐਨਐਸ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਉਹਨਾਂ ਕਿਹਾ ਕਿ ਅਪਰਾਧੀਆਂ ਦੀ ਭਾਲ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

# ਆਪਸੀ ਸਾਂਝ ਅਤੇ ਪੰਜਾਬੀ ਸੱਭਿਆਚਾਰ ਦਾ ਪ੍ਰਤੀਕ ਹੈ ਤੀਆਂ ਦਾ ਤਿਉਹਾਰ : ਹਰਮਨਪ੍ਰੀਤ ਸਿੰਘ ਪ੍ਰਿੰਸ

ਫੇਜ਼ 3 ਬੀ 1 ਵਿੱਚ ਤੀਆਂ ਦੇ ਮੇਲੇ ਦਾ ਆਯੋਜਨ ਕੀਤਾ



ਐਸ.ਏ.ਐਸ. ਨਗਰ, 19 ਅਗਸਤ (ਪੈਗਾਮ-ਏ-ਜਗਤ)

ਲਵਲੀ ਚੈਰੀਟੇਬਲ ਟਰਸਟ ਵੱਲੋਂ ਨਗਰ ਕੌਂਸਲ ਮੁਹਾਲੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਐਡਵੋਕੇਟ ਹਰਮਨਪ੍ਰੀਤ ਸਿੰਘ ਪ੍ਰਿੰਸ ਅਤੇ ਨਗਰ ਨਿਗਮ ਦੀ ਕੌਂਸਲਰ ਬੀਬੀ ਇੰਦਰਪ੍ਰੀਤ ਕੌਰ ਪ੍ਰਿੰਸ ਦੀ ਅਗਵਾਈ ਹੇਠ ਫੇਜ਼ 3ਬੀ1 ਵਿਖੇ ਤੀਆਂ ਦੇ ਤਿਉਹਾਰ ਨੂੰ ਸਮਰਪਿਤ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ।

ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਮਾਵਾਂ, ਭੈਣਾਂ ਅਤੇ ਬੱਚੀਆਂ ਨੇ ਨਾਲ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਤੰਬੋਲੇ ਅਤੇ ਵੱਖ-ਵੱਖ ਮਨੋਰੰਜਕ ਖੇਡਾਂ ਨਾਲ ਹੋਈ। ਇਸ ਤੋਂ ਬਾਅਦ ਪੰਜਾਬੀ ਲੋਕ ਗੀਤਾਂ, ਤੀਆਂ ਦੀਆਂ ਬੋਲੀਆਂ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਫੇਜ਼ 3 ਬੀ 1 ਦੀਆਂ ਔਰਤਾਂ ਅਤੇ ਬੱਚੀਆਂ ਨੇ ਤੀਆਂ ਦੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਗਈ।

ਸਮਾਗਮ ਦੌਰਾਨ ਇਲਾਕੇ ਦੀਆਂ ਬੱਚੀਆਂ ਅਤੇ ਮਾਤਾਵਾਂ ਵੱਲੋਂ ਸੋਲੋ ਗਾਇਕੀ, ਗੀਤ ਅਤੇ ਡਾਂਸ ਦੀਆਂ ਪੇਸ਼ਕਾਰੀਆਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਕਈ ਮਸ਼ਹੂਰ ਪੰਜਾਬੀ ਗਾਇਕਾਂ ਨੇ ਵੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਹਾਜ਼ਰੀਨ ਦਾ ਮਨੋਰੰਜਨ ਕੀਤਾ। ਐਂਕਰਾਂ ਵੱਲੋਂ ਤੀਆਂ ਦੇ ਤਿਉਹਾਰ ਨਾਲ ਸਬੰਧਤ ਬੋਲੀਆਂ, ਟੱਪੇ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਕਰਵਾਈਆਂ ਗਈਆਂ। ਚਰਖਾ ਕੱਤਣ ਅਤੇ ਪੰਜਾਬੀ ਪੁਰਾਤਨ ਜੀਵਨ-ਸ਼ੈਲੀ ਨਾਲ ਜੁੜੀਆਂ ਗਤੀਵਿਧੀਆਂ ਰਾਹੀਂ ਨਵੀਂ ਪੀੜ੍ਹੀ ਨੂੰ ਪੰਜਾਬੀ ਵਿਰਸੇ ਅਤੇ ਤੀਆਂ ਦੇ ਤਿਉਹਾਰ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਦਾ ਸੁਨੇਹਾ ਦਿੱਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਐਡਵੋਕੇਟ ਹਰਮਨਪ੍ਰੀਤ ਸਿੰਘ ਪ੍ਰਿੰਸ ਨੇ ਕਿਹਾ ਕਿ ਤੀਆਂ ਦਾ ਤਿਉਹਾਰ ਆਪਸੀ ਭਾਈਚਾਰਕ ਸਾਂਝ ਅਤੇ ਪੰਜਾਬੀ ਸੱਭਿਆਚਾਰ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ 3ਬੀ1 ਦੇ ਲੋਕਾਂ, ਖਾਸ ਕਰਕੇ ਮਾਵਾਂ ਅਤੇ ਭੈਣਾਂ ਨੇ ਉਨ੍ਹਾਂ ਦੇ ਪਰਿਵਾਰ ਨੂੰ ਬਹੁਤ ਵੱਡਾ ਪਿਆਰ ਅਤੇ ਅਸ਼ੀਰਵਾਦ ਦਿੱਤਾ ਹੈ ਅਤੇ ਮਿਊਂਸਪਲ ਕੌਂਸਲ ਦੀ ਚੋਣ ਵਿੱਚ ਉਨ੍ਹਾਂ ਦਾ ਭਰਪੂਰ ਸਾਥ ਦਿੰਦਿਆਂ ਇੰਦਰਪ੍ਰੀਤ ਕੌਰ ਪ੍ਰਿੰਸ ਨੂੰ ਮਿਸਾਲੀ ਜਿੱਤ ਦਿਵਾਈ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਲਾਕੇ ਵਿੱਚ ਅਜਿਹੇ ਲੋਕ-ਭਲਾਈ ਅਤੇ ਸੱਭਿਆਚਾਰਕ ਸਮਾਗਮ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਤੀਆਂ ਦੇ ਪ੍ਰੋਗਰਾਮ ਤੋਂ ਇਲਾਵਾ ਮੈਡੀਕਲ ਕੈਂਪ, ਲੋਹੜੀ ਸਮਾਗਮ, ਕੀਰਤਨ ਦਰਬਾਰ ਅਤੇ ਜਾਗਰਣ ਵਰਗੇ ਪ੍ਰੋਗਰਾਮ ਵੀ ਕਰਵਾਏ ਜਾਂਦੇ ਰਹਿਣਗੇ। ਅਖੀਰ ਵਿੱਚ ਬੀਬੀ ਇੰਦਰਪ੍ਰੀਤ ਕੌਰ ਪ੍ਰਿੰਸ ਵੱਲੋਂ ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ, ਮਾਵਾਂ, ਭੈਣਾਂ ਅਤੇ ਬੱਚੀਆਂ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਸੁਖਪ੍ਰੀਤ ਕੌਰ ਸਿੱਧੂ ਮਿਸਜ਼ ਤੀਜ ਅਤੇ ਰਖਿਆ ਕੌਰ ਮਿਸ ਤੀਜ ਵਜੋਂ ਜੇਤੂ ਰਹੇ। ਉਹਨਾਂ ਦੇ ਨਾਲ ਨਾਲ ਵੱਖ-ਵੱਖ ਮੁਕਾਬਲਿਆਂ ਅਤੇ ਪੇਸ਼ਕਾਰੀਆਂ ਵਿੱਚ ਜੇਤੂ ਰਹੇ ਭਾਗੀਦਾਰਾਂ ਨੂੰ ਹਰਮਨ ਪ੍ਰੀਤ ਸਿੰਘ ਪ੍ਰਿੰਸ ਅਤੇ ਇੰਦਰਪ੍ਰੀਤ ਕੌਰ ਪ੍ਰਿੰਸ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਿਤੂ ਬੰਸਲ, ਰੈਂਅਟਮ ਰੰਧਾਵਾ, ਸੁਲੇਖਾ, ਰਜਨੀ, ਰੋਜ਼ੀ ਗੋਇਲ, ਬਲਵਿੰਦਰ ਕੌਰ, ਪੂਨਮ ਖੰਣਰ, ਮਨਜੀਤ ਕੌਰ, ਸੁਖਵਿੰਦਰ ਕੌਰ, ਸੁਮਨ, ਪ੍ਰਭਲੀਨ ਕੌਰ, ਕਮਲਜੀਤ ਕੌਰ ਵੀ ਹਾਜ਼ਰ ਸਨ।

# ਡਾ. ਬੀ.ਆਰ. ਅੰਬੇਡਕਰ ਆਵਾਸ ਨਵੀਨੀਕਰਨ ਯੋਜਨਾ ਮੁੜ ਹੋਵੇਗੀ ਸ਼ੁਰੂ : ਕ੍ਰਿਸ਼ਨ ਕੁਮਾਰ ਬੇਦੀ

ਪੈਗਾਮ-ਏ-ਜਗਤ

ਚੰਡੀਗੜ੍ਹ, 19 ਅਗਸਤ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਤੇ ਅਨੁਸੂਚਿਤ ਜਾਤੀ ਅਤੇ ਪੱਛੜੇ ਵਰਗ ਭਲਾਈ ਮੰਤਰੀ ਸ੍ਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਕਿ ਸੰਤ ਸ਼ਿਰੋਮਣੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਜਨਮ ਉਤਸਵ ਦੇ ਮੌਕੇ 'ਤੇ ਡਾ. ਬੀ.ਆਰ. ਅੰਬੇਡਕਰ ਆਵਾਸ ਨਵੀਨੀਕਰਨ ਯੋਜਨਾ ਦੇ ਯੋਗ ਪਰਿਵਾਰਾਂ ਨੂੰ ਲਾਭ ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਸੂਬਾ ਪੱਧਰ 'ਤੇ ਯੋਗ ਪਰਿਵਾਰਾਂ ਦੀ ਚੋਣ ਕਰਨ ਦੇ ਨਿਰਦੇਸ਼ ਦਿੱਤੇ ਹਨ। ਕ੍ਰਿਸ਼ਨ ਕੁਮਾਰ ਬੇਦੀ ਅੱਜ ਚੰਡੀਗੜ੍ਹ ਵਿੱਚ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਸ੍ਰੀਮਤੀ ਜੀ. ਅਨੁਪਮਾ, ਮੁੱਖ ਮੰਤਰੀ ਦੇ ਉਪ ਪ੍ਰਧਾਨ ਸਕੱਤਰ ਅਤੇ ਡਾਇਰੈਕਟਰ, ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਸ੍ਰੀ ਅਜੇ ਕੁਮਾਰ, ਸੇਵਾ ਵਿਭਾਗ ਦੇ ਸੰਯੁਕਤ ਸਕੱਤਰ ਸ੍ਰੀ ਜੈਪ੍ਰਕਾਸ਼ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

ਉਨ੍ਹਾਂ ਦੱਸਿਆ ਕਿ ਡਾ. ਬੀ.ਆਰ. ਅੰਬੇਡਕਰ ਆਵਾਸ ਨਵੀਨੀਕਰਨ ਯੋਜਨਾ ਤਹਿਤ ਅਨੁਸੂਚਿਤ ਜਾਤੀ ਦੇ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਨ ਵਾਲੇ ਯੋਗ ਪਰਿਵਾਰਾਂ ਨੂੰ ਮਕਾਨ ਦੇ ਨਵੀਨੀਕਰਨ ਲਈ 80 ਹਜ਼ਾਰ ਰੁਪਏ ਦੀ ਆਰਥਿਕ ਸਹਾਇ?? ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜ਼ਿਲ੍ਹਾ ਪੱਧਰ 'ਤੇ ਯੋਗ ਪਰਿਵਾਰਾਂ ਦੀ ਪਛਾਣ ਅਤੇ ਚੋਣ ਦੀ ਪ੍ਰਕਿਰਿਆ ਸਮੇਂ ਸਿਰ ਪੂਰੀ ਕੀਤੀ ਜਾਵੇ, ਤਾਂ ਜੋ ਲਾਭਪਾਤਰੀਆਂ ਨੂੰ ਯੋਜਨਾ ਦਾ ਲਾਭ ਜਲਦੀ ਮਿਲ ਸਕੇ। ਮੰਤਰੀ ਨੇ ਕਿਹਾ ਕਿ ਇਹ ਯੋਜਨਾ ਹੁਣ ਸਾਰੇ ਵਰਗਾਂ ਦੇ ਗ਼ਰੀਬ ਪਰਿਵਾਰਾਂ ਦੀ ਭਲਾਈ ਲਈ ਵੀ ਲਾਗੂ ਕੀਤੀ ਗਈ ਹੈ। 30 ਜੂਨ, 2026 ਤੱਕ ਸਾਰੇ ਵਰਗਾਂ ਦੇ 85,815 ਲਾਭਪਾਤਰੀਆਂ ਨੂੰ 415.48 ਕਰੋੜ ਰੁਪਏ ਦੀ ਸਹਾਇਤਾ ਰਕਮ ਪ੍ਰਦਾਨ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀ ਦੇ ਗ਼ਰੀਬ ਪਰਿਵਾਰਾਂ ਲਈ ਯੋਜਨਾ ਨੂੰ 25 ਸਤੰਬਰ, 2026 ਤੋਂ ਮੁੜ ਸ਼ੁਰੂ ਕੀਤਾ ਜਾਵੇਗਾ। ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਰਾਜ ਸਰਕਾਰ ਅਨੁਸੂਚਿਤ ਜਾਤੀ ਅਤੇ ਪੱਛੜੇ ਵਰਗਾਂ ਦੇ ਆਰਥਿਕ ਅਤੇ ਸਮਾਜਿਕ ਉਥਾਨ ਲਈ ਲਗਾਤਾਰ ਕੰਮ ਕਰ ਰਹੀ ਹੈ। ਮੁੱਖ ਮੰਤਰੀ ਵਿਆਹ ਸ਼ਗਨ ਯੋਜਨਾ, ਮੁੱਖ ਮੰਤਰੀ ਸਮਾਜਿਕ ਸਮਰਸਤਾ ਅੰਤਰਜਾਤੀ ਵਿਆਹ ਸ਼ਗਨ ਯੋਜਨਾ, ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾ ਅਤੇ ਮੁੱਖ ਮੰਤਰੀ ਯੁਵਾ ਪ੍ਰਤਿਭਾ ਪ੍ਰੋਤਸਾਹਨ ਯੋਜਨਾ ਵਰਗੀਆਂ ਵੱਖ-ਵੱਖ ਭਲਾਈ ਯੋਜਨਾਵਾਂ ਦਾ ਲਾਭ ਯੋਗ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ।

# ਕਾਂਗਰਸ ਦੇ ਪੰਜਾਬੀਆਂ ਨਾਲ ਵਿਸ਼ਵਾਸ਼ਘਾਤ ਨੇ ਸਿਰਜਿਆ ਪੰਜਾਬ ਅੰਦਰ ਕਤਲੋਗਾਰਦ ਦਾ ਬਿਰਤਾਂਤ : ਪਰਮਜੀਤ ਸਿੰਘ ਕਾਹਲੋਂ

ਐਸ ਏ ਐਸ ਨਗਰ, 19 ਅਗਸਤ (ਪੈਗਾਮ-ਏ-ਜਗਤ)



ਪੰਥਕ ਆਗੂ ਅਤੇ ਵਾਰਡ ਨੰਬਰ 10 ਤੋਂ ਆਜ਼ਾਦ ਕੌਂਸਲਰ ਸ੍. ਪਰਮਜੀਤ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਨੇ ਆਜ਼ਾਦੀ ਤੋਂ ਬਾਅਦ ਕੇਂਦਰ ਦੀ ਸੱਤਾ ਤੇ ਕਾਬਿਜ ਹੋਣ ਤੋਂ ਬਾਅਦ ਪੰਜਾਬੀਆਂ ਨਾਲ ਵਾਅਦਾ ਖਿਲਾਫੀ ਕੀਤੀ ਜਿਸ ਨਾਲ ਪੰਜਾਬ ਅੰਦਰ ਇਨਸਾਫ ਲੈਣ ਲਈ ਸੰਘਰਸ਼ ਦਾ ਦੌਰ ਸ਼ੁਰੂ ਹੋਇਆ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਅਤੇ ਇਸਦੇ ਆਗੂਆਂ ਵਲੋਂ ਪੰਜਾਬੀ ਨਾਲ ਪੈਰ ਪੈਰ ਤੇ ਕੀਤੀ ਜਾਣ ਵਾਲੀ ਬੇਇਨਸਾਫੀ ਨੇ ਪੰਜਾਬੀਆਂ ਦਾ ਰੋਸ ਚਰਮ ਸੀਮਾ ਤੇ ਪਹੁੰਚਾਇਆ, ਜਿਸ ਨੂੰ ਦਬਾਉਣ ਲਈ ਕੇਂਦਰ ਦੀ ਕਾਂਗਰਸ ਸਰਕਾਰ ਨੇ ਆਪਣੀਆਂ ਏਜੰਸੀਆਂ ਰਾਹੀਂ ਮਾਹੌਲ ਨੂੰ ਫਿਰਕੂ ਰੰਗਤ ਦਿਵਾਈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ ਸਿੱਖ ਸਿਵਲੀਅਨ ਅਤੇ ਪੁਲੀਸ ਮੁਲਾਜ਼ਮਾਂ ਦੀਆਂ ਜਾਨਾਂ ਗਈਆਂ। ਉਹਨਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਦੀਆਂ ਬੇਇਨਸਾਫੀਆਂ ਨੇ ਦੇਸ਼ ਦੇ ਸਭ ਤੋਂ ਖੁਸ਼ਹਾਲ ਅਤੇ ਹੱਸਦੇ ਵਸਦੇ ਸੂਬੇ ਪੰਜਾਬ ਨੂੰ ਤਬਾਹੀ ਦੇ ਰਾਹ ਤੇ ਤੋਰਿਆ ਜਿਸ ਨਾਲ ਪੰਜਾਬ ਦੇ ਅਰਥਚਾਰੇ ਨੂੰ ਵੱਡਾ ਨੁਕਸਾਨ ਹੋਇਆ ਜਿਸ ਨਾਲ ਪੰਜਾਬ ਕਰਜਾਈ ਹੋਣਾ ਸ਼ੁਰੂ ਹੋ ਗਿਆ। ਉਹਨਾਂ ਕਿਹਾ ਕਿ ਪੰਜਾਬੀਆਂ ਦੇ ਆਪਸੀ ਸਦਭਾਵਨਾ ਨਾਲੀ ਸੁਭਾਅ ਨੇ ਕੇਂਦਰ ਦੀ ਕਾਂਗਰਸ ਸਰਕਾਰ ਦੀਆਂ ਫਿਰਕੂ ਚਾਲਾਂ ਨੂੰ ਕਾਫੀ ਹੱਦ ਤਕ ਨਾਕਾਮ ਕੀਤਾ। ਉਹਨਾਂ ਕਿਹਾ ਕਿ ਪੰਜਾਬ ਨੂੰ ਮੁੜ ਲੀਹਾਂ ਤੇ ਲਿਆਉਣ ਲਈ ਸਾਰੇ ਪੰਜਾਬ ਪ੍ਰਸਤ ਸਿਆਸਤਦਾਨਾਂ ਨੂੰ ਇੱਕ ਮੰਚ ਤੇ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਅਤੇ ਕਾਂਗਰਸ ਦੀਆਂ ਇਹਨਾਂ ਚਾਲਾਂ ਨੂੰ ਮਾਤ ਦਿੱਤੀ ਜਾ ਸਕੇ।

# ਪੰਚਕੂਲਾ ਦੇ ਦੋ ਬਜ਼ੁਰਗ ਦਿਲ ਦੀ ਬਿਮਾਰੀ ਦੇ ਮਰੀਜ਼ਾਂ ਨੂੰ ਮਿਲਿਆ ਨਵਾਂ ਜੀਵਨ

ਪੰਚਕੂਲਾ, 19 ਅਗਸਤ (ਪੈਗਾਮ-ਏ-ਜਗਤ)

ਜਾਨਲੇਵਾ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਪੰਚਕੂਲਾ ਦੇ ਦੋ ਬਜ਼ੁਰਗ ਮਰੀਜ਼ਾਂ ਨੂੰ ਲਿਵਾਸਾ ਹਸਪਤਾਲ, ਮੁਹਾਲੀ ਵਿੱਚ ਸਫਲਤਾਪੂਰਵਕ ਕੀਤੀ ਗਈ 'ਪ੍ਰੋਟੈਕਟਿਡ ਐਂਜੀਓਪਲਾਸਟੀ ਵਿਦ ਸਟੈਂਟਿੰਗ' ਤੋਂ ਬਾਅਦ ਨਵਾਂ ਜੀਵਨ ਮਿਲਿਆ ਹੈ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲ ਕਰਦਿਆਂ ਲਿਵਾਸਾ ਹਸਪਤਾਲ ਦੇ ਕਾਰਡੀਅਕ ਸਾਇੰਸਜ਼ ਵਿਭਾਗ ਦੇ ਚੇਅਰਮੈਨ ਡਾ. ਹਰਿੰਦਰ ਕੇ. ਬਾਲੀ ਨੇ ਦੱਸਿਆ ਕਿ ਇਹਨਾਂ ਜਟਿਲ ਪ੍ਰਕਿਰਿਆਵਾਂ ਦੌਰਾਨ ਦੁਨੀਆ ਦੇ ਸਭ ਤੋਂ ਛੋਟੇ ਮੈਕੇਨੀਕਲ ਹਾਰਟ ਪੰਪ 'ਇੰਪੇਲਾ' ਦੀ ਵਰਤੋਂ ਕੀਤੀ ਗਈ ਸੀ।

ਉਹਨਾਂ ਦੱਸਿਆ ਕਿ ਪਹਿਲੇ ਮਾਮਲੇ ਵਿੱਚ, ਇੱਕ 78 ਸਾਲਾ ਪੁਰਸ਼ ਮਰੀਜ਼ ਨੂੰ ਦਿਲ ਦੇ ਦੌਰੇ ਦੀ ਸ਼ਿਕਾਇਤ ਤੋਂ ਬਾਅਦ ਭਰਤੀ ਕਰਵਾਇਆ ਗਿਆ ਸੀ। ਉਹਨਾਂ ਦੀਆਂ ਤਿੰਨੋਂ ਕੋਰੋਨਰੀ ਧਮਨੀਆਂ, ਜਿਹਨਾਂ ਵਿੱਚ ਮੁੱਖ ਖੱਬੀ ਧਮਨੀ ਵੀ ਸ਼ਾਮਲ ਸੀ, ਵਿੱਚ ਭਾਰੀ ਮਾਤਰਾ ਵਿੱਚ ਕੈਲਸ਼ੀਅਮ ਜੰਮਿਆ ਹੋਇਆ ਸੀ ਅਤੇ ਉਹ ਬਲਾਕ ਸਨ। ਡਾ. ਬਾਲੀ ਨੇ ਕਿਹਾ ਕਿ ਛੋਟੇ ਆਕਾਰ ਦੇ ਇਸ ਹਾਰਟ ਪੰਪ (ਇੰਪੇਲਾ) ਨੂੰ ਪੱਟ ਦੀ ਧਮਨੀ (ਫ਼ੇਮੋਰਲ ਆਰਟਰੀ) ਦੇ ਜ਼ਰੀਏ ਬਿਨਾਂ ਕਿਸੇ ਸਰਜਰੀ ਦੇ ਅੰਦਰ ਪਾਇਆ ਗਿਆ ਅਤੇ ਪੂਰੀ ਐਂਜੀਓਪਲਾਸਟੀ ਅਤੇ ਸਟੈਂਟਿੰਗ ਪ੍ਰਕਿਰਿਆ ਇੱਕੋ ਵਾਰ ਵਿੱਚ ਪੂਰੀ ਕਰ ਲਈ ਗਈ। ਇਸ ਵਿੱਚ 'ਲੈਫਟ ਮੇਨ ਬਾਇਫਰਕੇਸ਼ਨ ਸਟੈਂਟਿੰਗ' ਅਤੇ 'ਰਾਈਟ ਕੋਰੋਨਰੀ ਆਰਟਰੀ ਸਟੈਂਟਿੰਗ' ਕੀਤੀ ਗਈ। ਧਮਨੀਆਂ ਵਿੱਚ ਬਹੁਤ ਜ਼ਿਆਦਾ ਕੈਲਸ਼ੀਅਮ ਹੋਣ ਕਾਰਨ ਇਸ ਪ੍ਰਕਿਰਿਆ ਨੂੰ 'ਓਪਟੀਕਲ ਕੋਹੇਰੈਂਸ ਟੋਮੋਗ੍ਰਾਫੀ' ਨਾਮਕ ਇੰਟ੍ਰਾਕੋਰੋਨਰੀ ਇਮੇਜਿੰਗ ਦੀ ਨਿਗਰਾਨੀ ਹੇਠ ਅੰਜਾਮ ਦਿੱਤਾ ਗਿਆ। ਉਹਨਾਂ ਦੱਸਿਆ ਕਿ ਮਰੀਜ਼ ਦੇ ਦਿਲ ਵਿੱਚ ਪੰਜ ਸਟੈਂਟ ਲਗਾਏ ਗਏ ਅਤੇ ਓਪਟੀਕਲ ਕੋਹੇਰੈਂਸ ਟੋਮੋਗ੍ਰਾਫੀ ਰਾਹੀਂ ਸਟੈਂਟ ਦੀ ਸਹੀ ਸਥਿਤੀ ਦੀ ਪੁਸ਼ਟੀ ਕੀਤੀ ਗਈ। ਦਿਲ ਦੇ ਸਥਿਰ ਹੋਣ ਤੋਂ ਬਾਅਦ ਐਂਜੀਓਪਲਾਸਟੀ ਦੇ ਅੰਤ ਵਿੱਚ ਪੰਪ ਨੂੰ ਕੱਢ ਦਿੱਤਾ ਗਿਆ। ਮਰੀਜ਼ ਨੂੰ ਦੋ ਦਿਨ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਸੀ ਅਤੇ ਉਹ ਪੂਰੀ ਤਰ੍ਹਾਂ ਤੰਦਰੁਸਤ ਹਨ। ਉਹਨਾਂ ਦੱਸਿਆ ਕਿ ਦੂਜੀ ਮਰੀਜ਼ 80 ਸਾਲਾ ਔਰਤ ਸੀ, ਜਿਹਨਾਂ ਨੂੰ ਗੰਭੀਰ ਹਾਰਟ ਅਟੈਕ ਅਤੇ 'ਕਾਰਡੀਓਜੇਨਿਕ ਸ਼ੌਕ' ਦੇ ਖਤਰੇ ਕਾਰਨ ਭਰਤੀ ਕਰਵਾਇਆ ਗਿਆ ਸੀ। ਉਹਨਾਂ ਦੇ ਦਿਲ ਦਾ ਮੁੱਖ ਪੰਪਿੰਗ ਹਿੱਸਾ ਬਹੁਤ ਕਮਜ਼ੋਰ ਸੀ ਅਤੇ ਦਿਲ ਦਾ ਖੱਬਾ ਵਾਲਵ ਲੀਕ ਕਰ ਰਿਹਾ ਸੀ। ਡਾ. ਬਾਲੀ ਨੇ ਦੱਸਿਆ ਕਿ ਇੰਪੇਲਾ ਹਾਰਟ ਪੰਪ ਦੀ ਵਰਤੋਂ ਕਰਕੇ 'ਪ੍ਰੋਟੈਕਟਿਡ ਪੀ ਸੀ ਆਈ' ਰਾਹੀਂ ਖੱਬੀ ਮੁੱਖ ਧਮਨੀ ਦੀ ਐਂਜੀਓਪਲਾਸਟੀ ਅਤੇ ਸਟੈਂਟਿੰਗ ਸਫਲਤਾਪੂਰਵਕ ਕੀਤੀ ਗਈ। ਮਰੀਜ਼ ਨੂੰ ਤਿੰਨ ਦਿਨਾਂ ਤੱਕ ਇੰਪੇਲਾ ਸਪੋਰਟ ਦੀ ਲੋੜ ਪਈ, ਜਿਸ ਤੋਂ ਬਾਅਦ ਹੌਲੀ-ਹੌਲੀ ਪੰਪ ਨੂੰ ਹਟਾ ਲਿਆ ਗਿਆ। ਇਸ ਮੌਕੇ ਲਿਵਾਸਾ ਹਸਪਤਾਲ ਦੇ ਸੀ ਈ ਓ ਅਨੁਰਾਗ ਯਾਦਵ ਨੇ ਵੀ ਸੰਬੋਧਨ ਕੀਤਾ।

# ਮੁਹਾਲੀ ਦੇ ਨਵੇਂ ਸੈਕਟਰਾਂ ਨੂੰ ਸੀ.ਟੀ.ਯੂ. ਬੱਸ ਰੂਟਾਂ ਨਾਲ ਜੋੜਨ ਦੀ ਮੰਗ

• ਭਾਜਪਾ ਆਗੂ ਹਰਦੇਵ ਸਿੰਘ ਉਭਾ ਨੇ ਟਰਾਂਸਪੋਰਟ ਵਿਭਾਗ ਦੇ ਸਕੱਤਰ ਨੂੰ ਮੰਗ ਪੱਤਰ ਦਿੱਤਾ



ਚੰਡੀਗੜ੍ਹ, 19 ਅਗਸਤ (ਪੈਗਾਮ-ਏ-ਜਗਤ)

ਮੁਹਾਲੀ ਵਿੱਚ ਲੋਕਲ ਪਬਲਿਕ ਟਰਾਂਸਪੋਰਟ ਦੀ ਕਮੀ ਦੇ ਕਾਰਨ ਆਮ ਲੋਕਾਂ ਅਤੇ ਖਾਸ ਤੌਰ ਤੇ ਚੰਡੀਗੜ੍ਹ ਵਿੱਚ ਨੌਕਰੀ ਕਰਨ ਵਾਲਿਆਂ, ਸਕੱਤਰੇਤ, ਪੀ ਜੀ ਆਈ ਅਤੇ ਚੰਡੀਗੜ੍ਹ ਬਸ ਸਟੈਂਡ ਆਉਣ-ਜਾਣ ਵਾਲੇ ਮੁਹਾਲੀ ਵਾਸੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਭਾਜਪਾ ਪੰਜਾਬ ਦੇ ਸੀਨੀਅਰ ਨੇਤਾ ਹਰਦੇਵ ਸਿੰਘ ਉਭਾ ਵਲੋਂ ਨਗਰ ਨਿਗਮ ਮੁਹਾਲੀ ਦੇ ਵਾਰਡ ਨੰਬਰ 41 ਦੀ ਕੌਂਸਲਰ ਸ੍ਰੀਮਤੀ ਗੁਰਪ੍ਰੀਤ ਕੌਰ ਉਭਾ ਦੇ ਨਾਲ ਚੰਡੀਗੜ੍ਹ ਟ੍ਰਾਂਸਪੋਰਟ ਵਿਭਾਗ ਦੇ ਸਕੱਤਰ ਸ੍ਰੀ ਅਵਿਕੇਸ਼ ਗੁਪਤਾ ਨਾਲ ਮੁਲਾਕਾਤ ਕੀਤੀ ਅਤੇ ਮੰਗ ਪੱਤਰ ਦੇ ਕੇ ਮੰਗ ਕੀਤੀ ਕਿ ਮੁਹਾਲੀ ਦੇ ਨਵੇਂ ਸੈਕਟਰਾਂ ਨੂੰ ਸੀ ਟੀ ਯੂ ਬਸ ਰੂਟਾਂ ਨਾਲ ਜੋੜਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ।

ਪੱਤਰ ਵਿੱਚ ਕਿਹਾ ਗਿਆ ਹੈ ਕਿ ਮੁਹਾਲੀ ਦੇ ਤੇਜ਼ੀ ਨਾਲ ਵਿਕਸਿਤ ਹੋ ਰਹੇ ਖੇਤਰਾਂ ਵਿੱਚ ਵੱਧਦੀ ਆਬਾਦੀ ਨੂੰ ਵੇਖਦੇ ਹੋਏ ਜਨਤਕ ਟ੍ਰਾਂਸਪੋਰਟ ਦੀ ਸਹੂਲਤ ਵਧਾਉਣਾ ਸਮੇਂ ਦੀ ਪ੍ਰਮੁੱਖ ਲੋੜ ਹੈ। ਚੱਲ ਰਹੇ ਬਸ ਰੂਟਾਂ ਨੂੰ ਮੁਹਾਲੀ ਦੇ ਹੋਰ ਸੈਕਟਰਾਂ ਨਾਲ ਜੋੜਿਆ ਜਾਵੇ ਅਤੇ ਨਵੇਂ ਰੂਟ ਸ਼ੁਰੂ ਕੀਤੇ ਜਾਣ।

ਸ੍. ਉਭਾ ਨੇ ਵਿਸ਼ੇਸ਼ ਰੂਪ ਨਾਲ ਵੇਵ ਏਸਟੇਟ ਸੈਕਟਰ – 85-86, ਸੈਕਟਰ-88, ਸੈਕਟਰ – 99– 98, ਸੈਕਟਰ-80 ਅਤੇ ਸੈਕਟਰ-105 ਵਾਸਤੇ ਨਵੇਂ ਸੀ ਟੀ ਯੂ ਬਸ ਰੂਟ ਸ਼ੁਰੂ ਕਰਨ ਅਤੇ ਲੋੜ ਦੇ ਅਨੁਸਾਰ ਨਵੇਂ ਬਸ ਸਟਾਪ ਬਣਾਉਣ ਦੀ ... ਆਉਣਾ-ਜਾਣਾ ਪੈਂਦਾ ਹੈ। ਉਭਾ ਨੇ ਕਿਹਾ ਕਿ ਮੁਹਾਲੀ ਤੋਂ ਹਰ ਰੋਜ ਹਜ਼ਾਰਾਂ ਲੋਕ ਚੰਡੀਗੜ੍ਹ ਬਸ ਸਟੈਂਡ, ਸਰਕਾਰੀ ਅਤੇ ਨਿਜੀ ਦਫਤਰਾਂ, ਹਸਪਤਾਲਾਂ, ਸਿਖਿਆ ਸੰਸਥਾਨਾਂ ਅਤੇ ਵਪਾਰਕ ਖੇਤਰਾਂ ਵਿੱਚ ਜਾਂਦੇ ਹਨ। ਵਿਸ਼ੇਸ਼ ਰੂਪ ਨਾਲ ਚੰਡੀਗੜ੍ਹ ਵਿੱਚ ਨੌਕਰੀ ਕਰਨ ਵਾਲੇ ਲੋਕਾਂ ਲਈ ਨਿਯਮਿਤ ਅਤੇ ਕਿਫਾਇਤੀ ਬਸ ਸੇਵਾ ਦੀ ਕਮੀ ਦੇ ਕਾਰਨ ਉਨ੍ਹਾਂ ਨੂੰ ਨਿਜੀ ਵਾਹਨਾਂ ਜਾਂ ਹੋਰ ਮਹਿੰਗੇ ਸਾਧਨਾਂ ਉੱਤੇ ਨਿਰਭਰ ਰਹਿਣਾ ਪੈਂਦਾ ਹੈ। ਸੀਟੀਯੂ ਦੀ ਬਿਹਤਰ ਸੇਵਾ ਨਾਲ ਲੋਕਾਂ ਨੂੰ ਆਰਥਕ ਰਾਹਤ ਮਿਲਣ ਦੇ ਨਾਲ - ਨਾਲ ਸੜਕਾਂ ਉੱਤੇ ਟਰੈਫਿਕ ਦਾ ਦਬਾਅ ਵੀ ਘੱਟ ਹੋਵੇਗਾ।

ਸ੍. ਉਭਾ ਨੇ ਦੱਸਿਆ ਕਿ ਉਹਨਾਂ ਦੀਆਂ ਮੰਗਾਂ ਨੂੰ ਧਿਆਨਪੂਰਵਕ ਸੁਣਨ ਤੋਂ ਬਾਅਦ ਟ੍ਰਾਂਸਪੋਰਟ ਸਕੱਤਰ ਸ੍ਰੀ ਅਵਿਕੇਸ਼ ਗੁਪਤਾ ਨੇ ਸਬੰਧਤ ਅਧਿਕਾਰੀਆਂ ਨੂੰ ਮਾਮਲੇ ਵਿੱਚ ਤੱਤਕਾਲ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਅਤੇ ਮੰਗਾਂ ਦੇ ਸੰਬੰਧ ਵਿੱਚ ਛੇਤੀ ਕਾਰਵਾਈ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਸੀਟੀਯੂ ਨੂੰ ਛੇਤੀ ਹੀ ਬੱਸਾਂ ਦੀ ਨਵੀਂ ਖੇਪ ਮਿਲਣ ਵਾਲੀ ਹੈ ਅਤੇ ਇਸ ਤੋਂ ਬਾਅਦ ਮੁਹਾਲੀ ...

# ਤਿਉਹਾਰੀ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਮਹਿੰਗਾਈ ਦਾ ਝਟਕਾ

ਐਸ ਏ ਐਸ ਨਗਰ, 19 ਅਗਸਤ (ਪੈਗਾਮ-ਏ-ਜਗਤ)


ਤਿਉਹਾਰੀ ਸੀਜਨ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਮਹਿੰਗਾਈ ਵਿੱਚ ਕਾਫੀ ਜਿਆਦਾ ਵਾਧਾ ਹੋ ਗਿਆ ਹੈ। ਪ੍ਰਾਪਤ ਰਿਪੋਰਟਾਂ ਅਨੁਸਾਰ ਇਹਨਾਂ ਦਿਨਾਂ ਦੌਰਾਨ ਚੀਨੀ, ਗੁੜ, ਘਿਓ, ਦਾਲਾਂ, ਮਸਾਲੇ, ਬਾਦਾਮ, ਕਾਜੂ ਅਤੇ ਹੋਰ ਡਰਾਈ ਫਰੂਟ ਦੇ ਭਾਅ ਵਿੱਚ ਇਕਦਮ ਤੇਜੀ ਆ ਗਈ ਹੈ, ਜਿਸ ਦਾ ਅਸਰ ਤਿਉਹਾਰੀ ਸੀਜਨ ਤੇ ਵੀ ਪਵੇਗਾ। ਵੱਡੀ ਗਿਣਤੀ ਮਿਠਾਈਆਂ ਵਿੱਚ ਡਰਾਈ ਫਰੂਟ ਪਾਏ ਜਾਂਦੇ ਹਨ, ਜਿਸ ਕਾਰਨ ਇਹਨਾਂ ਮਿਠਾਈਆਂ ਦੇ ਵੀ ਮਹਿੰਗਾ ਹੋਣ ਦੀ ਸੰਭਾਵਨਾ ਬਣ ਗਈ ਹੈ।

ਡਰਾਈ ਫਰੂਟ ਦੇ ਮਹਿੰਗਾ ਹੋਣ ਦਾ ਕਾਰਨ ਇਹ ਵੀ ਦਸਿਆ ਜਾ ਰਿਹਾ ਹੈ ਕਿ ਦੂਜੇ ਦੇਸ਼ਾਂ ਤੋਂ ਡਰਾਈ ਫਰੂਟ ਦੀ ਸਪਲਾਈ ਘੱਟ ਹੋ ਰਹੀ ਹੈ, ਜਦੋਂ ਕਿ ਤਿਉਹਾਰੀ ਸੀਜਨ ਨੇੜੇ ਹੋਣ ਕਰਕੇ ਭਾਰਤ ਵਿੱਚ ਡਰਾਈ ਫਰੂਟ ਦੀ ਮੰਗ ਵੱਧ ਗਈ ਹੈ। ਇਸ ਕਾਰਨ ਡਰਾਈ ਫਰੂਟ ਦੀਆਂ ਕੀਮਤਾਂ ਚੜ੍ਹ ਗਈਆਂ ਹਨ।

ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਸਬਜੀਆਂ ਅਤੇ ਫਲਾਂ ਦੀਆਂ ਕੀਮਤਾਂ ਵਿੱਚ ਕਾਫੀ ਵਾਧਾ ਹੋ ਗਿਆ ਹੈ। ਇਸ ਸਮੇਂ ਕੱਦੂ ਤੇ ਲੌਕੀ 80 ਤੋਂ 100 ਰੁਪਏ ਪ੍ਰਤੀ ਕਿਲੋ, ਟਮਾਟਰ ਰੁਪਏ ਪ੍ਰਤੀ ਕਿਲੋ ਮਿਲ ਰਹੀ ਹੈ। ਇਸੇ ਤਰ੍ਹਾਂ ਪਿਆਜ਼ 50 ਰੁਪਏ ਪ੍ਰਤੀ ਕਿਲੋ ਤੇ ਆਲੂ 30 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ। ਇਸੇ ਤਰ੍ਹਾਂ ਫਲਾਂ ਦੀਆਂ ਕੀਮਤਾਂ ਵਿੱਚ ਵੀ ਭਾਰੀ ਵਾਧਾ ਹੋਇਆ ਹੈ। ਪਪੀਤਾ 80 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ, ਜਦੋਂ ਕਿ ਸੇਬ 200 ਰੁਪਏ, ਕਸ਼ਮੀਰੀ ਸੇਬ 300 ਰੁਪਏ ਵਿਕ ਰਿਹਾ ਹੈ। ਇਸੇ ਤਰ੍ਹਾਂ ਅੰਬ, ਆਲੂਬੁਖਾਰਾ, ਆੜੂ ਦੀਆਂ ਕੀਮਤਾਂ ਵਿੱਚ ਵੀ ਬਹੁਤ ਜਿਆਦਾ ਵਾਧਾ ਹੋ ਗਿਆ ਹੈ ਅਤੇ ਇਹ ਫਲ ਤੇ ਸਬਜੀਆਂ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਆਮ ਲੋਕ ਅਕਸਰ ਮਹਿੰਗਾਈ ਵਿੱਚ ਵਾਧੇ ਨੂੰ ਕੁਦਰਤੀ ਵਰਤਾਰਾ ਸਮਝਦੇ ਹਨ ਪਰ ਇਹ ਮਹਿੰਗਾਈ ਸਿਰਫ ਸਰਕਾਰ ਦੀਆਂ ਗਲਤ ਨੀਤੀਆਂ ਜਾਂ ਸਰਕਾਰ ਦੇ ਅਵੇਸਲੇਪਣ ਨਾਲ ਵਧਦੀ ਹੈ। ਭਾਰਤ ਵਿੱਚ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ ਪਰ ਹਰ ਸਰਕਾਰ ਵਪਾਰੀਆਂ ਅਤੇ ਉਦਯੋਗਪਤੀਆਂ ਦੇ ਪੱਖ ਵਿੱਚ ਨੀਤੀਆਂ ਬਣਾਉਂਦੀ ਹੈ, ਕਿਉਂਕਿ ਇਹ ਉਦਯੋਗਪਤੀ ਤੇ ਵਪਾਰੀ ਚੋਣਾਂ ਵੇਲੇ ਸਿਆਸੀ ਪਾਰਟੀਆਂ ਨੂੰ ਫੰਡ ਦਿੰਦੇ ਹਨ, ਜਿਸ ਕਰਕੇ ਸਰਕਾਰ ਬਣਨ ਤੋਂ ਬਾਅਦ ਰਾਜ ਕਰ ਰਹੀ ਸਿਆਸੀ ਪਾਰਟੀ ਉਦਯੋਗਪਤੀਆਂ ਅਤੇ ਵਪਾਰੀਆਂ ਦੇ ਪੱਖ ਵਿੱਚ ਨੀਤੀਆਂ ਬਣਾ ਕੇ ਉਹਨਾਂ ਨੂੰ ਲਾਭ ਦਿੰਦੀ ਹੈ, ਜਿਸ ਕਰਕੇ ਇਹ ...

## ਬੱਚਿਆਂ ਦਾ ਕੋਨਾ

ਰੰਗ ਭਰੋ



## ਸੁਡੋਕੂ


| | | | | | | | | |
|---|---|---|---|---|---|---|---|---|
| | | | 1 | 4 | | | 6 | 8 |
| 2 | 6 | 5 | | 8 | | 1 | | 9 |
| 4 | 1 | 8 | 5 | | 9 | | 7 | |
| | 2 | | | 7 | | 6 | | |
| 6 | 4 | | 8 | | 5 | 9 | | 1 |
| 8 | 9 | 1 | | 3 | | 7 | 2 | |
| 9 | | | 7 | 1 | 8 | 2 | 5 | 6 |
| 7 | | 2 | | 9 | 6 | 8 | 1 | |
| 1 | 8 | 6 | | 5 | | 4 | 9 | 7 |

https://paigamejagat.com/games/sudoku.aspx

ਪਿਛਲੇ ਸੁਡੋਕੂ ਦਾ ਹੱਲ

| | | | | | | | | |
|---|---|---|---|---|---|---|---|---|
| 1 | 3 | 2 | 4 | 5 | 7 | 6 | 9 | 8 |
| 4 | 8 | 5 | 1 | 6 | 9 | 3 | 2 | 7 |
| 9 | 7 | 6 | 2 | 3 | 8 | 4 | 5 | 1 |
| 2 | 9 | 8 | 5 | 4 | 3 | 7 | 1 | 6 |
| 3 | 5 | 1 | 9 | 7 | 6 | 8 | 4 | 2 |
| 7 | 6 | 4 | 8 | 1 | 2 | 9 | 3 | 5 |
| 8 | 4 | 3 | 7 | 2 | 1 | 5 | 6 | 9 |
| 6 | 1 | 7 | 3 | 9 | 5 | 2 | 8 | 4 |
| 5 | 2 | 9 | 6 | 8 | 4 | 1 | 7 | 3 |

## ਹੇਠਾਂ ਦਿੱਤੀ ਤਸਵੀਰ ਵਿੱਚੋਂ ਪੰਜ ਅੰਤਰ ਲੱਭੋ



## ਪਿੰਟੂ ਦੀਆਂ ਤਿੰਨ ਕੋਸ਼ਿਸ਼ਾਂ



ਪੈਗਾਮ-ਏ-ਜਗਤ

ਪਿੰਟੂ ਨੂੰ ਨਵੀਆਂ ਚੀਜ਼ਾਂ ਬਣਾਉਣ ਦਾ ਬਹੁਤ ਸ਼ੌਕ ਸੀ। ਉਹ ਕਾਗਜ਼, ਲੱਕੜੀਆਂ, ਧਾਗੇ ਅਤੇ ਪੁਰਾਣੇ ਖਿਡੌਣਿਆਂ ਦੇ ਟੁਕੜਿਆਂ ਨਾਲ ਨਵੀਆਂ-ਨਵੀਆਂ ਚੀਜ਼ਾਂ ਬਣਾਉਂਦਾ ਰਹਿੰਦਾ ਸੀ। ਇੱਕ ਦਿਨ ਸਕੂਲ ਵਿੱਚ ਅਧਿਆਪਕ ਨੇ ਐਲਾਨ ਕੀਤਾ, ਅਗਲੇ ਹਫ਼ਤੇ ਵਿਗਿਆਨ ਮੇਲਾ ਹੋਵੇਗਾ। ਹਰ ਬੱਚਾ ਆਪਣਾ ਬਣਾਇਆ ਹੋਇਆ ਕੋਈ ਮਾਡਲ ਲਿਆਵੇਗਾ।

ਪਿੰਟੂ ਬਹੁਤ ਖੁਸ਼ ਹੋਇਆ। ਉਸ ਨੇ ਫੈਸਲਾ ਕੀਤਾ ਕਿ ਉਹ ਇੱਕ ਛੋਟੀ ਜਿਹੀ ਹਵਾ ਨਾਲ ਚੱਲਣ ਵਾਲੀ ਗੱਡੀ ਬਣਾਏਗਾ।

ਘਰ ਆ ਕੇ ਉਸ ਨੇ ਕਾਗਜ਼, ਚਾਰ ਢੱਕਣ, ਲੱਕੜੀਆਂ ਅਤੇ ਇੱਕ ਛੋਟੀ ਪਲਾਸਟਿਕ ਦੀ ਬੋਤਲ ਇਕੱਠੀ ਕੀਤੀ। ਕਈ ਘੰਟਿਆਂ ਦੀ ਮਿਹਨਤ ਤੋਂ ਬਾਅਦ ਗੱਡੀ ਤਿਆਰ ਹੋ ਗਈ। ਪਿੰਟੂ ਨੇ ਉਸ ਨੂੰ ਮੇਜ਼ 'ਤੇ ਰੱਖਿਆ ਅਤੇ ਪਿੱਛੋਂ ਹਵਾ ਮਾਰੀ।

ਪਰ ਗੱਡੀ ਇੱਕ ਇੰਚ ਵੀ ਅੱਗੇ ਨਾ ਵਧੀ।

ਪਿੰਟੂ ਉਦਾਸ ਹੋ ਗਿਆ। ਉਸ ਨੇ ਗੱਡੀ ਚੁੱਕ ਕੇ ਇਕ ਪਾਸੇ ਰੱਖ ਦਿੱਤੀ।

ਉਸ ਦੀ ਮਾਂ ਨੇ ਪੁੱਛਿਆ, ਕੀ ਹੋਇਆ?

ਪਿੰਟੂ ਨੇ ਕਿਹਾ, ਮੇਰੀ ਗੱਡੀ ਨਹੀਂ ਚੱਲੀ। ਮੈਂ ਇਹ ਨਹੀਂ ਬਣਾ ਸਕਦਾ।

ਮਾਂ ਮੁਸਕਰਾ ਕੇ ਬੋਲੀ, ਪਹਿਲੀ ਕੋਸ਼ਿਸ਼ ਸਿਰਫ਼ ਇਹ ਦੱਸਦੀ ਹੈ ਕਿ ਕਿੱਥੇ ਸੁਧਾਰ ਦੀ ਲੋੜ ਹੈ। ਦੁਬਾਰਾ ਕੋਸ਼ਿਸ਼ ਕਰ।

ਪਿੰਟੂ ਨੇ ਗੱਡੀ ਨੂੰ ਧਿਆਨ ਨਾਲ ਦੇਖਿਆ। ਉਸ ਨੂੰ ਪਤਾ ਲੱਗਿਆ ਕਿ ਪਹੀਏ ਠੀਕ ਤਰ੍ਹਾਂ ਨਹੀਂ ਘੁੰਮ ਰਹੇ ਸਨ। ਉਸ ਨੇ ਪਹੀਏ ਠੀਕ ਕੀਤੇ ਅਤੇ ਦੂਜੀ ਵਾਰ ਕੋਸ਼ਿਸ਼ ਕੀਤੀ।

ਇਸ ਵਾਰ ਗੱਡੀ ਥੋੜ੍ਹੀ ਜਿਹੀ ਅੱਗੇ ਵਧੀ, ਪਰ ਕੁਝ ਦੂਰ ਜਾ ਕੇ ਉਲਟ ਗਈ।

ਪਿੰਟੂ ਨੂੰ ਫਿਰ ਨਿਰਾਸ਼ਾ ਹੋਈ। ਉਸ ਨੇ ਕਿਹਾ, ਇਹ ਵੀ ਨਹੀਂ ਬਣਿਆ।

ਪਰ ਇਸ ਵਾਰ ਉਸ ਨੇ ਗੱਡੀ ਸੁੱਟੀ ਨਹੀਂ। ਉਸ ਨੇ ਸੋਚਿਆ, ਜੇ ਇਹ ਥੋੜ੍ਹੀ ਦੂਰ ਚੱਲ ਸਕਦੀ ਹੈ, ਤਾਂ ਮੈਂ ਇਸ ਨੂੰ ਹੋਰ ਵਧੀਆ ਵੀ ਬਣਾ ਸਕਦਾ ਹਾਂ।

ਉਸ ਨੇ ਪਹੀਆਂ ਦਾ ਆਕਾਰ ਬਦਲਿਆ ਅਤੇ ਗੱਡੀ ਨੂੰ ਹਲਕਾ ਕੀਤਾ। ਫਿਰ ਉਸ ਨੇ ਤੀਜੀ ਵਾਰ ਕੋਸ਼ਿਸ਼ ਕੀਤੀ।

ਜਿਵੇਂ ਹੀ ਪਿੰਟੂ ਨੇ ਹਵਾ ਮਾਰੀ, ਗੱਡੀ ਤੇਜ਼ੀ ਨਾਲ ਅੱਗੇ ਦੌੜ ਪਈ। ਪਿੰਟੂ ਖੁਸ਼ੀ ਨਾਲ ਉੱਛਲ ਪਿਆ।

ਵਿਗਿਆਨ ਮੇਲੇ ਵਾਲੇ ਦਿਨ ਪਿੰਟੂ ਨੇ ਆਪਣੀ ਗੱਡੀ ਸਭ ਦੇ ਸਾਹਮਣੇ ਚਲਾਈ। ਅਧਿਆਪਕ ਨੇ ਉਸ ਦੀ ਮਿਹਨਤ ਦੀ ਸ਼ਲਾਘਾ ਕੀਤੀ।

ਪਿੰਟੂ ਨੇ ਮੁਸਕਰਾ ਕੇ ਕਿਹਾ, ਮੇਰੀ ਗੱਡੀ ਤੀਜੀ ਕੋਸ਼ਿਸ਼ ਵਿੱਚ ਚੱਲੀ, ਪਰ ਮੈਨੂੰ ਅਸਲ ਵਿੱਚ ਜਿੱਤ ਉਸ ਵੇਲੇ ਮਿਲੀ ਜਦੋਂ ਮੈਂ ਦੂਜੀ ਵਾਰ ਨਾਕਾਮ ਹੋਣ ਤੋਂ ਬਾਅਦ ਵੀ ਹਾਰ ਨਹੀਂ ਮੰਨੀ।